**ਸੂਚਨਾ**

ਸਮੂਹ ਪਾਠਕਾਂ, ਏਜੰਟ ਸਾਹਿਬਾਨ ਅਤੇ ਇਸ਼ਤਿਹਾਰੀ ਏਜੰਸੀਆਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਰੋਜ਼ਾਨਾ 'ਆਜ਼ਾਦ ਸੋਚ' ਮਾਣਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਲੋਂ ਕੋਰਟ ਨੋਟਿਸਾਂ ਨੂੰ ਪ੍ਰਕਾਸ਼ਿਤ ਕਰਨ ਲਈ ਪੰਜਾਬ ਦੇ ਨਾਲ ਨਾਲ ਹੁਣ ਹਰਿਆਣਾ ਸੂਬੇ ਦੀਆਂ ਅਦਾਲਤਾਂ ਲਈ ਵੀ ਮਾਨਤਾ ਪ੍ਰਾਪਤ ਹੋ ਚੁੱਕਿਆ ਹੈ। ਹਰਿਆਣਾ ਸੂਬੇ ਦੀਆਂ ਅਦਾਲਤਾਂ ਵਿਚੋਂ ਜਾਰੀ ਕੋਰਟ ਨੋਟਿਸ ਪ੍ਰਕਾਸ਼ਿਤ ਕਰਵਾਉਣ ਲਈ ਸਾਡੇ ਹੇਠ ਲਿਖੇ ਪ੍ਰਤੀਨਿੱਧ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

**ਰਾਕੇਸ਼ ਗੋਇਲ (ਇਸ਼ਤਿਹਾਰ ਮੈਨੇਜਰ)**
**ਮੋ: 86995-69067**

ਹਰ ਖ਼ਬਰ ਤੱਕ ਪਹੁੰਚ, ਪੜ੍ਹੋ ਰੋਜ਼ਾਨਾ ਆਜ਼ਾਦ ਸੋਚ

# ਆਜ਼ਾਦ ਸੋਚ ™

www.facebook.com/Azadsoch
www.youtube.com/AzadSoch

ਸੰਗਰੂਰ ਤੋਂ ਪ੍ਰਕਾਸ਼ਿਤ

Postal No. PB/PTA/ (055) 2023-25
R.N.I N O. 61549/92
Website :
www.azadsoch.in
Mail Us at :
azadsoach92@gmail.com
(ਕੇਵਲ ਖ਼ਬਰਾਂ ਲਈ)
azadsochadvt@gmail.com
(ਕੇਵਲ ਇਸ਼ਤਿਹਾਰਾਂ ਲਈ)

ਸਾਲ (Year) 35 | ਅੰਕ (Vol. ) 103 | ਮੁੱਲ (Rate ) 01.00 ਰੁਪਏ | Wednesday 29 April, 2026 | ਬੁੱਧਵਾਰ 29 ਅਪ੍ਰੈਲ , 2026

ਮੁੱਖ ਸੰਪਾਦਕ : ਸੁਰਿੰਦਰ ਕੁਮਾਰ 93566-05100, ਅਨਿਲ ਕੁਮਾਰ ਗਰਗ : 9317755000 ਡਾਕ ਪਤਾ : ਸਾਹਮਣੇ ਸਰਕਾਰੀ ਹਾਈ ਸਕੂਲ ਪਟਿਆਲਾ ਕੈਂਟ, ਨੇੜੇ 24 ਨੰ: ਫਾਟਕ ,ਧਾਮੋ ਮਾਜਰਾ ਰੋਡ ਪਟਿਆਲਾ


## ਯੂਰਪ ਫੇਰੀ ਨੇ ਪੰਜਾਬ ਦੇ ਕਿਸਾਨਾਂ, ਉਦਯੋਗ ਅਤੇ ਨੌਜਵਾਨਾਂ ਲਈ ਨਵੇਂ ਦਰਵਾਜ਼ੇ ਖੋਲ੍ਹੇ : ਭਗਵੰਤ ਸਿੰਘ ਮਾਨ

• ਜ਼ਾਇਕਾ ਕੰਪਨੀ ਦੇ 1300 ਕਰੋੜ ਦੇ ਨਿਵੇਸ਼ ਨਾਲ ਪੰਜਾਬ ਵਿੱਚ ਉੱਚ ਗੁਣਵੱਤਾ ਵਾਲੀ ਖੇਤੀ ਅਤੇ ਉਦਯੋਗ ਨੂੰ ਹੁਲਾਰਾ ਮਿਲੇਗਾ: ਮੁੱਖ ਮੰਤਰੀ ਭਗਵੰਤ ਸਿੰਘ ਮਾਨ • ਪੰਜਾਬ ਨੂੰ ਨਵੀਨਤਾ ਅਤੇ ਨਿਵੇਸ਼ ਕੇਂਦਰ ਵਜੋਂ ਦਰਸਾਉਣ ਕਾਰਨ ਦੁਨੀਆ ਦੇ ਮੋਹਰੀ ਕਾਰੋਬਾਰੀਆਂ ਨੇ ਨਿਵੇਸ਼ ਲਈ ਭਾਰੀ ਦਿਲਚਸਪੀ ਦਿਖਾਈ: ਮੁੱਖ ਮੰਤਰੀ ਭਗਵੰਤ ਸਿੰਘ ਮਾਨ • ਨੀਦਰਲੈਂਡ-ਫਿਨਲੈਂਡ ਫੇਰੀ ਨੇ ਪੰਜਾਬ ਵਿੱਚ ਖੋਜ ਅਤੇ ਵਿਕਾਸ ਕੇਂਦਰਾਂ, ਖੇਤੀਬਾੜੀ ਤਬਦੀਲੀ ਅਤੇ ਨੌਜਵਾਨਾਂ ਲਈ ਮੌਕਿਆਂ ਦੇ ਨਵੇਂ ਰਾਹ ਖੋਲ੍ਹਣ ਦੀ ਨੀਂਹ ਰੱਖੀ: ਮੁੱਖ ਮੰਤਰੀ ਭਗਵੰਤ ਸਿੰਘ ਮਾਨ •

**ਆਜ਼ਾਦ ਸੋਚ ਬਿਊਰੋ**
**ਚੰਡੀਗੜ੍ਹ, 28 ਅਪ੍ਰੈਲ**

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਆਪਣੇ ਨੀਦਰਲੈਂਡ-ਫਿਨਲੈਂਡ ਦੌਰੇ ਦਾ ਵਿਆਪਕ ਰਿਪੋਰਟ ਕਾਰਡ ਪੇਸ਼ ਕੀਤਾ, ਜਿਸ ਵਿੱਚ ਕਿਹਾ ਗਿਆ ਕਿ ਪੰਜਾਬ ਸਰਕਾਰ ਨੇ ਖੇਤੀਬਾੜੀ, ਉਦਯੋਗ ਅਤੇ ਨਵੀਨਤਾ ਵਿੱਚ ਵਿਸ਼ਵ ਭਰ ਤੋਂ ਮਜ਼ਬੂਤ ਸਹਿਯੋਗ ਹਾਸਲ ਕੀਤਾ ਹੈ, ਜਿਸ ਨਾਲ ਕਿਸਾਨਾਂ, ਨੌਜਵਾਨਾਂ ਅਤੇ ਸੂਬੇ ਦੀ ਆਰਥਿਕਤਾ ਨੂੰ ਸਿੱਧਾ ਲਾਭ ਹੋਵੇਗਾ।

ਜ਼ਾਇਕਾ ਕੰਪਨੀ ਦੇ 1300 ਕਰੋੜ ਰੁਪਏ ਦੇ ਨਿਵੇਸ਼, ਵਿਸ਼ਵ-ਵਿਆਪੀ ਕੰਪਨੀਆਂ ਦੀ ਦਿਲਚਸਪੀ ਅਤੇ ਕੇਉਕੇਨਹੌਫ ਤੋਂ ਫਿਨਲੈਂਡ ਤੱਕ ਉੱਨਤ ਖੇਤੀਬਾੜੀ-ਤਕਨੀਕੀ ਸਹਿਯੋਗ ਬਾਰੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਹ ਰਣਨੀਤਕ ਗੱਠਜੋੜ ਫਸਲੀ ਵਿਭਿੰਨਤਾ ਨੂੰ ਤੇਜ਼ ਕਰਨਗੇ, ਨਿਵੇਸ਼ ਨੂੰ ਆਕਰਸ਼ਿਤ ਕਰਨਗੇ ਅਤੇ ਪੰਜਾਬ ਨੂੰ ਨਵੀਨਤਾ, ਖੋਜ ਅਤੇ ਵਿਕਾਸ ਤੇ ਉੱਚ ਗੁਣਵੱਤਾ ਵਾਲੀ ਖੇਤੀ ਲਈ ਵਿਸ਼ਵ-ਵਿਆਪੀ ਕੇਂਦਰ ਵਜੋਂ ਮਜ਼ਬੂਤੀ ਨਾਲ ਸਥਾਪਤ ਕਰਨਗੇ।





ਇੱਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪਹਿਲੇ ਦਿਨ ਨੀਦਰਲੈਂਡ ਵਿੱਚ ਭਾਰਤ ਦੇ ਸਫ਼ੀਰ ਨੇ ਪੰਜਾਬ ਦੇ ਵਫ਼ਦ ਦਾ ਸਵਾਗਤ ਕੀਤਾ ਅਤੇ 19 ਅਪ੍ਰੈਲ ਨੂੰ ਵਫ਼ਦ ਨੇ ਵਿਸ਼ਵ-ਪ੍ਰਸਿੱਧ ਬਾਗਬਾਨੀ ਮਾਡਲ ਕੇਉਕੇਨਹੌਫ ਦਾ ਦੌਰਾ ਕੀਤਾ, ਜਿੱਥੇ ਰੋਜ਼ਾਨਾ 40,000 ਸੈਲਾਨੀ ਆਉਂਦੇ ਹਨ ਅਤੇ ਇਸ ਦੇ ਪ੍ਰਤੀਨਿਧੀਆਂ ਨਾਲ ਗੱਲਬਾਤ ਕੀਤੀ।"

ਮੁੱਖ ਮੰਤਰੀ ਨੇ ਅੱਗੇ ਕਿਹਾ, "ਇਸ ਦੌਰੇ ਦਾ ਮੰਤਵ ਖੇਤੀਬਾੜੀ ਖੇਤਰ ਵਿੱਚ ਭਾਈਵਾਲੀ ਦੇ ਮੌਕਿਆਂ ਦੀ ਪੜਚੋਲ ਕਰਨਾ ਸੀ ਅਤੇ ਬਾਗਬਾਨੀ ਦੇ ਵਿਕਾਸ ਲਈ ਸਹਿਯੋਗ ਬਾਰੇ ਚਰਚਾ ਕੀਤੀ ਗਈ ਅਤੇ ਪੰਜਾਬ ਤੋਂ ਗੁਲਾਬ ਦੀ ਬਰਾਮਦ ਦੀ ਸੰਭਾਵਨਾ ਦਾ ਪਤਾ ਲਾਇਆ ਗਿਆ।" ਉਨ੍ਹਾਂ ਅੱਗੇ ਕਿਹਾ, "ਜ਼ਾਇਕਾ ਵੱਲੋਂ ਕੀਤੇ ਜਾ ਰਹੇ 1300 ਕਰੋੜ ਰੁਪਏ ਦੇ ਨਿਵੇਸ਼ ਤੋਂ ਇਲਾਵਾ ਇਹ ਸਮਝੌਤਾ ਫਸਲੀ ਵਿਭਿੰਨਤਾ ਨੂੰ ਵੱਡਾ ਹੁਲਾਰਾ ਦੇਣ ਵਿੱਚ ਮੁੱਖ ਭੂਮਿਕਾ ਨਿਭਾਏਗਾ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਸ ਦੌਰੇ ਦਾ ਉਦੇਸ਼ ਉਦਯੋਗਿਕ ਨਿਵੇਸ਼ ਅਤੇ ਭਾਈਵਾਲੀ ਨੂੰ ਉਤਸ਼ਾਹਿਤ ਕਰਨਾ, ਸਿੱਖਿਆ ਅਤੇ ਖੋਜ ਅਦਾਨ-ਪ੍ਰਦਾਨ ਵਿੱਚ ਸਹਿਯੋਗ ਨੂੰ ਮਜ਼ਬੂਤ ਕਰਨਾ, ਤਕਨਾਲੋਜੀ ਦੇ ਪਰਸਪਰ ਵਟਾਂਦਰੇ 'ਤੇ ਧਿਆਨ ਕੇਂਦਰਿਤ ਕਰਨਾ ਅਤੇ ਪੰਜਾਬ ਦੇ ਸੰਪੂਰਨ ਵਿਕਾਸ ਲਈ ਯੋਜਨਾ ਬਣਾਉਣਾ ਵੀ ਸੀ।"

ਉਨ੍ਹਾਂ ਅੱਗੇ ਕਿਹਾ, "ਗੱਲਬਾਤ ਦੌਰਾਨ ਆਧੁਨਿਕ ਖੇਤੀਬਾੜੀ ਤਕਨੀਕਾਂ ਅਤੇ ਟਿਕਾਊ ਖੇਤੀ ਵਿੱਚ ਸਾਂਝੇ ਪ੍ਰਾਜੈਕਟਾਂ ਦੀ ਸੰਭਾਵਨਾ ਦੀ ਪੜਚੋਲ ਕੀਤੀ ਗਈ ਅਤੇ ਇਸ ਗੱਲ 'ਤੇ ਸਹਿਮਤੀ ਬਣੀ ਕਿ ਉੱਚ-ਮੁੱਲ ਵਾਲੀਆਂ ਫਸਲਾਂ ਅਤੇ ਗੁਣਵੱਤਾ ਭਰਪੂਰ ਬਰਾਮਦ ਉਤਪਾਦਨ ਲਈ ਸਹਿਯੋਗ ਕੀਤਾ ਜਾਵੇਗਾ। ਇਸ ਦੌਰੇ ਨੇ ਹੁਨਰ ਵਿਕਾਸ ਅਤੇ ਵਿਦਿਅਕ ਅਦਾਨ-ਪ੍ਰਦਾਨ ਦੇ ਮੌਕਿਆਂ ਦੇ ਨਾਲ-ਨਾਲ ਨਵੇਂ ਉਦਯੋਗਿਕ ਨਿਵੇਸ਼ਾਂ ਅਤੇ ਗੱਠਜੋੜਾਂ ਲਈ ਰਾਹ ਖੋਲ੍ਹੇ।" ਉਨ੍ਹਾਂ ਰਣਨੀਤਕ ਭਾਈਵਾਲੀ ਬਣਾਉਣ 'ਤੇ ਜ਼ੋਰ ਦਿੰਦੇ ਹੋਏ ਤਕਨਾਲੋਜੀ ਅਤੇ ਨਵੀਨਤਾ ਅਦਾਨ-ਪ੍ਰਦਾਨ 'ਤੇ ਵੀ ਸਮਝੌਤਾ ਕੀਤਾ। ਨੀਦਰਲੈਂਡ ਵਰਟੀਕਲ (ਲੰਬਕਾਰੀ) ਖੇਤੀਬਾੜੀ ਲਈ ਮਸ਼ਹੂਰ ਹੈ, ਜਿਸ ਨੂੰ ਪੰਜਾਬ ਵਿੱਚ ਦੁਹਰਾਇਆ ਜਾ ਸਕਦਾ ਹੈ।

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "20 ਅਪ੍ਰੈਲ ਨੂੰ ਵਫ਼ਦ ਨੇ ਵਿਸ਼ਵ ਬਾਗਬਾਨੀ ਕੇਂਦਰ ਦਾ ਦੌਰਾ ਕੀਤਾ ਅਤੇ ਨੀਦਰਲੈਂਡਜ਼ ਇੰਡੀਆ ਚੈਂਬਰ ਆਫ਼ ਕਾਮਰਸ ਐਂਡ ਟਰੇਡ ਦੇ ਨੁਮਾਇੰਦਿਆਂ ਨਾਲ ਮੁਲਾਕਾਤ ਕੀਤੀ ਅਤੇ ਪੰਜਾਬੀ ਭਾਈਚਾਰੇ ਨਾਲ ਗੱਲਬਾਤ ਕੀਤੀ।" ਉਨ੍ਹਾਂ ਦੱਸਿਆ ਕਿ ਵਫ਼ਦ ਨੂੰ ਦੱਸਿਆ ਗਿਆ ਕਿ ਸਾਡੇ ਵਾਂਗ ਖੁੱਲ੍ਹੇ ਵਿੱਚ ਖੇਤੀ ਕਰਨ ਨਾਲ ਇਕ ਵਰਗ ਮੀਟਰ ਵਿੱਚ ਛੇ ਕਿਲੋ ਟਮਾਟਰ ਪੈਦਾ ਹੁੰਦੇ ਹਨ, ਜਦੋਂ ਕਿ ਉੱਥੇ ਪੌਲੀ ਹਾਊਸ ਵਿੱਚ ਇਕ ਵਰਗ ਮੀਟਰ ਵਿੱਚ ਟਮਾਟਰ ਦਾ ਉਤਪਾਦਨ 100 ਕਿਲੋ ਹੈ।

ਉਨ੍ਹਾਂ ਅੱਗੇ ਕਿਹਾ, "ਵਫ਼ਦ ਨੇ ਵਿਦੇਸ਼ੀ ਨਿਵੇਸ਼ ਅਤੇ ਵਿਸ਼ਵ-ਵਿਆਪੀ ਭਾਈਵਾਲੀ ਨੂੰ ਉਤਸ਼ਾਹਿਤ ਕਰਨ ਅਤੇ ਸੈਮੀਕੰਡਕਟਰ, ਇਲੈਕਟ੍ਰਾਨਿਕਸ ਅਤੇ ਨਵੀਨਤਾ ਖੇਤਰਾਂ ਵਿੱਚ ਮੌਕਿਆਂ ਦੀ ਪੜਚੋਲ ਕਰਨ ਦੇ ਉਦੇਸ਼ ਨਾਲ ਨਿਵੇਸ਼ ਰੋਡ ਸ਼ੋਅ ਵੀ ਕੀਤਾ।" ਉਨ੍ਹਾਂ ਕਿਹਾ, "ਆਧੁਨਿਕ ਖੇਤੀਬਾੜੀ ਤਕਨਾਲੋਜੀ ਅਤੇ ਬਾਗਬਾਨੀ ਮਾਡਲਾਂ ਨੂੰ ਅਪਣਾਉਣ, ਸਟਾਰਟ-ਅੱਪਸ, ਖੋਜ ਤੇ ਹੁਨਰ ਵਿਕਾਸ ਨੂੰ ਉਤਸ਼ਾਹਿਤ ਕਰਨ ਅਤੇ ਪੰਜਾਬ ਨੂੰ ਵਿਸ਼ਵ-ਵਿਆਪੀ ਨਿਵੇਸ਼ ਅਤੇ ਤਕਨੀਕੀ ਕੇਂਦਰ ਵਜੋਂ ਸਥਾਪਤ ਕਰਨ 'ਤੇ ਧਿਆਨ ਕੇਂਦਰਿਤ ਕੀਤਾ ਗਿਆ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਸਰਕਾਰ ਦੇ ਯਤਨਾਂ ਨੇ ਲੋੜੀਂਦੇ ਨਤੀਜੇ ਦਿੱਤੇ ਕਿਉਂਕਿ ਮੋਹਾਲੀ ਵਿੱਚ ਇਕ ਖੋਜ ਅਤੇ ਵਿਕਾਸ ਕੇਂਦਰ ਤੇ ਨਵੀਨਤਾ ਹੱਬ ਦਾ ਪ੍ਰਸਤਾਵ ਪੇਸ਼ ਕੀਤਾ ਗਿਆ ਸੀ।" ਉਨ੍ਹਾਂ ਅੱਗੇ ਕਿਹਾ, "ਪੰਜਾਬ ਵਿੱਚ ਇਕ ਬਾਗਬਾਨੀ ਅਨੁਭਵ ਅਤੇ ਸਿਖਲਾਈ ਕੇਂਦਰ ਸਥਾਪਤ ਕਰਨ ਦੀ ਯੋਜਨਾ ਨੂੰ ਵੀ ਪ੍ਰਵਾਨਗੀ ਦੇ ਦਿੱਤੀ ਗਈ ਹੈ, ਨਾਲ ਹੀ ਕਿਹਾ ਕਿ ਪਰਵਾਸੀ ਪੰਜਾਬੀ ਬੇਅਦਬੀ ਵਿਰੋਧੀ ਕਾਨੂੰਨ ਬਣਾਉਣ ਅਤੇ ਪਹਿਲੀ ਵਾਰ ਕਿਸੇ ਪੰਜਾਬੀ ਵਫ਼ਦ ਵੱਲੋਂ ਨੀਦਰਲੈਂਡ ਦਾ ਦੌਰਾ ਕਰਨ ਨਾਲ ਬਹੁਤ ਖ਼ੁਸ਼ ਹਨ।"

ਉਨ੍ਹਾਂ ਅੱਗੇ ਕਿਹਾ, "ਵਿਦੇਸ਼ੀ ਕੰਪਨੀਆਂ ਸੂਬੇ ਵਿੱਚ ਨਿਵੇਸ਼ ਅਤੇ ਗੱਠਜੋੜ ਲਈ ਮਜ਼ਬੂਤ ਦਿਲਚਸਪੀ ਦਿਖਾ ਰਹੀਆਂ ਹਨ, ਜੋ ਤਕਨਾਲੋਜੀ ਟਰਾਂਸਫਰ, ਖੋਜ ਅਤੇ ਸਟਾਰਟ-ਅੱਪਸ ਵਿੱਚ ਸਹਿਯੋਗ ਲਈ ਨਵੇਂ ਮੌਕੇ ਖੋਲ੍ਹੇਗਾ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਹ ਫਸਲੀ ਵਿਭਿੰਨਤਾ ਅਤੇ ਉੱਚ-ਤਕਨੀਕੀ ਖੇਤੀ ਨੂੰ ਵੀ ਉਤਸ਼ਾਹਿਤ ਕਰੇਗਾ, ਜਿਸ ਨਾਲ ਪੰਜਾਬ ਦਾ ਅਕਸ ਇਕ ਵਿਸ਼ਵ-ਵਿਆਪੀ, ਨਵੀਨਤਾ-ਆਧਾਰਤ ਅਤੇ ਨਿਵੇਸ਼ਕ-ਅਨੁਕੂਲ ਰਾਜ ਵਜੋਂ ਮਜ਼ਬੂਤ ਹੋਵੇਗੀ।"

ਉਨ੍ਹਾਂ ਅੱਗੇ ਕਿਹਾ, "20 ਅਪ੍ਰੈਲ ਨੂੰ ਮੈਂ ਮਹਾਨ ਡੱਚ ਹਾਕੀ ਖਿਡਾਰੀ ਫਲੋਰਿਸ ਜਾਨ ਬੋਵਲੈਂਡਰ ਨੂੰ ਮਿਲਿਆ ਅਤੇ ਪੰਜਾਬ ਵਿੱਚ ਹਾਕੀ ਤੇ ਖੇਡਾਂ ਨੂੰ ਉਤਸ਼ਾਹਿਤ ਕਰਨ ਬਾਰੇ ਚਰਚਾ ਕੀਤੀ ਅਤੇ ਕਿਹਾ ਕਿ ਉਹ ਜਲਦੀ ਹਾਕੀ ਨੂੰ ਵੱਡਾ ਹੁਲਾਰਾ ਦੇਣ ਲਈ ਪੰਜਾਬ ਦਾ ਦੌਰਾ ਕਰਨਗੇ।" ਉਨ੍ਹਾਂ ਕਿਹਾ, "ਬੋਵਲੈਂਡਰ ਨੂੰ ਪੰਜਾਬ ਆਉਣ ਦਾ ਸੱਦਾ ਦਿੱਤਾ ਗਿਆ ਸੀ ਅਤੇ ਉਨ੍ਹਾਂ ਨੂੰ ਦੱਸਿਆ ਗਿਆ ਕਿ ਪੰਜਾਬ ਪਹਿਲੀ ਵਾਰ ਏਸ਼ੀਅਨ ਚੈਂਪੀਅਨਜ਼ ਟਰਾਫ਼ੀ ਦੀ ਮੇਜ਼ਬਾਨੀ ਕਰੇਗਾ ਅਤੇ ਇਹ ਸੂਬੇ ਅਤੇ ਹਾਕੀ ਲਈ ਵੱਡਾ ਹੁਲਾਰਾ ਹੋਵੇਗਾ।"

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਇਸ ਦੌਰੇ ਨੂੰ ਜਾਰੀ ਰੱਖਦਿਆਂ 21 ਅਪ੍ਰੈਲ ਨੂੰ ਵਫਦ ਨੇ ਐਨ.ਐਕਸ.ਪੀ. ਸੈਮੀਕੰਡਕਟਰ, ਆਲਸਮੀਰ ਫਲਾਵਰ ਆਕਸਨ ਦਾ ਦੌਰਾ ਕੀਤਾ ਅਤੇ ਐਲ.ਟੀ. ਫੂਡਜ ਦੇ ਪ੍ਰਤੀਨਿਧੀਆਂ ਨਾਲ ਮੁਲਾਕਾਤ ਕੀਤੀ ਅਤੇ ਖੇਤੀਬਾੜੀ, ਮੱਛੀ ਪਾਲਣ, ਫੂਡ ਸਕਿਊਰਟੀਜ਼ ਅਤੇ ਨੇਚਰ ਮੰਤਰਾਲੇ ਨਾਲ ਗੱਲਬਾਤ ਕੀਤੀ।"

ਉਨ੍ਹਾਂ ਅੱਗੇ ਕਿਹਾ, "ਇਹ ਚਰਚਾ ਵਪਾਰ ਅਤੇ ਨਿਵੇਸ ਦੇ ਮੌਕਿਆਂ ਨੂੰ ਵਧਾਉਣ, ਗਲੋਬਲ ਸਪਲਾਈ ਚੇਨਾਂ ਵਿੱਚ ਭਾਈਵਾਲੀ ਨੂੰ ਮਜਬੂਤ ਕਰਨ, ਖੇਤੀਬਾੜੀ ਅਤੇ ਫੁੱਲਾਂ ਦੀ ਖੇਤੀ ਵਿੱਚ ਵਿਸਵ ਪੱਧਰੀ ਮਾਡਲਾਂ ਨੂੰ ਅਪਣਾਉਣ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਦੇ ਨਾਲ-ਨਾਲ ਨੌਜਵਾਨਾਂ ਲਈ ਨਵੇਂ ਮੌਕੇ ਪੈਦਾ ਕਰਨ 'ਤੇ ਅਧਾਰਤ ਸੀ।"

ਉਨ੍ਹਾਂ ਕਿਹਾ, "ਨਿਵੇਸਾਂ ਅਤੇ ਤਾਲਮੇਲ ਲਈ ਇਨ੍ਹਾਂ ਨਵੀਆਂ ਸੰਭਾਵਨਾਵਾਂ ਦੀ ਖੋਜ ਤੋਂ ਬਾਅਦ ਪੰਜਾਬ ਨੂੰ ਗਲੋਬਲ ਸਪਲਾਈ ਚੇਨਾਂ ਨਾਲ ਜੋੜਨ ਵੱਲ ਮਹੱਤਵਪੂਰਨ ਕਦਮ ਚੁੱਕੇ ਗਏ, ਫੁੱਲਾਂ ਦੀ ਖੇਤੀ ਅਤੇ ਆਧੁਨਿਕ ਖੇਤੀਬਾੜੀ ਮਾਡਲਾਂ ਬਾਰੇ ਜਾਣਕਾਰੀ ਲਈ ਗਈ, ਖੇਤੀਬਾੜੀ ਵਿੱਚ ਨਵੀਨਤਾ ਅਤੇ ਤਕਨਾਲੋਜੀ ਲਈ ਗੱਲਬਾਤ ਕੀਤੀ ਗਈ ਅਤੇ ਕਿਸਾਨਾਂ ਦੀ ਆਮਦਨ ਵਧਾਉਣ ਅਤੇ ਆਰਥਿਕਤਾ ਨੂੰ ਮਜਬੂਤ ਕਰਨ ਦੇ ਰਾਹ ਪੱਧਰੇ ਕੀਤੇ ਗਏ।"

## ਸਰਕਾਰੀ ਏਜੰਸੀਆਂ ਵੱਲੋਂ ਕੀਤੀ ਕਣਕ ਦੀ ਖਰੀਦ ਦਾ ਅੰਕੜਾ ਮਹਿਜ਼ ਦੋ ਹਫ਼ਤਿਆਂ ਵਿੱਚ 100 ਲੱਖ ਮੀਟਰਿਕ ਟਨ ਤੋਂ ਹੋਇਆ ਪਾਰ

**ਆਜ਼ਾਦ ਸੋਚ ਬਿਊਰੋ**
**ਚੰਡੀਗੜ੍ਹ, 28 ਅਪ੍ਰੈਲ**

ਵੱਡਾ ਮੀਲ ਪੱਥਰ ਸਥਾਪਿਤ ਕਰਦਿਆਂ ਸਰਕਾਰੀ ਏਜੰਸੀਆਂ ਵੱਲੋਂ ਕੀਤੀ ਗਈ ਕਣਕ ਦੀ ਖਰੀਦ ਮਹਿਜ਼ ਦੋ ਹਫ਼ਤਿਆਂ ਵਿੱਚ ਅੱਜ 100 ਲੱਖ ਮੀਟਰਿਕ ਟਨ (ਐਲਐਮਟੀ) ਨੂੰ ਪਾਰ ਕਰ ਗਈ ਹੈ। ਕਣਕ ਦੀ ਆਮਦ ਨੇ 14 ਅਪ੍ਰੈਲ ਤੋਂ ਰਫ਼ਤਾਰ ਫੜੀ ਸੀ ਅਤੇ ਹੁਣ ਤੱਕ, ਭਾਵ 2 ਹਫ਼ਤਿਆਂ ਦੌਰਾਨ, ਸਰਕਾਰੀ ਏਜੰਸੀਆਂ ਵੱਲੋਂ ਪਹਿਲਾਂ ਹੀ 103.4 ਲੱਖ ਮੀਟਰਿਕ ਟਨ ਕਣਕ ਖਰੀਦੀ ਜਾ ਚੁੱਕੀ ਹੈ।



ਹੁਣ ਤੱਕ ਕੁੱਲ 107.26 ਲੱਖ ਮੀਟਰਿਕ ਟਨ ਕਣਕ ਦੀ ਆਮਦ ਹੋਈ ਜਿਸ ਵਿੱਚੋਂ 104.29 ਲੱਖ ਮੀਟਰਿਕ ਟਨ ਕਣਕ ਦੀ ਖਰੀਦੀ ਕੀਤੀ ਜਾ ਚੁੱਕੀ ਹੈ।

• ਕਿਸਾਨਾਂ ਦੇ ਖਾਤਿਆਂ ਵਿੱਚ 22000 ਕਰੋੜ ਰੁਪਏ ਤੋਂ ਵੱਧ ਦੀ ਐਮਐਸਪੀ ਦਾ ਕੀਤਾ ਭੁਗਤਾਨ • ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲੇ ਮੰਤਰੀ ਲਾਲ ਚੰਦ ਕਟਾਰੂਚੱਕ ਖਰੀਦ ਕਾਰਜਾਂ ਦਾ ਜਾਇਜ਼ਾ ਲੈਣ ਲਈ ਮੰਡੀਆਂ ਦਾ ਨਿੱਜੀ ਤੌਰ 'ਤੇ ਕਰ ਰਹੇ ਹਨ ਦੌਰਾ

ਖਰੀਦੀ ਗਈ ਕਣਕ ਵਿੱਚੋਂ, ਵੱਖ-ਵੱਖ ਸਰਕਾਰੀ ਏਜੰਸੀਆਂ ਵੱਲੋਂ 103.4 ਲੱਖ ਮੀਟਰਕ ਟਨ ਕਣਕ ਜਦੋਂ ਕਿ ਵਪਾਰੀਆਂ ਵੱਲੋਂ 90434 ਮੀਟਰਕ ਟਨ ਕਣਕ ਖਰੀਦੀ ਗਈ ਹੈ।

ਜ਼ਿਕਰਯੋਗ ਹੈ ਕਿ ਵਿਭਾਗ ਨੇ ਇਹ ਰਿਕਾਰਡ ਤੋੜ ਮੀਲ ਪੱਥਰ ਸਿਰਫ਼ ਦੋ ਹਫ਼ਤਿਆਂ ਦੇ ਸਮੇਂ ਵਿੱਚ ਹਾਸਿਲ ਕੀਤਾ ਗਿਆ ਹੈ।

ਸਰਕਾਰੀ ਏਜੰਸੀਆਂ ਵਿੱਚੋਂ, ਪਨਸਪ ਵੱਲੋਂ 23.99 ਲੱਖ ਮੀਟਰਕ ਟਨ, ਮਾਰਕਫੈੱਡ ਵੱਲੋਂ 26.98 ਲੱਖ ਮੀਟਰਕ ਟਨ, ਪਨਗ੍ਰੇਨ (ਡੀਸੀਪੀ) ਵੱਲੋਂ 7.55 ਲੱਖ ਮੀਟਰਕ ਟਨ, ਐਫਸੀਆਈ ਵੱਲੋਂ 2 ਲੱਖ ਮੀਟਰਕ ਟਨ, ਪਨਗ੍ਰੇਨ (ਨਾਨ ਡੀਸੀਪੀ) ਵੱਲੋਂ 25.95 ਲੱਖ ਮੀਟਰਕ ਟਨ ਅਤੇ ਪੀਐਸਡਬਲਯੂਸੀ ਵੱਲੋਂ 16.90 ਲੱਖ ਮੀਟਰਕ ਟਨ ਕਣਕ ਖਰੀਦੀ ਗਈ ਹੈ।

ਇਸ ਸਬੰਧੀ ਵਿਭਾਗ ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਖੁਰਾਕ, ਸਿਵਲ ਸਪਲਾਈ ਅਤੇ ਖਪਤਕਾਰ ਮਾਮਲਿਆਂ ਬਾਰੇ ਮੰਤਰੀ ਸ੍ਰੀ ਲਾਲ ਚੰਦ ਕਟਾਰੂਚੱਕ ਨੇ ਅੱਜ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਕਿਸਾਨ ਭਾਈਚਾਰੇ ਵੱਲੋਂ ਖੂਨ-ਪਸੀਨੇ ਨਾਲ ਪੈਦਾ ਕੀਤੇ ਗਏ ਅਨਾਜ ਦੇ ਇੱਕ-ਇੱਕ ਦਾਣੇ ਦੀ ਖਰੀਦ ਲਈ ਪੂਰੀ ਤਰ੍ਹਾਂ ਵਚਨਬੱਧ ਹੈ।

ਮੰਤਰੀ ਨੇ ਕਿਹਾ ਕਿ ਉਨ੍ਹਾਂ ਨੇ ਖਰੀਦ ਕਾਰਜਾਂ ਦਾ ਜਾਇਜ਼ਾ ਲੈਣ ਲਈ ਸੂਬੇ ਭਰ ਦੀਆਂ ਮੰਡੀਆਂ ਦਾ ਨਿੱਜੀ ਤੌਰ 'ਤੇ ਦੌਰਾ ਕੀਤਾ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਨਿਰਵਿਘਨ ਖਰੀਦ ਸੀਜ਼ਨ ਨੂੰ ਯਕੀਨੀ ਬਣਾਉਣ ਲਈ ਕੋਈ ਕਸਰ ਬਾਕੀ ਨਾ ਛੱਡੀ ਜਾਵੇ। ਉਨ੍ਹਾਂ ਨੇ ਮੁਕੰਮਲ ਖਰੀਦ ਪ੍ਰਕਿਰਿਆ ਦਾ ਜਾਇਜ਼ਾ ਲੈਣ ਅਤੇ ਸਾਰੇ ਭਾਈਵਾਲਾਂ ਜਿਵੇਂ ਕਿ ਕਿਸਾਨਾਂ, ਆੜ੍ਹਤੀਆਂ ਅਤੇ ਮਜ਼ਦੂਰਾਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਕਰਨ ਤੋਂ ਇਲਾਵਾ ਉਨ੍ਹਾਂ ਦੇ ਸੁਝਾਅ ਲੈਣ ਲਈ ਉਨ੍ਹਾਂ ਨਾਲ ਵੀ ਗੱਲਬਾਤ ਵੀ ਕੀਤੀ ਹੈ।

ਭੁਗਤਾਨ ਦੇ ਸਬੰਧ ਵਿੱਚ, ਹੁਣ ਤੱਕ 24000 ਕਰੋੜ ਰੁਪਏ ਤੋਂ ਵੱਧ ਦੇ ਘੱਟੋ-ਘੱਟ ਸਮਰਥਨ ਮੁੱਲ ਨੂੰ ਮਨਜ਼ੂਰੀ ਦਿੱਤੀ ਗਈ ਹੈ ਜਿਸ ਵਿੱਚੋਂ 22000 ਕਰੋੜ ਰੁਪਏ ਪਹਿਲਾਂ ਹੀ ਕਿਸਾਨਾਂ ਦੇ ਖਾਤਿਆਂ ਵਿੱਚ ਟਰਾਂਸਫ਼ਰ ਕਰ ਦਿੱਤੇ ਗਏ ਹਨ, ਜਦੋਂ ਕਿ ਬਾਕੀ ਭੁਗਤਾਨ ਪ੍ਰਕਿਰਿਆ ਅਧੀਨ ਹੈ ਅਤੇ ਖਰੀਦ ਦੇ 48 ਘੰਟਿਆਂ ਵਿੱਚ ਹੀ 101 ਫੀਸਦੀ ਭੁਗਤਾਨ ਕੀਤਾ ਗਿਆ ਹੈ।

ਜ਼ਿਕਰਯੋਗ ਹੈ ਕਿ ਖਰੀਦ ਸੀਜ਼ਨ ਨੂੰ ਸਫਲ ਬਣਾਉਣ ਦੇ ਯਤਨਾਂ ਦੇ ਹਿੱਸੇ ਵਜੋਂ, 1897 ਖਰੀਦ ਕੇਂਦਰਾਂ ਅਤੇ ਲਗਭਗ 986 ਅਸਥਾਈ ਯਾਰਡਾਂ ਨੂੰ ਕਾਰਜਸ਼ੀਲ ਕਰਨ ਵਰਗੇ ਪੁਖਤਾ ਪ੍ਰਬੰਧ ਕੀਤੇ ਗਏ ਹਨ।

## ਭਗਵੰਤ ਮਾਨ ਸਰਕਾਰ ਕਿਰਤੀ ਵਰਗ ਦੇ ਸਨਮਾਨ ਵਿੱਚ 1 ਮਈ ਨੂੰ ਵਿਧਾਨ ਸਭਾ ਦਾ ਵਿਸ਼ੇਸ਼ ਇਜਲਾਸ ਬੁਲਾਏਗੀ: ਮੁੱਖ ਮੰਤਰੀ

**ਆਜ਼ਾਦ ਸੋਚ ਬਿਊਰੋ**
**ਚੰਡੀਗੜ੍ਹ, 28 ਅਪ੍ਰੈਲ**

ਸੂਬੇ ਦੇ ਕਿਰਤੀ ਵਰਗ ਦੇ ਸਤਿਕਾਰ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਮੰਤਰੀ ਮੰਡਲ ਨੇ ਇਕ ਮਈ ਨੂੰ ਪੰਜਾਬ ਵਿਧਾਨ ਸਭਾ ਦਾ ਵਿਸੇਸ ਇਜਲਾਸ ਸੱਦਣ ਦੀ ਪ੍ਰਵਾਨਗੀ ਦੇ ਦਿੱਤੀ। ਇਸ ਸਬੰਧੀ ਫੈਸਲਾ ਅੱਜ ਇੱਥੇ ਮੁੱਖ ਮੰਤਰੀ ਦੀ ਪ੍ਰਧਾਨਗੀ ਹੇਠ ਹੋਈ ਮੰਤਰੀ ਮੰਡਲ ਦੀ ਮੀਟਿੰਗ ਦੌਰਾਨ ਲਿਆ ਗਿਆ।



ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' ਤੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹਾ, "ਪੰਜਾਬ ਕੈਬਨਿਟ ਵੱਲੋਂ ਲਏ ਗਏ ਮਹੱਤਵਪੂਰਨ ਫੈਸਲੇ ਵਿੱਚ ਇਕ ਮਈ ਨੂੰ ਮਜਦੂਰ ਦਿਵਸ ਦੇ ਮੌਕੇ 'ਤੇ ਵਿਧਾਨ ਸਭਾ ਦਾ ਵਿਸੇਸ ਸੈਸਨ ਬੁਲਾਉਣ ਦਾ ਫੈਸਲਾ ਕੀਤਾ ਗਿਆ ਹੈ। ਇਹ ਇੱਕ ਰੋਜਾ ਸੈਸਨ ਦੇਸ ਦੇ ਸਮਾਜਿਕ ਤੇ ਆਰਥਿਕ ਵਿਕਾਸ ਵਿੱਚ ਮਹੱਤਵਪੂਰਨ ਯੋਗਦਾਨ ਪਾਉਣ ਵਾਲੇ ਮਿਹਨਤਕਸ਼ ਕਿਰਤੀਆਂ ਅਤੇ ਕਾਰੀਗਰਾਂ ਨੂੰ ਸਮਰਪਿਤ ਹੋਵੇਗਾ।"

ਉਨ੍ਹਾਂ ਅੱਗੇ ਲਿਖਿਆ, "ਇਸ ਇਤਿਹਾਸਕ ਪਹਿਲਕਦਮੀ ਦੇ ਹਿੱਸੇ ਵਜੋਂ ਮਜਦੂਰ ਯੂਨੀਅਨਾਂ ਦੇ ਨੁਮਾਇੰਦਿਆਂ ਨੂੰ ਵਿਸੇਸ ਮਹਿਮਾਨਾਂ ਵਜੋਂ ਸਦਨ ਵਿੱਚ ਸੱਦਾ ਦਿੱਤਾ ਜਾਵੇਗਾ। ਇਸ ਸੈਸਨ ਵਿੱਚ ਮਜਦੂਰ ਵਰਗ 'ਤੇ ਮਨਰੇਗਾ ਸਕੀਮ ਵਿੱਚ ਤਬਦੀਲੀਆਂ ਦੇ ਪ੍ਰਭਾਵ ਦੇ ਨਾਲ-ਨਾਲ ਉਨ੍ਹਾਂ ਨੂੰ ਪ੍ਰਭਾਵਿਤ ਕਰਨ ਵਾਲੀਆਂ ਰਾਸਟਰੀ ਅਤੇ ਅੰਤਰਰਾਸਟਰੀ ਚੁਣੌਤੀਆਂ 'ਤੇ ਗੰਭੀਰ ਚਰਚਾ ਵੀ ਹੋਵੇਗੀ।"

ਉਨ੍ਹਾਂ ਅੱਗੇ ਕਿਹਾ, "ਸੈਸਨ ਦੌਰਾਨ ਵਿਧਾਨ ਸਭਾ ਦੀ ਬਿਜ਼ਨਸ ਐਡਵਾਈਜ਼ਰੀ ਕਮੇਟੀ ਦੁਆਰਾ ਨਿਰਧਾਰਤ ਹੋਰ ਜਰੂਰੀ ਵਿਧਾਨਕ ਕੰਮਕਾਜ ਸਥਾਪਤ ਪ੍ਰਕਿਰਿਆਵਾਂ ਦੇ ਅਨੁਸਾਰ ਕੀਤਾ ਜਾਵੇਗਾ ਅਤੇ ਇਹ ਯਕੀਨੀ ਬਣਾਇਆ ਜਾਵੇਗਾ ਕਿ ਸੂਬੇ ਦੇ ਵਿਕਾਸ ਅਤੇ ਲੋਕਤੰਤਰ ਦੀ ਮਜਬੂਤੀ ਲਈ ਹੀ ਜਰੂਰੀ ਮਹੱਤਵਪੂਰਨ ਫੈਸਲੇ ਲਏ ਜਾਣ।"

ਅੱਜ ਇਸ ਦਾ ਖੁਲਾਸਾ ਕਰਦੇ ਹੋਏ ਮੁੱਖ ਮੰਤਰੀ ਦਫਤਰ ਨੇ ਕਿਹਾ ਕਿ ਇੱਕ ਰੋਜਾ ਸੈਸਨ ਦੇਸ ਦੇ ਸਮਾਜਿਕ-ਆਰਥਿਕ ਵਿਕਾਸ ਵਿੱਚ ਕਿਰਤੀ ਵਰਗ ਦੇ ਅਥਾਹ ਯੋਗਦਾਨ ਨੂੰ ਯਾਦ ਕਰੇਗਾ। ਉਨ੍ਹਾਂ ਅੱਗੇ ਕਿਹਾ,"ਇਹ ਵੀ ਫੈਸਲਾ ਕੀਤਾ ਗਿਆ ਕਿ ਮਜਦੂਰ ਯੂਨੀਅਨਾਂ ਦੇ ਨੁਮਾਇੰਦਿਆਂ ਨੂੰ ਵੀ ਸਦਨ ਵਿੱਚ ਵਿਸੇਸ ਮਹਿਮਾਨਾਂ ਵਜੋਂ ਸੈਸਨ ਵਿੱਚ ਸੱਦਾ ਦਿੱਤਾ ਜਾਵੇਗਾ। ਸੈਸਨ ਵਿੱਚ ਮਨਰੇਗਾ ਸਕੀਮ ਨੂੰ ਬਦਲ ਕੇ ਜੀ-ਰਾਮ-ਜੀ ਸਕੀਮ ਲਾਗੂ ਕਰਨ ਨਾਲ ਮਜਦੂਰ ਵਰਗ 'ਤੇ ਪਏ ਨਾਕਾਰਤਮਕ ਪ੍ਰਭਾਵਾਂ 'ਤੇ ਵੀ ਚਰਚਾ ਕੀਤੀ ਜਾਵੇਗੀ।"

ਇਸ ਤੋਂ ਇਲਾਵਾ ਸੈਸਨ ਵਿੱਚ ਰਾਸਟਰੀ ਅਤੇ ਅੰਤਰਰਾਸਟਰੀ ਪੱਧਰ 'ਤੇ ਵਿਕਾਸ ਦੇ ਮੱਦੇਨਜਰ ਮਜਦੂਰ ਵਰਗ ਨੂੰ ਦਰਪੇਸ ਚੁਣੌਤੀਆਂ 'ਤੇ ਵੀ ਚਰਚਾ ਕੀਤੀ ਜਾਵੇਗੀ। ਮਿਆਰੀ ਪ੍ਰਕਿਰਿਆ ਅਨੁਸਾਰ ਵਿਧਾਨਕ ਕੰਮਾਂ ਨੂੰ ਵਿਧਾਨ ਸਭਾ ਦੀ ਬਿਜ਼ਨਸ ਐਡਵਾਈਜਰੀ ਕਮੇਟੀ ਦੁਆਰਾ ਅੰਤਿਮ ਰੂਪ ਦਿੱਤਾ ਜਾਵੇਗਾ। ਇਹ ਵਿਸੇਸ ਸੈਸਨ ਮਜਦੂਰ ਵਰਗ ਦੇ ਉਨ੍ਹਾਂ ਲੱਖਾਂ ਲੋਕਾਂ ਨੂੰ ਸਮਰਪਿਤ ਹੋਵੇਗਾ, ਜਿਨ੍ਹਾਂ ਨੇ ਦੇਸ ਨੂੰ ਸਫਲ ਅਤੇ ਮਜ਼ਬੂਤ ਲੋਕਤੰਤਰ ਵਿੱਚ ਬਦਲਣ ਵਿੱਚ ਮਦਦ ਕੀਤੀ ਹੈ।

## ਮਿਲਕਫੈੱਡ ਪੰਜਾਬ ਵੱਲੋਂ ਦੁੱਧ ਦੀ ਖਰੀਦ ਕੀਮਤ ਵਿੱਚ ਵਾਧਾ

**ਆਜ਼ਾਦ ਸੋਚ ਬਿਊਰੋ/ਚੰਡੀਗੜ੍ਹ, 28 ਅਪ੍ਰੈਲ**

ਪੰਜਾਬ ਸਰਕਾਰ ਅਤੇ ਮਿਲਕਫੈੱਡ ਪੰਜਾਬ ਵੱਲੋਂ ਮਾਨਯੋਗ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ, ਮਿਲਕਫੈੱਡ ਪੰਜਾਬ (ਬ੍ਰਾਂਡ ਵੇਰਕਾ) ਨਾਲ ਜੁੜੇ ਕਿਸਾਨਾਂ ਲਈ ਦੁੱਧ ਦੀ ਖਰੀਦ ਕੀਮਤ ਵਿੱਚ 01.05.2026 ਤੋਂ ਵਾਧਾ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਨਾਲ ਦੁੱਧ ਦੀ ਖਰੀਦ ਕੀਮਤ ਵਿੱਚ 20 ਰੁਪਏ ਪ੍ਰਤੀ ਕਿਲੋਗ੍ਰਾਮ ਫੈਟ ਦਾ ਵਾਧਾ ਹੋਵੇਗਾ। ਇਸ ਫੈਸਲੇ ਦਾ ਉਦੇਸ਼ ਡੇਅਰੀ ਕਿਸਾਨਾਂ ਲਈ ਬਿਹਤਰ ਆਮਦਨ ਯਕੀਨੀ ਬਣਾਉਣਾ, ਪੇਂਡੂ ਆਰਥਿਕਤਾ ਨੂੰ ਮਜ਼ਬੂਤ ??ਕਰਨਾ ਅਤੇ ਸੂਬੇ ਵਿੱਚ ਸਹਿਕਾਰੀ ਡੇਅਰੀ ਢਾਂਚੇ ਨੂੰ ਮਜ਼ਬੂਤ ??ਕਰਨਾ ਹੈ। ਮਿਲਕਫੈੱਡ ਦੇ ਸੂਤਰਾਂ ਮੁਤਾਬਕ ਮੁੱਖ ਮੰਤਰੀ ਦੇ ਨਿਰਦੇਸ਼ਾਂ ਅਨੁਸਾਰ, ਮਿਲਕਫੈੱਡ ਵੱਲੋਂ ਇਹ ਕਦਮ ਕਿਸਾਨਾਂ ਅਤੇ ਡੇਅਰੀ ਉਤਪਾਦਕਾਂ ਦੇ ਹਿੱਤਾਂ ਦੀ ਰਾਖੀ ਲਈ ਚੁੱਕਿਆ ਗਿਆ ਹੈ ਜੋ ਪੰਜਾਬ ਦੀ ਪੇਂਡੂ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹਨ। ਸਰਕਾਰੀ ਸੂਤਰਾਂ ਨੇ ਦੱਸਿਆ ਕਿ 2.5 ਲੱਖ ਡੇਅਰੀ ਕਿਸਾਨ ਜੋ ਮਿਲਕਫੈੱਡ ਪਰਿਵਾਰ ਦਾ ਹਿੱਸਾ ਹਨ, ਨੂੰ ਤੁਰੰਤ ਵਧਾਈ ਗਈ ਕੀਮਤ ਦਾ ਲਾਭ ਮਿਲੇਗਾ। ਇਸ ਵਾਧੇ ਨਾਲ ਡੇਅਰੀ ਫਾਰਮਿੰਗ ਦੀ ਆਮਦਨ ਵਿੱਚ ਸੁਧਾਰ ਹੋਵੇਗਾ ਜਿਸ ਨਾਲ ਪੰਜਾਬ ਦੇ ਲਗਭਗ 30 ਲੱਖ ਦੁੱਧ ਉਤਪਾਦਕਾਂ ਨੂੰ ਲਾਭ ਹੋਵੇਗਾ ਕਿਉਂਕਿ ਕਿਸਾਨਾਂ ਤੋਂ ਦੁੱਧ ਖ਼ਰੀਦਣ ਵਾਲੀਆਂ ਹੋਰ ਸਾਰੀਆਂ ਕੰਪਨੀਆਂ ਅਤੇ ਸੰਸਥਾਵਾਂ ਨੂੰ ਵੀ ਆਪਣੀਆਂ ਖਰੀਦ ਕੀਮਤਾਂ ਵਿੱਚ ਵਾਧਾ ਕਰਨਾ ਪਵੇਗਾ ਤਾਂ ਜੋ ਇਹ ਕੀਮਤਾਂ ਮਿਲਕਫੈੱਡ ਦੇ ਬਰਾਬਰ ਹੋ ਸਕਣ। ਮਿਲਕਫੈੱਡ ਪੰਜਾਬ ਉੱਤਰੀ ਭਾਰਤ ਦਾ ਮੋਹਰੀ ਦੁੱਧ ਸਹਿਕਾਰੀ ਸੰਸਥਾ ਹੈ ਜੋ ਜਿਆਦਾਤਰ ਪੈਕ ਕੀਤੇ ਦੁੱਧ ਅਤੇ ਦੁੱਧ ਉਤਪਾਦਾਂ ਵਿੱਚ ਸਰਗਰਮ ਹੈ। ਦੇਸ਼ ਦੇ ਇਸ ਖੇਤਰ ਦੇ ਉਦਯੋਗ ਵਿੱਚ ਮੋਹਰੀ ਹੋਣ ਦੇ ਨਾਤੇ, ਮਿਲਕਫੈੱਡ ਵੱਲੋਂ ਦੁੱਧ ਖਰੀਦ ਕੀਮਤਾਂ ਵਿੱਚ ਵਾਧੇ ਦਾ ਵਿਆਪਕ ਪ੍ਰਭਾਵ ਪਵੇਗਾ ਅਤੇ ਪੰਜਾਬ ਦੀ ਪੇਂਡੂ ਆਰਥਿਕਤਾ ਵਿੱਚ ਪ੍ਰਤੀ ਮਹੀਨਾ 100 ਕਰੋੜ ਰੁਪਏ ਦਾ ਵਾਧੂ ਲਾਭ ਹੋਵੇਗਾ।

## 'ਯੁੱਧ ਨਸ਼ਿਆਂ ਵਿਰੁੱਧ': ਸੂਬੇ ਭਰ ਵਿੱਚ 439 ਡਰੱਗ ਹੌਟਸਪੌਟਸ 'ਤੇ ਛਾਪੇਮਾਰੀ; 125 ਗ੍ਰਿਫ਼ਤਾਰ

**ਆਜ਼ਾਦ ਸੋਚ ਬਿਊਰੋ**
**ਚੰਡੀਗੜ੍ਹ, 28 ਅਪ੍ਰੈਲ**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਪੰਜਾਬ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਕੀਤੇ ਜਾ ਰਹੇ ਅਣਥੱਕ ਯਤਨਾਂ ਤਹਿਤ, ਪੰਜਾਬ ਪੁਲਿਸ ਨੇ ਯੁੱਧ ਨਸ਼ਿਆਂ ਵਿਰੁੱਧ ਦੇ 423ਵੇਂ ਦਿਨ ਨਸ਼ਾ ਵਿਰੋਧੀ ਮੁਹਿੰਮ ਵਿੱਚ ਤੇਜ਼ੀ ਲਿਆਉਂਦਿਆਂ, ਅੱਜ ਸੂਬੇ ਭਰ ਵਿੱਚ ਪਛਾਣੇ ਗਏ ਡਰੱਗ ਹੌਟਸਪੌਟਸ - ਨਸ਼ੀਲੇ ਪਦਾਰਥਾਂ ਦੀ ਵਿਕਰੀ ਦੀਆਂ ਥਾਵਾਂ - 'ਤੇ ਸੂਬਾ ਪੱਧਰੀ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ (ਸੀਏਐਸਓ) ਚਲਾਈ।

ਇਹ ਘੇਰਾਬੰਦੀ ਅਤੇ ਤਲਾਸ਼ੀ ਮੁਹਿੰਮ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਪੰਜਾਬ ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਪੁਲਿਸ ਜ਼ਿਲ੍ਹਿਆਂ ਵਿੱਚ ਸਵੇਰੇ 8 ਵਜੇ ਤੋਂ ਦੁਪਹਿਰ 2 ਵਜੇ ਤੱਕ ਇੱਕੋ ਸਮੇਂ ਚਲਾਈ ਗਈ।

ਇਸ ਆਪਰੇਸ਼ਨ ਦੌਰਾਨ, ਪੁਲਿਸ ਟੀਮਾਂ ਨੇ ਸੂਬੇ ਭਰ ਵਿੱਚ 439 ਡਰੱਗ ਹੌਟਸਪਾਟਾਂ 'ਤੇ ਛਾਪੇਮਾਰੀ ਕੀਤੀ ਹੈ ਜਿਸ ਦੌਰਾਨ 94 ਐਫਆਈਆਰਜ਼ ਦਰਜ ਕਰਕੇ 125 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪੁਲਿਸ ਟੀਮਾਂ ਨੇ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 474 ਗ੍ਰਾਮ ਹੈਰੋਇਨ, 1.5 ਕਿਲੋਗ੍ਰਾਮ ਅਫੀਮ, 55 ਕਿਲੋਗ੍ਰਾਮ ਭੁੱਕੀ, 3042 ਨਸ਼ੀਲੀਆਂ ਗੋਲੀਆਂ/ਕੈਪਸੂਲ ਅਤੇ 6060 ਰੁਪਏ ਦੀ ਡਰੱਗ ਮਨੀ ਵੀ ਬਰਾਮਦ ਕੀਤੀ ਹੈ।

ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਸੀਨੀਅਰ ਪੁਲਿਸ ਸੁਪਰਡੈਂਟ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਲਈ ਕਿਹਾ ਹੈ। ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਵਿੱਚ 5 ਮੈਂਬਰੀ ਕੈਬਨਿਟ ਸਬ ਕਮੇਟੀ ਦਾ ਵੀ ਗਠਨ ਕੀਤਾ ਹੈ।

ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ, ਜੋ ਕਿ ਇਸ ਮੁਹਿੰਮ ਦੀ ਨਿੱਜੀ ਤੌਰ 'ਤੇ ਨਿਗਰਾਨੀ ਕਰ ਰਹੇ ਸਨ, ਨੇ ਕਿਹਾ ਕਿ 1 ਮਾਰਚ, 2025 ਨੂੰ ਸ਼ੁਰੂ ਕੀਤੀ ਗਈ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦੇ ਨਤੀਜੇ ਵਜੋਂ ਸੂਬੇ ਭਰ ਵਿੱਚ 43,317 ਐਫਆਈਆਰ ਦਰਜ ਕਰਕੇ 61,142 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ ਅਤੇ ਗ੍ਰਿਫ਼ਤਾਰ ਕੀਤੇ ਗਏ ਨਸ਼ਾ ਤਸਕਰਾਂ ਦੇ ਕਬਜ਼ੇ ਵਿੱਚੋਂ 2708 ਕਿਲੋਗ੍ਰਾਮ ਹੈਰੋਇਨ, 764 ਕਿਲੋਗ੍ਰਾਮ ਅਫੀਮ, 643 ਕੁਇੰਟਲ ਭੁੱਕੀ, 923 ਕਿਲੋਗ੍ਰਾਮ ਗਾਂਜਾ, 52.63 ਲੱਖ ਨਸ਼ੀਲੀਆਂ ਗੋਲੀਆਂ/ਕੈਪਸੂਲ, 37.9 ਕਿਲੋਗ੍ਰਾਮ ਆਈਸੀਈ ਅਤੇ 17.66 ਕਰੋੜ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਗਈ ਹੈ।

ਇਸ ਦੌਰਾਨ, 'ਗੈਂਗਸਟਰਾਂ 'ਤੇ ਵਾਰ' ਮੁਹਿੰਮ ਦੇ 98ਵੇਂ ਦਿਨ, ਪੁਲਿਸ ਟੀਮਾਂ ਨੇ 5 ਹਥਿਆਰਾਂ ਸਮੇਤ 251 ਵਿਅਕਤੀਆਂ ਨੂੰ ਗ੍ਰਿਫ਼ਤਾਰ ਕੀਤਾ, ਜਿਸ ਨਾਲ ਮੁਹਿੰਮ ਦੀ ਸ਼ੁਰੂਆਤ ਤੋਂ ਬਾਅਦ ਕੁੱਲ ਗ੍ਰਿਫ਼ਤਾਰੀਆਂ 24,771 ਹੋ ਗਈਆਂ। ਇਸ ਤੋਂ ਇਲਾਵਾ, 80 ਵਿਅਕਤੀਆਂ ਵਿਰੁੱਧ ਇਹਤਿਆਤੀ ਕਾਰਵਾਈ ਕੀਤੀ ਗਈ ਹੈ, ਜਦੋਂ ਕਿ 57 ਵਿਅਕਤੀਆਂ ਨੂੰ ਤਫਤੀਸ਼ ਅਤੇ ਪੁੱਛਗਿੱਛ ਉਪਰੰਤ ਛੱਡ ਦਿੱਤਾ ਗਿਆ। ਪੁਲਿਸ ਟੀਮਾਂ ਨੇ ਕਾਰਵਾਈ ਦੌਰਾਨ 3 ਭਗੌੜੇ ਅਪਰਾਧੀਆਂ (ਪੀਓ) ਨੂੰ ਵੀ ਗ੍ਰਿਫ਼ਤਾਰ ਕੀਤਾ ਹੈ।

* ਪੰਜਾਬ ਪੁਲਿਸ ਨੇ 1 ਮਾਰਚ, 2025 ਤੋਂ ਲੈ ਕੇ ਹੁਣ ਤੱਕ 43 ਹਜ਼ਾਰ ਤੋਂ ਵੱਧ ਐਫਆਈਆਰ ਦਰਜ ਕਰਕੇ 61 ਹਜ਼ਾਰ ਨਸ਼ਾ ਤਸਕਰਾਂ ਨੂੰ ਕੀਤਾ ਗ੍ਰਿਫ਼ਤਾਰ; 2708 ਕਿਲੋਗ੍ਰਾਮ ਹੈਰੋਇਨ, 764 ਕਿਲੋਗ੍ਰਾਮ ਅਫੀਮ ਅਤੇ 17.6 ਕਰੋੜ ਰੁਪਏ ਦੀ ਡਰੱਗ ਮਨੀ ਕੀਤੀ ਬਰਾਮਦ*

## ਸਪੀਕਰ ਨੇ ਉੱਘੀਆਂ ਅਤੇ ਵਿਲੱਖਣ ਸ਼ਖਸੀਅਤਾਂ ਨੂੰ ਭਾਰਤ ਵਿਭੂਸ਼ਣ ਸਨਮਾਨ ਪ੍ਰਦਾਨ ਕੀਤਾ

**ਆਜ਼ਾਦ ਸੋਚ ਬਿਊਰੋ**
**ਚੰਡੀਗੜ੍ਹ, 28 ਅਪ੍ਰੈਲ**

ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਨੇ ਅੱਜ ਪੰਜਾਬ ਵਿਧਾਨ ਸਭਾ ਵਿੱਚ ਵੱਖ-ਵੱਖ ਖੇਤਰਾਂ ਨਾਲ ਸਬੰਧਤ ਉੱਘੀਆਂ ਅਤੇ ਵਿਲੱਖਣ ਸ਼ਖਸੀਅਤਾਂ ਨੂੰ ਭਾਰਤ ਵਿਭੂਸ਼ਣ ਸਨਮਾਨ 2026 ਪ੍ਰਦਾਨ ਕੀਤਾ। ਇਨ੍ਹਾਂ ਪ੍ਰਸਿੱਧ ਸ਼ਖਸੀਅਤਾਂ ਨੂੰ ਇੰਸਟੀਚਿਊਟ ਫਾਰ ਸੋਸ਼ਲ ਰਿਫਾਰਮਜ਼ ਐਂਡ ਹਾਇਰ ਐਜੂਕੇਸ਼ਨ ਚੈਰੀਟੇਬਲ ਟਰੱਸਟ (ਆਈ.ਐਸ.ਆਰ.ਐਚ.ਈ.) ਨੇ ਭਾਰਤ ਵਿਭੂਸ਼ਣ ਸਨਮਾਨ 2026 ਲਈ ਚੁਣਿਆ ਹੈ। ਇਸ ਸਮਾਗਮ ਵਿੱਚ ਪੰਜਾਬ ਵਿਧਾਨ ਸਭਾ ਦੇ ਸਪੀਕਰ ਸ. ਕੁਲਤਾਰ ਸਿੰਘ ਸੰਧਵਾਂ ਮੁੱਖ ਮਹਿਮਾਨ ਸਨ।

ਉਨ੍ਹਾਂ ਨੇ ਵਿਭਿੰਨ ਖੇਤਰਾਂ ਵਿੱਚ ਆਪਣੇ ਯੋਗਦਾਨ ਰਾਹੀਂ ਸੇਵਾ ਅਤੇ ਸਮਰਪਣ ਦੀਆਂ ਬੇਮਿਸਾਲ ਉਦਾਹਰਣਾਂ ਸਥਾਪਤ ਕਰਨ ਲਈ ਇਸ ਪੁਰਸਕਾਰ ਵਾਸਤੇ ਚੁਣੀਆਂ ਗਈਆਂ ਉੱਘੀਆਂ ਅਤੇ ਵਿਲੱਖਣ ਸ਼ਖਸੀਅਤਾਂ ਦਾ ਨਿੱਘਾ ਸਵਾਗਤ ਕੀਤਾ। ਉਨ੍ਹਾਂ ਨੇ ਇਸ ਵਿਸ਼ੇਸ਼ ਸਮਾਰੋਹ ਦੇ ਆਯੋਜਨ ਲਈ ਇੰਸਟੀਚਿਊਟ ਫਾਰ ਸੋਸ਼ਲ ਰਿਫਾਰਮਜ਼ ਐਂਡ ਹਾਇਰ ਐਜੂਕੇਸ਼ਨ ਚੈਰੀਟੇਬਲ ਟਰੱਸਟ ਦੇ ਸਾਰੇ ਮੈਂਬਰਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਇਹ ਸਨਮਾਨ ਪ੍ਰਾਪਤ ਕਰਨ ਵਾਲਿਆਂ ਨੂੰ ਦਿਲੋਂ ਵਧਾਈਆਂ ਵੀ ਦਿੱਤੀਆਂ।



ਉਨ੍ਹਾਂ ਅੱਗੇ ਕਿਹਾ ਕਿ ਇਹ ਉਨ੍ਹਾਂ ਲਈ ਬਹੁਤ ਮਾਣ ਅਤੇ ਸਨਮਾਨ ਦਾ ਪਲ ਹੈ ਕਿ ਉਹ ਸਭ ਤੋਂ ਯੋਗ ਸ਼ਖਸੀਅਤਾਂ ਨੂੰ 'ਭਾਰਤ ਵਿਭੂਸ਼ਣ ਸਨਮਾਨ 2026' ਪ੍ਰਦਾਨ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਇਸ ਮੰਚ 'ਤੇ ਅਜਿਹੀਆਂ ਬੇਮਿਸਾਲ ਸ਼ਖਸੀਅਤਾਂ ਨੂੰ 'ਭਾਰਤ ਵਿਭੂਸ਼ਣ ਸਨਮਾਨ' ਵਰਗੇ ਵੱਕਾਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਜਾਣਾ ਸੱਚਮੁੱਚ ਸਾਡੇ ਸਾਰਿਆਂ ਲਈ ਇੱਕ ਪ੍ਰੇਰਨਾਦਾਇਕ ਪਲ ਹੈ।

ਉਨ੍ਹਾਂ ਕਿਹਾ ਕਿ ਇਹ ਸਿਰਫ਼ ਇੱਕ ਪੁਰਸਕਾਰ ਵੰਡ ਸਮਾਰੋਹ ਨਹੀਂ ਹੈ ਬਲਕਿ ਇਹ ਭਾਰਤ ਦੇ ਬੇਮਿਸਾਲ ਹੁਨਰ ਅਤੇ ਅਟੁੱਟ ਸਮਰਪਣ ਨੂੰ ਵੀ ਦਰਸਾਉਂਦਾ ਹੈ। ਸਾਡੇ ਸਤਿਕਾਰਯੋਗ ਗੁਰੂਆਂ ਨੇ ਸਾਨੂੰ 'ਸਰਬੱਤ ਦਾ ਭਲਾ' (ਸਾਰਿਆਂ ਦੀ ਭਲਾਈ) ਦਾ ਰਾਹ ਦਿਖਾਇਆ ਹੈ।

ਇਸ ਸਬੰਧੀ ਹੋਰ ਵੇਰਵੇ ਸਾਂਝੇ ਕਰਦਿਆਂ ਉਨ੍ਹਾਂ ਕਿਹਾ ਕਿ ਅੱਜ ਇੱਥੇ ਸਨਮਾਨਿਤ ਕੀਤੀਆਂ ਜਾ ਰਹੀਆਂ ਸ਼ਖਸੀਅਤਾਂ ਨੇ ਨਿਰਸਵਾਰਥ ਸੇਵਾ ਨੂੰ ਆਪਣੇ ਜੀਵਨ ਦਾ ਅੰਤਮ ਉਦੇਸ਼ ਬਣਾਇਆ ਹੈ। ਇਹ ਉੱਘੇ ਵਿਅਕਤੀ ਆਪੋ-ਆਪਣੇ ਖੇਤਰਾਂ ਵਿੱਚ ਮੋਹਰੀ ਹੋਣ ਦੇ ਨਾਲ-ਨਾਲ ਵੱਡੇ ਪੱਧਰ 'ਤੇ ਸਮਾਜ ਲਈ ਪ੍ਰੇਰਨਾਦਾਇਕ ਵੀ ਹਨ।

ਉਨ੍ਹਾਂ ਅੱਗੇ ਕਿਹਾ ਕਿ ਸਿੱਖਿਆ, ਵਿਗਿਆਨ, ਕਲਾ, ਸਾਹਿਤ, ਸਮਾਜ ਸੇਵਾ, ਉਦਯੋਗ ਜਾਂ ਕਿਸੇ ਹੋਰ ਖੇਤਰ ਦਾ ਹਿੱਸਾ ਹੋਣ ਦੇ ਨਾਤੇ ਸਾਰਿਆਂ ਨੇ ਆਪਣੀ ਅਣਥੱਕ ਮਿਹਨਤ, ਸਮਰਪਣ ਅਤੇ ਦੂਰਦਰਸ਼ਤਾ ਦੁਆਰਾ ਸਮਾਜ, ਸੂਬੇ ਅਤੇ ਦੇਸ਼ ਲਈ ਨਾਮਣਾ ਖੱਟਿਆ ਹੈ।

ਸਪੀਕਰ ਸੰਧਵਾਂ ਨੇ ਕਿਹਾ ਕਿ ਤੁਹਾਡੀਆਂ ਪ੍ਰਾਪਤੀਆਂ ਤੋਂ ਸਾਬਤ ਹੁੰਦਾ ਹੈ ਕਿ ਸੱਚੇ ਜਜ਼ਬੇ ਅਤੇ ਵਚਨਬੱਧਤਾ ਨਾਲ ਕੋਈ ਵੀ ਟੀਚਾ ਸਰ ਕੀਤਾ ਜਾ ਸਕਦਾ ਹੈ। ਤੁਸੀਂ ਨਾ ਸਿਰਫ਼ ਨਿੱਜੀ ਸਫਲਤਾ ਹਾਸਲ ਕੀਤੀ ਸਗੋਂ ਸਮਾਜ ਅਤੇ ਰਾਸ਼ਟਰ ਦੋਵਾਂ ਦੇ ਵਿਕਾਸ ਵਿੱਚ ਵੀ ਅਹਿਮ ਯੋਗਦਾਨ ਪਾਇਆ ਹੈ।

ਉਨ੍ਹਾਂ ਨੇ ਅੱਜ ਦੇ ਸਮਾਰੋਹ ਦੇ ਪ੍ਰਬੰਧਕ, ਆਈਐਸਐਚਆਰਈ ਨਾਲ ਜੁੜੀਆਂ ਸਾਰੀਆਂ ਉੱਘੀਆਂ ਸ਼ਖਸੀਅਤਾਂ ਨੂੰ ਅਜਿਹੇ ਸਫਲ ਸਮਾਗਮ ਕਰਵਾਉਣ ਲਈ ਤਹਿ ਦਿਲੋਂ ਵਧਾਈ ਦਿੱਤੀ।

ਉਨ੍ਹਾਂ ਸੰਸਥਾ ਦੇ ਇਸ ਸ਼ਲਾਘਾਯੋਗ ਯਤਨ ਲਈ ਧੰਨਵਾਦ ਕੀਤਾ ਜੋ ਦੇਸ਼ ਭਰ ਦੇ ਵੱਖ-ਵੱਖ ਸੂਬਿਆਂ ਅਤੇ ਪਿਛੋਕੜਾਂ ਵਾਲੇ ਹੁਨਰਮੰਦਾਂ ਦੀ ਭਾਲ ਕਰਕੇ ਉਨ੍ਹਾਂ ਨੂੰ ਇੱਕ ਮੰਚ 'ਤੇ ਇਕੱਠਾ ਕਰਦੀ ਹੈ ਅਤੇ ÷ਅਨੇਕਤਾ ਵਿੱਚ ਏਕਤਾ÷ ਦੀ ਸਾਡੀ ਭਾਵਨਾ ਨੂੰ ਹੋਰ ਮਜ਼ਬੂਤ ਕਰਦੀ ਹੈ। ਉਨ੍ਹਾਂ ਅੱਗੇ ਕਿਹਾ ਕਿ ਉਨ੍ਹਾਂ ਦੇ ਸਮੂਹਿਕ ਯਤਨ ਅਤੇ ਸਫਲਤਾ ਆਉਣ ਵਾਲੀਆਂ ਪੀੜ੍ਹੀਆਂ ਲਈ ਮਾਰਗਦਰਸ਼ਕ ਵਜੋਂ ਕੰਮ ਕਰਦੀ ਹੈ।

ਉਨ੍ਹਾਂ ਕਿਹਾ ਕਿ ਇਹ ਸਾਡੇ ਲਈ ਬੇਹੱਦ ਸੁਭਾਗਾ ਹੈ ਕਿ ਦੇਸ਼ ਨੂੰ ਆਈਐਸਐਚਆਰਈ ਵਰਗੇ ਸਮਾਜਿਕ ਤੌਰ 'ਤੇ ਚੇਤੰਨ ਸੰਗਠਨ ਦੀ ਨਿਰਸਵਾਰਥ ਸੇਵਾ ਤੋਂ ਲਾਭ ਪ੍ਰਾਪਤ ਹੁੰਦਾ ਹੈ। ਇਹ ਸੰਸਥਾ ਨਾ ਸਿਰਫ਼ ਸਾਡੇ ਸਮਾਜ ਦੇ ਸਭ ਤੋਂ ਕਮਜ਼ੋਰ ਵਰਗਾਂ, ਔਰਤਾਂ ਅਤੇ ਬੱਚਿਆਂ ਨੂੰ ਉੱਤਮ ਸੇਵਾਵਾਂ ਪ੍ਰਦਾਨ ਕਰਦੀ ਹੈ ਸਗੋਂ ਸਿੱਖਿਆ, ਸਿਹਤ ਸੰਭਾਲ, ਜਾਨਵਰਾਂ ਦੀ ਭਲਾਈ, ਤਕਨਾਲੋਜੀ, ਮੀਡੀਆ ਅਤੇ ਸਾਹਿਤ ਸਮੇਤ ਸਮਾਜ ਦੇ ਲਗਭਗ ਹਰ ਖੇਤਰ ਵਿੱਚ ਵੱਡਮੁੱਲਾ ਯੋਗਦਾਨ ਪਾਉਣ ਵਾਲੇ ਹੁਨਰਮੰਦ ਵਿਅਕਤੀਆਂ ਦੀ ਪਛਾਣ ਕਰਨ ਅਤੇ ਸਨਮਾਨਿਤ ਕਰਨ ਲਈ ਵੀ ਪੂਰੀ ਤਰ੍ਹਾਂ ਸਮਰਪਿਤ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਆਈਐਸਐਚਆਰਈ ਦੇ ਮੈਂਬਰ ਆਪਣੇ-ਆਪਣੇ ਖੇਤਰਾਂ ਵਿੱਚ ਉੱਤਮਤਾ ਦੀਆਂ ਨਵੀਆਂ ਬੁਲੰਦੀਆਂ ਨੂੰ ਛੂਹਦੇ ਰਹਿਣਗੇ ਅਤੇ ਦੇਸ਼ ਦਾ ਸਿਰ ਉੱਚਾ ਕਰਦੇ ਰਹਿਣਗੇ।

ਇਨਾਮ ਵੰਡ ਸਮਾਰੋਹ ਦੌਰਾਨ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ, ਵਿਧਾਇਕ ਇੰਦਰਜੀਤ ਕੌਰ ਮਾਨ, ਵਿਧਾਇਕ ਇੰਦਰਬੀਰ ਸਿੰਘ ਨਿੱਝਰ, ਵਿਧਾਇਕ ਕੁਲਵੰਤ ਸਿੰਘ ਪੰਡੋਰੀ ਅਤੇ ਅਧਿਆਤਮਿਕ ਗੁਰੂ ਸਵਾਮੀ ਬ੍ਰਹਮ ਮੁਨੀ ਜੀ ਹਾਜ਼ਰ ਸਨ।

ਸਪੀਕਰ ਸੰਧਵਾਂ ਨੇ ਅਧਿਆਤਮਿਕ ਗੁਰੂ ਬ੍ਰਹਮ ਮੁਨੀ ਜੀ ਨੂੰ ਲੋਈ ਅਤੇ ਯਾਦਗਾਰੀ ਚਿੰਨ੍ਹ ਵੀ ਭੇਟ ਕੀਤੇ। ਇਸ ਤੋਂ ਇਲਾਵਾ ਆਈਐਸਐਚਆਰਈ ਨੇ ਵੀ ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਸਕੱਤਰ ਪੰਜਾਬ ਵਿਧਾਨ ਸਭਾ ਨੂੰ ਲੋਈ ਅਤੇ ਯਾਦਗਾਰੀ ਚਿੰਨ੍ਹ ਭੇਟ ਕੀਤੇ।

ਸਮਾਰੋਹ ਦੇ ਅਖੀਰ ਵਿੱਚ, ਉਨ੍ਹਾਂ ਨੇ ਇੱਕ ਵਾਰ ਫਿਰ ਸਾਰੇ ਪੁਰਸਕਾਰ ਜੇਤੂਆਂ ਨੂੰ ਤਹਿ ਦਿਲੋਂ ਵਧਾਈ ਦਿੱਤੀ ਅਤੇ ਉਨ੍ਹਾਂ ਦੇ ਸੁਨਹਿਰੀ ਭਵਿੱਖ ਦੀ ਕਾਮਨਾ ਕੀਤੀ।

### ਮਾਲੇਰਕੋਟਲਾ ਦੇ ਵਾਰਡ ਨੰਬਰ 12 'ਚ ਭਾਜਪਾ ਨੂੰ ਵੱਡਾ ਝਟਕਾ

# ਭਾਜਪਾ ਆਗੂਆਂ ਨੇ ਆਪਣੇ ਸਮਰਥਕਾਂ ਸਮੇਤ ਹਲਕਾ ਵਿਧਾਇਕ ਦੀ ਮੌਜੂਦਗੀ 'ਚ ਫੜਿਆ 'ਆਪ' ਦਾ ਪੱਲਾ



**ਆਜ਼ਾਦ ਸੋਚ**
**ਸ਼ਾਹਿਦ ਜ਼ੁਬੈਰੀ/ਮਾਲੇਰਕੋਟਲਾ, 28 ਅਪ੍ਰੈਲ**

ਸਥਾਨਕ ਰਾਜਨੀਤੀ 'ਚ ਅੱਜ ਉਸ ਸਮੇਂ ਵੱਡਾ ਸਿਆਸੀ ਮੋੜ ਆਇਆ ਜਦੋਂ ਸ਼ਹਿਰ ਦੇ ਵਾਰਡ ਨੰਬਰ 12 'ਚ ਭਾਰਤੀ ਜਨਤਾ ਪਾਰਟੀ ਨੂੰ ਝਟਕਾ ਦਿੰਦਿਆਂ ਭਾਜਪਾ ਦੇ ਕਈ ਸਥਾਨਕ ਪ੍ਰਭਾਵਸ਼ਾਲੀ ਆਗੂਆਂ ਤੇ ਵਰਕਰਾਂ ਨੇ ਇੱਕਠਿਆਂ ਹੀ ਆਪਣੇ ਦਰਜਣ ਦੇ ਕਰੀਬ ਸਮਰਥਕਾਂ ਸਮੇਤ ਸਥਾਨਕ ਹਲਕਾ ਵਿਧਾਇਕ ਡਾ.ਜਮੀਲ ਉਰ ਰਹਿਮਾਨ ਦੀ ਹਾਜ਼ਰੀ 'ਚ ਆਮ ਆਦਮੀ ਪਾਰਟੀ 'ਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ।ਇਨ੍ਹਾਂ ਆਗੂਆਂ ਤੇ ਵਰਕਰਾਂ ਦੀ ਸ਼ਮੂਲੀਅਤ ਨੂੰ ਆਉਣ ਵਾਲੇ ਸਮੇਂ 'ਚ ਪਾਰਟੀ ਦੀ ਮਜ਼ਬੂਤੀ ਵਜੋਂ ਦੇਖਿਆ ਜਾ ਰਿਹਾ ਹੈ। ਆਪ ਪਾਰਟੀ 'ਚ ਸ਼ਾਮਲ ਹੋਣ ਵਾਲੇ ਆਗੂਆਂ 'ਚ ਭਾਜਪਾ ਦੇ ਉਪ ਮੰਡਲ ਮੀਤ ਪ੍ਰਧਾਨ ਓਮ ਪ੍ਰਕਾਸ਼, ਮੰਡਲ ਮੀਤ ਪ੍ਰਧਾਨ ਆਕਾਸ਼ ਕੁਮਾਰ, ਐਸ.ਸੀ. ਮੋਰਚਾ ਦੇ ਪ੍ਰਧਾਨ ਆਮਿਤ ਕੁਮਾਰ, ਮੰਡਲ ਵਾਈਸ ਪ੍ਰਧਾਨ ਪੰਡਿਤ ਸੰਤੋਸ਼ ਕੁਮਾਰ, ਵਰਕਰਾਂ ਤੇ ਸਮਰਥਕਾਂ 'ਚ ਸੰਜੇ ਕੁਮਾਰ, ਮਹਿੰਦਰ ਕੁਮਾਰ, ਅਜੀਤ ਸਿੰਘ, ਸੰਜੂ ਸਿੰਘ, ਰੋਹਿਤ ਕੁਮਾਰ, ਪ੍ਰਦੀਪ ਕੁਮਾਰ, ਵਿਸ਼ਾਲ ਕੁਮਾਰ, ਅਰਮਾਨ, ਸਚਿਨ, ਨਿਖਲ, ਮਨੂੰ ਅਤੇ ਤਨੂੰ ਸਮੇਤ ਹੋਰ ਕਈ ਲੋਕ ਸ਼ਾਮਲ ਹਨ।ਇਨ੍ਹਾਂ ਆਗੂਆਂ ਤੇ ਵਰਕਰਾਂ ਨੇ ਕਿਹਾ ਕਿ ਉਹ ਲੋਕ-ਹਿੱਤ 'ਚ ਕੰਮ ਕਰਨ ਵਾਲੀਆਂ ਨੀਤੀਆਂ ਅਤੇ ਪਾਰਦਰਸ਼ੀ ਪ੍ਰਸ਼ਾਸਨ ਤੋਂ ਪ੍ਰਭਾਵਿਤ ਹੋ ਕੇ ਆਮ ਆਦਮੀ ਪਾਰਟੀ ਨਾਲ ਜੁੜੇ ਹਨ। ਇਸ ਮੌਕੇ ਪਾਰਟੀ 'ਚ ਸ਼ਾਮਲ ਹੋਏ ਲੋਕਾਂ ਨੂੰ ਆਮ ਆਦਮੀ ਪਾਰਟੀ ਦੇ ਚੋਣ ਨਿਸ਼ਾਨ ਵਾਲੇ ਮਫਲਰ ਪਾ ਕੇ ਪਾਰਟੀ 'ਚ ਸਵਾਗਤ ਕਰਦਿਆਂ ਵਿਧਾਇਕ ਡਾ. ਜਮੀਲ ਉਰ ਰਹਿਮਾਨ ਨੇ ਕਿਹਾ ਕਿ ਪੰਜਾਬ 'ਚ ਆਮ ਆਦਮੀ ਪਾਰਟੀ ਦੀ ਸਰਕਾਰ ਵੱਲੋਂ ਕੀਤੇ ਜਾ ਰਹੇ ਲੋਕ-ਹਿਤੈਸ਼ੀ ਕੰਮਾਂ ਕਾਰਨ ਹਰ ਵਰਗ 'ਚ ਭਰੋਸਾ ਵਧ ਰਿਹਾ ਹੈ ਅਤੇ ਲੋਕ ਪਾਰਟੀ ਦੇ ਝੰਡੇ ਹੇਠ ਲਾਮਬੰਦ ਹੋ ਰਹੇ ਹਨ।ਉਨ੍ਹਾਂ ਕਿਹਾ ਕਿ ਸਰਦਾਰ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਵੱਲੋਂ ਚੋਣਾਂ ਦੌਰਾਨ ਰਾਜ ਦੇ ਲੋਕਾਂ ਨੂੰ ਦਿੱਤੀਆਂ ਗਈਆਂ ਸਾਰੀਆਂ ਗਰੰਟੀਆਂ ਨੂੰ ਜ਼ਮੀਨੀ ਪੱਧਰ 'ਤੇ ਲਾਗੂ ਕਰਕੇ ਇੱਕ ਨਵੀਂ ਮਿਸ਼ਾਲ ਕਾਇਮ ਕੀਤੀ ਗਈ ਹੈ।ਵਿਧਾਇਕ ਡਾ.ਰਹਿਮਾਨ ਨੇ ਦੱਸਿਆ ਕਿ ਭਗਵੰਤ ਮਾਨ ਸਰਕਾਰ ਵੱਲੋਂ ਸਿੱਖਿਆ ਦੇ ਖੇਤਰ 'ਚ ਸਕੂਲਾਂ ਦੀ ਅਧੁਨਿਕਤਾ, ਮੁਹੱਲਾ ਕਲੀਨਿਕਾਂ ਰਾਹੀਂ ਮੁਫਤ ਇਲਾਜ਼, ਬਿਜਲੀ ਦੇ ਬਿੱਲਾਂ 'ਚ ਦਿੱਤੀ ਰਾਹਤ ਅਤੇ ਭ੍ਰਿਸ਼ਟਾਚਾਰ ਖਿਲਾਫ ਕੀਤੀ ਗਈ ਸਖਤ ਕਾਰਵਾਈ ਵਰਗੇ ਕਦਮ ਲੋਕਾਂ ਲਈ ਵੱਡੀ ਰਾਹਤ ਸਾਬਤ ਹੋ ਰਹੇ ਹਨ।ਇਸ ਤੋਂ ਇਲਾਵਾ, ਨੌਜਵਾਨਾਂ ਲਈ ਰੋਜ਼ਗਾਰ ਦੇ ਮੌਕੇ ਪੈਦਾ ਕਰਨ, ਉਦਯੋਗਿਕ ਨਿਵੇਸ਼ ਨੂੰ ਆਕਰਸਿਥਤ ਕਰਨ ਅਤੇ ਪਿੰਡਾਂ-ਸ਼ਹਿਰਾਂ 'ਚ ਬਿਨ੍ਹਾਂ ਕਿਸੇ ਭੇਦਭਾਵ ਦੇ ਵਿਕਾਸ ਕਰਵਾਉਣ 'ਤੇ ਖਾਸ ਧਿਆਨ ਦਿੱਤਾ ਜਾ ਰਿਹਾ ਹੈ। ਉਨ੍ਹਾਂ ਹੋਰ ਕਿਹਾ ਕਿ ਮਾਂਵਾਂ-ਧੀਆਂ ਸਤਿਕਾਰ ਯੋਜਨਾਂ ਅਤੇ ਮੁੱਖ ਮੰਤਰੀ ਸਿਹਤ ਯੋਜਨਾਂ ਵਰਗੀਆਂ ਸਕੀਮਾਂ ਸਮਾਜਿਕ ਸੁਰੱਖਿਆ ਨੂੰ ਮਜ਼ਬੂਤ ਕਰ ਰਹੀਆਂ ਹਨ।ਮੈਰਿਟ ਦੇ ਆਧਾਰ 'ਤੇ ਹਜ਼ਾਰਾਂ ਨੌਕਰੀਆਂ ਦੇਣ ਨਾਲ ਨੌਜਵਾਨਾਂ 'ਚ ਭਰੋਸਾ ਵਧਿਆ ਹੈ।ਵਿਧਾਇਕ ਡਾ.ਰਹਿਮਾਨ ਨੇ ਦਾਅਵਾ ਕੀਤਾ ਕਿ ਆਉਣ ਵਾਲੇ ਸਮੇਂ 'ਚ ਹੋਰ ਵੀ ਵੱਡੀ ਗਿਣਤੀ 'ਚ ਲੋਕ ਆਮ ਆਦਮੀ ਪਾਰਟੀ ਨਾਲ ਜੁੜ ਕੇ "ਰੰਗਲਾ ਪੰਜਾਬ"ਦੀ ਸਿਰਜਣਾ ਕਰਨ 'ਚ ਆਪਣਾ ਯੋਗਦਾਨ ਪਾਉਣਗੇ। ਇਸ ਮੌਕੇ ਪੀ.ਏ. ਪ੍ਰਧਾਨ ਅਬਦੁੱਲ ਸ਼ਕੂਰ ਕਿਲਾ, ਬਲਾਕ ਪ੍ਰਧਾਨ ਅਬਦੁੱਲ ਹਲੀਮ ਮਿਲਕੋਵੈੱਲ, ਵਾਰਡ ਇੰਚਾਰਜ਼ ਰਾਜਿੰਦਰ ਕੁਮਾਰ ਰਾਜੂ, ਸੋਸ਼ਲ ਮੀਡੀਆ ਇੰਚਾਰਜ਼ ਯਾਸਰ ਅਰਫਾਤ, ਮੁਹੰਮਦ ਯਾਸੀਨ ਨੇਸਤੀ ਸਮੇਤ ਕਈ ਹੋਰ ਪਾਰਟੀ ਆਗੂ ਹਾਜ਼ਰ ਸਨ।

# ਕੇ.ਵੀ.ਕੇ.ਸੰਗਰੂਰ ਤੇ ਭਾਰਤੀ ਮੱਕੀ ਖੋਜ ਸੰਸਥਾਨ ਵੱਲੋਂ ਖਾਦਾਂ ਦੀ ਸੰਤੁਲਿਤ ਵਰਤੋਂ ਬਾਰੇ ਜਾਗਰੂਕਤਾ ਮੁਹਿੰਮ ਦਾ ਆਯੋਜਨ

ਸੰਗਰੂਰ,28 ਅਪ੍ਰੈਲ (ਗੁਰਪ੍ਰੀਤ ਸਿੰਘ ਖਾਲਸਾ)- ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੇ ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਅਤੇ ਭਾਰਤੀ ਮੱਕੀ ਖੋਜ ਸੰਸਥਾਨ, ਲੁਧਿਆਣਾ ਵੱਲੋਂ ਸਾਂਝੇ ਤੌਰ 'ਤੇ ਪਿੰਡ ਚੰਨੋ, ਬਲਾਕ ਭਵਾਨੀਗੜ੍ਹ ਵਿਖੇ ਸੰਤੁਲਿਤ ਖਾਦ ਪ੍ਰਬੰਧ ਮੁਹਿੰਮ ਤਹਿਤ ਕਿਸਾਨ ਜਾਗਰੂਕਤਾ ਕੈਂਪ ਲਗਾਇਆ ਗਿਆ। ਜਿਸ ਵਿੱਚ 45 ਕਿਸਾਨਾਂ ਨੇ ਭਾਗ ਲਿਆ। ਇਸ ਮੌਕੇ ਡਾ ਭਾਰਤ ਭੂਸ਼ਨ, ਸੀਨੀਅਰ ਸਾਇੰਸਦਾਨ, ਭਾਰਤੀ ਮੱਕੀ ਖੋਜ ਸੰਸਥਾਨ, ਲੁਧਿਆਣਾ ਨੇ ਕਿਸਾਨਾਂ ਨੂੰ ਫਸਲਾਂ ਵਿੱਚ ਸੰਤੁਲਿਤ ਖਾਦ ਪ੍ਰਬੰਧ ਦੀ ਮਹਤੱਤਾ ਬਾਰੇ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਫਸਲਾਂ ਵਿੱਚ ਮਿੱਟੀ ਪਰਖ ਦੇ ਆਧਾਰ 'ਤੇ ਖਾਦਾਂ ਦੀ ਸਹੀ ਮਾਤਰਾ, ਸਹੀ ਢੰਗ ਅਤੇ ਸਹੀ ਸਮੇਂ ਤੇ ਹੀ ਵਰਤੋਂ ਕਰਨੀ ਚਾਹੀਦੀ ਹੈ। ਜਿਸ ਨਾਲ ਨਾ ਸਿਰਫ ਫ਼ਸਲ ਦੀ ਪੈਦਾਵਾਰ ਵਧਦੀ ਹੈ। ਸਗੋਂ ਖੇਤੀ ਖਰਚਾ ਵੀ ਘਟਦਾ ਹੈ। ਡਾ. ਦੀਪਮੋਹਨ ਮਾਹਲਾ, ਸਾਇੰਸਦਾਨ (ਭੂਮੀ ਵਿਗਿਆਨ) ਨੇ ਜ਼ਮੀਨ ਨੂੰ ਸਿਹਤਮੰਦ ਰੱਖਣ ਲਈ ਜੈਵਿਕ ਅਤੇ ਰਸਾਇਣਕ ਖਾਦਾਂ ਨੂੰ ਸੁਮੇਲ ਵਿੱਚ ਵਰਤਣ ਸਬੰਧੀ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਯੂਰੀਆ ਅਤੇ ਡੀ ਏ ਪੀ ਖਾਦ ਦੀ ਲੋੜ ਤੋਂ ਵੱਧ ਵਰਤੋਂ ਨਾਲ ਮਿੱਟੀ ਵਿੱਚ ਪੌਸ਼ਟਿਕ ਅਸੰਤੁਲਨ ਬਣ ਜਾਂਦਾ ਹੈ। ਜਦ ਕਿ ਖਾਦਾਂ ਦੀ ਸੰਤੁਲਿਤ ਵਰਤੋਂ ਕਰਨ ਨਾਲ ਜ਼ਮੀਨ ਵਿੱਚ ਲਘੂ ਪੌਸ਼ਟਿਕ ਤੱਤਾਂ ਅਤੇ ਜੈਵਿਕ ਕਾਰਬਨ ਦਾ ਸੰਤੁਲਨ ਬਰਕਰਾਰ ਰਹਿੰਦਾ ਹੈ।



ਡਾ. ਮਨਦੀਪ ਸਿੰਘ, ਇੰਚਾਰਜ, ਕ੍ਰਿਸ਼ੀ ਵਿਗਿਆਨ ਕੇਂਦਰ, ਸੰਗਰੂਰ ਨੇ ਕਿਸਾਨਾਂ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਅਨੁਸਾਰ ਹੀ ਖਾਦਾਂ ਦੀ ਵਰਤੋਂ ਕਰਨ ਲਈ ਪ੍ਰੇਰਿਤ ਕੀਤਾ। ਉਹਨਾਂ ਦੱਸਿਆ ਕਿ ਖਾਦਾਂ ਦੀ ਬੇਲੋੜੀ ਅਤੇ ਬੇਵਕਤੀ ਵਰਤੋਂ ਫ਼ਸਲ ਦਾ ਝਾੜ ਘਟਾਉਂਦੀ ਅਤੇ ਵਾਤਾਵਰਨ ਨੂੰ ਵੀ ਪ੍ਰਦੂਸ਼ਿਤ ਕਰਦੀ ਹੈ।ਉਹਨਾਂ ਕਿਹਾ ਕਿ ਜ਼ਮੀਨ ਦੀ ਚੰਗੀ ਸਿਹਤ ਲਈ ਖੇਤ ਵਿੱਚ ਦੇਸੀ ਰੂੜੀ, ਫ਼ਸਲੀ ਰਹਿੰਦ-ਖੂਹੰਦ ਅਤੇ ਹਰੀਆਂ ਖਾਦਾਂ ਦੀ ਵਰਤੋਂ ਕਰਨੀ ਚਾਹੀਦੀ ਹੈ। ਜਿਸ ਨਾਲ ਜ਼ਮੀਨ ਵਿੱਚ ਜੈਵਿਕ ਮਾਦਾ ਵਧਦਾ ਹੈ। ਇਸ ਤੋਂ ਇਲਾਵਾ ਉਹਨਾਂ ਝੋਨੇ ਅਤੇ ਬਾਸਮਤੀ ਦੀਆਂ ਪ੍ਰਮਾਣਿਤ ਕਿਸਮਾਂ ਅਤੇ ਝੋਨੇ ਵਿੱਚ ਜੀਵਾਣੂੰ ਖਾਦ ਦੀ ਵਰਤੋਂ ਬਾਰੇ ਵੀ ਜਾਣਕਾਰੀ ਦਿੱਤੀ। ਉਹਨਾਂ ਕਿਹਾ ਕਿ ਜੇਕਰ ਕਣਕ ਦੀ ਫ਼ਸਲ ਨੂੰ ਸਿਫਾਰਸ਼ ਕੀਤੀ ਮਾਤਰਾ ਵਿੱਚ ਡੀ ਏ ਪੀ ਖਾਦ ਪਾਈ ਗਈ ਹੋਵੇ ਤਾਂ ਸਾਉਣੀ ਦੌਰਾਨ ਝੋਨੇ ਵਿੱਚ ਫਾਸਫੋਰਸ ਵਾਲੀ ਖਾਦ ਪਾਉਣ ਦੀ ਲੋੜ ਨਹੀਂ ਹੁੰਦੀ। ਡਾ. ਰੁਕਿੰਦਰਪ੍ਰੀਤ ਸਿੰਘ, ਸਹਾਇਕ ਪ੍ਰੋਫੈਸਰ (ਫ਼ਸਲ ਵਿਗਿਆਨ) ਨੇ ਕਿਸਾਨਾਂ ਨੂੰ ਮਿੱਟੀ ਅਤੇ ਪਾਣੀ ਦਾ ਨਮੂਨਾ ਲੈਣ ਦਾ ਵਿਗਿਆਨਕ ਢੰਗ ਅਤੇ ਸਾਉਣੀ ਦੀਆਂ ਫਸਲਾਂ ਵਿੱਚ ਏਕਿਕ੍ਰਿਤ ਖਾਦ ਪ੍ਰਬੰਧ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੱਤੀ। ਉਹਨਾਂ ਕਿਸਾਨਾਂ ਨੂੰ ਝੋਨੇ ਦੀ ਸਿਹਤਮੰਦ ਪਨੀਰੀ ਤਿਆਰ ਕਰਨ ਬਾਰੇ ਵੀ ਜਾਣਕਾਰੀ ਦਿੱਤੀ। ਡਾ. ਅੰਕਿਤਾ ਕਟਾਰੀਆ, ਸਾਇੰਸਦਾਨ, ਭਾਰਤੀ ਮੱਕੀ ਖੋਜ ਸੰਸਥਾਨ ਨੇ ਮੱਕੀ ਦੀ ਫਸਲ ਵਿੱਚ ਸੰਤੁਲਿਤ ਖਾਦ ਪ੍ਰਬੰਧ ਬਾਰੇ ਜਾਣਕਾਰੀ ਦਿੱਤੀ। ਅਖੀਰ ਵਿੱਚ ਕਿਸਾਨਾਂ ਵੱਲੋਂ ਮੱਕੀ ਅਤੇ ਝੋਨੇ ਵਿੱਚ ਯੂਰੀਆ, ਜ਼ਿੰਕ ਅਤੇ ਨੈਨੋ ਯੂਰੀਆ ਦੀ ਵਰਤੋਂ ਬਾਰੇ ਪੁੱਛੇ ਸਵਾਲਾਂ ਦੇ ਤਸੱਲੀਬਖ਼ਸ਼ ਜਵਾਬ ਦਿੱਤੇ ਗਏ। ਇਸ ਕੈਂਪ ਨੂੰ ਕਾਮਯਾਬ ਬਣਾਉਣ ਵਿੱਚ ਸ. ਗੁਰਜਿੰਦਰ ਸਿੰਘ ਨੇ ਸ਼ਲਾਘਾਯੋਗ ਯਤਨ ਕੀਤੇ।

# ਬੀਤੀ 31 ਮਾਰਚ ਨੂੰ ਐਕਸੀਡੈਂਟ ਤੋਂ ਬਾਅਦ ਜ਼ਖ਼ਮੀ ਨੂੰ ਵਿਚਕਾਰ ਸੜਕ 'ਤੇ ਛੱਡਿਆ ; ਮੌਤ

### ਢਕੋਲੀ ਪੁਲਿਸ ਸਟੇਸ਼ਨ ਦੇ ਬਾਹਰ ਮ੍ਰਿਤਕ ਦੇ ਪਰਿਵਾਰਕ ਮੈਂਬਰਾਂ ਵੱਲੋਂ ਰੋਸ ਪ੍ਰਦਰਸ਼ਨ

**ਆਜ਼ਾਦ ਸੋਚ**
**ਅਵਤਾਰ ਸੈਣੀ**
**ਜ਼ੀਰਕਪੁਰ , 28 ਅਪ੍ਰੈਲ**

ਜੀਰਕਪੁਰ ਦੇ ਢਕੋਲੀ ਥਾਣੇ ਦੇ ਬਾਹਰ ਅੱਜ ਉਸ ਸਮੇਂ ਹਾਲਾਤ ਤਣਾਅਪੂਰਨ ਹੋ ਗਏ ਜਦੋਂ ਇੱਕ ਮ੍ਰਿਤਕ ਨੌਜਵਾਨ ਦੇ ਪਰਿਵਾਰਕ ਮੈਂਬਰਾਂ ਨੇ ਪੁਲਿਸ ਪ੍ਰਸ਼ਾਸਨ ਖ਼ ?ਲਾਫ਼ ਜ਼ੋਰਦਾਰ ਧਰਨਾ ਦਿੱਤਾ।ਪਰਿਵਾਰ ਦਾ ਦੋਸ਼ ਹੈ ਕਿ ਕਰੀਬ ਇੱਕ ਮਹੀਨਾ ਬੀਤ ਜਾਣ ਦੇ ਬਾਵਜੂਦ ਪੁਲਿਸ ਹੱਥ ਖਾਲੀ ਹਨ ਅਤੇ ਦੋਸ਼ੀਆਂ ਨੂੰ ਫੜਨ ਵਿੱਚ ਜਾਣਬੁੱਝ ਕੇ ਲਾਪਰਵਾਹੀ ਵਰਤੀ ਜਾ ਰਹੀ ਹੈ। ਪ੍ਰਦਰਸ਼ਨਕਾਰੀਆਂ ਵੱਲੋਂ ਹੱਥਾਂ ਵਿੱਚ ਫੜੇ ਪੋਸਟਰਾਂ ਮੁਤਾਬਕ ਇਹ ਘਟਨਾ 31 ਮਾਰਚ 2026 ਦੀ ਰਾਤ ਦੀ ਹੈ। ਪੋਸਟਰ 'ਤੇ ਲਿਖਿਆ ਹੈ ਕਿ ਇਹ 'ਐਕਸੀਡੈਂਟ ਹੈ ਜਾਂ ਹੱਤਿਆ', ਜੋ ਕਿ ਪੁਲਿਸ ਦੀ ਜਾਂਚ ਪ੍ਰਣਾਲੀ 'ਤੇ ਸਵਾਲੀਆ ਨਿਸ਼ਾਨ ਖੜ੍ਹੇ ਕਰਦਾ ਹੈ। ਇਸ ਮੌਕੇ ਪ੍ਰਦਰਸ਼ਨ ਕਰਦੇ ਪਰਿਵਾਰ ਵਿਚੋਂ ਮ੍ਰਿਤਕ ਦੇ ਭਰਾ ਪ੍ਰਵੀਨ ਕੁਮਾਰ ਨੇ ਦਸਿਆ ਕਿ ਬੀਤੀ 31 ਮਾਰਚ ਨੂੰ ਢਕੋਲੀ ਪੁਲ 'ਤੇ ਹੋਟਲ ਕਲੈਰੀਅਨ ਇਨ ਦੇ ਸਾਹਮਣੇ ਇੱਕ ਦਰਦਨਾਕ ਸੜਕ ਹਾਦਸੇ ਵਿੱਚ ਉਸਦੇ ਭਰਾ ਸੌਰਵ, ਨਿਵਾਸੀ ਪਿੰਡ ਮੋਗੀਨੰਦ (ਥਾਣਾ ਚੰਡੀਮੰਦਰ, ਹਰਿਆਣਾ) ਜੋ ਕਿ ਨਾਡਾ ਸਾਹਿਬ ਵਿੱਚ ਕਾਰ ਪੇਂਟਰ ਦਾ ਕੰਮ ਕਰਦਾ ਸੀ ਦੀ ਮੌਤ ਹੋ ਗਈ।ਉਨ੍ਹਾਂ ਦੱਸਿਆ ਇਸ ਦੌਰਾਨ ਇਨਸਾਨੀਅਤ ਨੂੰ ਸ਼ਰਮਸਾਰ ਕਰਨ ਵਾਲਾ ਇੱਕ ਬੇਹੱਦ ਸੰਵੇਦਨਹੀਣ ਮਾਮਲਾ ਇਹ ਸਾਹਮਣੇ ਆਇਆ ਹੈ ਕਿ ਇੱਕ ਅਣਪਛਾਤੇ ਵਾਹਨ ਦੀ ਟੱਕਰ ਨਾਲ ਜ਼ਖਮੀ ਹੋਏ ਉਸਦੇ ਭਰਾ ਨੂੰ ਇੱਕ ਰਾਹਗੀਰ ਨੇ ਆਪਣੀ ਕਾਰ ਵਿੱਚ ਬਿਠਾ ਕੇ ਹਸਪਤਾਲ ਤਾਂ ਪਹੁੰਚਾਇਆ, ਪਰ ਜਦੋਂ ਡਾਕਟਰ ਨੇ ਉਸਨੂੰ ਵੱਡੇ ਹਸਪਤਾਲ ਰੈਫਰ ਕੀਤਾ, ਤਾਂ ਉਹ ਮਦਦਗਾਰ ਆਪਣੀ ਜ਼ਿੰਮੇਵਾਰੀ ਤੋਂ ਭੱਜ ਖੜ੍ਹਾ ਹੋਇਆ। ਉਸਨੇ ਜ਼ਖ਼ਮੀ ਨੌਜਵਾਨ ਨੂੰ ਵਾਪਸ ਸੜਕ 'ਤੇ ਹੀ ਛੱਡ ਦਿੱਤਾ ਜਿਸ ਕਾਰਨ ਸਮੇਂ ਸਿਰ ਇਲਾਜ ਨਾ ਮਿਲਣ ਅਤੇ ਪੂਰੀ ਰਾਤ ਸੜਕ 'ਤੇ ਤੜਫਣ ਕਾਰਨ ਆਖਰਕਾਰ ਉਸਦੇ ਭਰਾ ਨੇ ਦਮ ਤੋੜ ਦਿੱਤਾ। ਉਸਨੇ ਦੱਸਿਆ ਕਿ 1 ਅਪ੍ਰੈਲ ਦੀ ਸਵੇਰ ਜਦੋਂ ਕਿਸੇ ਹੋਰ ਰਾਹਗੀਰ ਨੇ ਉਸਦੇ ਭਰਾ ਨੂੰ ਲਹੂ-ਲੁਹਾਨ ਹਾਲਤ ਵਿੱਚ ਸੜਕ 'ਤੇ ਪਿਆ ਦੇਖਿਆ,ਤਾਂ ਪੁਲਿਸ ਨੂੰ ਸੂਚਨਾ ਦਿੱਤੀ ਅਤੇ ਉਸਨੂੰ ਢਕੋਲੀ ਦੇ ਸਿਵਲ ਹਸਪਤਾਲ ਪਹੁੰਚਾਇਆ। ਉੱਥੋਂ ਉਸਨੂੰ ਮੋਹਾਲੀ ਦੇ ਫੇਜ਼-6 ਜ਼ਿਲ੍ਹਾ ਹਸਪਤਾਲ ਰੈਫਰ ਕਰ ਦਿੱਤਾ ਗਿਆ, ਜਿੱਥੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਐਲਾਨ ਦਿੱਤਾ। ਮ੍ਰਿਤਕ ਦੇ ਭਰਾ ਪ੍ਰਵੀਨ ਦੀ ਸ਼ਿਕਾਇਤ 'ਤੇ ਢਕੋਲੀ ਪੁਲਿਸ ਨੇ ਅਣਪਛਾਤੇ ਵਾਹਨ ਚਾਲਕ ਖ਼ ?ਲਾਫ਼ ਕੇਸ ਦਰਜ ਕਰ ਲਿਆ ਪੁਲਿਸ ਨੇ ਘਟਨਾ ਦੇ ਤਿੰਨ ਦਿਨ ਬਾਅਦ ਇੱਕ ਅਣਪਛਾਤੀ ਗੱਡੀ ਖ਼ ?ਲਾਫ਼ ਐੱਫ.ਆਈ.ਆਰ. ਤਾਂ ਦਰਜ ਕੀਤੀ ਪਰ ਅਸਲ ਦੋਸ਼ੀਆਂ ਤੱਕ ਪਹੁੰਚਣ ਵਿੱਚ ਨਾਕਾਮ ਰਹੀ। ਮ੍ਰਿਤਕ ਦੇ ਵਾਰਸਾਂ ਨੇ ਦੋਸ਼ ਲਾਇਆ ਕਿ ਜੇਕਰ ਸਮੇਂ ਸਿਰ ਇਲਾਜ ਮਿਲ ਜਾਂਦਾ ਜਾਂ ਪੁਲਿਸ ਮੁਸਤੈਦੀ ਦਿਖਾਉਂਦੀ ਤਾਂ ਸ਼ਾਇਦ ਉਨ੍ਹਾਂ ਦੇ ਪੁੱਤਰ ਦੀ ਜਾਨ ਬਚ ਸਕਦੀ ਸੀ। ਥਾਣੇ ਦੇ ਬਾਹਰ ਇਕੱਠੇ ਹੋਏ ਲੋਕਾਂ ਨੇ ਪੰਜਾਬ ਸਰਕਾਰ ਅਤੇ ਉੱਚ ਪੁਲਿਸ ਅਧਿਕਾਰੀਆਂ ਤੋਂ ਇਨਸਾਫ਼ ਦੀ ਗੁਹਾਰ ਲਗਾਈ ਹੈ। ਉਨ੍ਹਾਂ ਕਿਹਾ ਕਿ ਮ੍ਰਿਤਕ ਨੌਜਵਾਨ ਆਪਣੇ ਪਰਿਵਾਰ ਦਾ ਸਹਾਰਾ ਸੀ ਅਤੇ ਉਸ ਦੀ ਮੌਤ ਨੇ ਪੂਰੇ ਪਰਿਵਾਰ ਨੂੰ ਝੰਜੋੜ ਕੇ ਰੱਖ ਦਿੱਤਾ ਹੈ। ਪਰਿਵਾਰ ਨੇ ਚਿਤਾਵਨੀ ਦਿੱਤੀ ਹੈ ਕਿ ਜਿੰਨਾ ਚਿਰ ਦੋਸ਼ੀਆਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ, ਉਨ੍ਹਾਂ ਦਾ ਸੰਘਰਸ਼ ਜਾਰੀ ਰਹੇਗਾ। ਪਰਿਵਾਰ ਦਾ ਸਭ ਤੋਂ ਵੱਡਾ ਇਤਰਾਜ਼ ਇਹ ਹੈ ਕਿ ਜੇਕਰ ਪੁਲਿਸ ਚਾਹੁੰਦੀ ਤਾਂ ਸੀ.ਸੀ.ਟੀ.ਵੀ. ਫੁਟੇਜ ਅਤੇ ਹੋਰ ਤਕਨੀਕੀ ਸਾਧਨਾਂ ਰਾਹੀਂ ਹੁਣ ਤੱਕ ਦੋਸ਼ੀਆਂ ਨੂੰ ਕਾਬੂ ਕਰ ਸਕਦੀ ਸੀ। ਇੱਕ ਮਹੀਨਾ ਬੀਤ ਜਾਣ ਤੋਂ ਬਾਅਦ ਵੀ 'ਅਣਪਛਾਤੇ' ਸ਼ਬਦ ਦਾ ਵਰਤਿਆ ਜਾਣਾ ਪਰਿਵਾਰ ਦੇ ਮਨ ਵਿੱਚ ਸ਼ੰਕੇ ਪੈਦਾ ਕਰ ਰਿਹਾ ਹੈ। ਫਿਲਹਾਲ, ਪਰਿਵਾਰਕ ਮੈਂਬਰਾਂ ਵਿੱਚ ਇਸ ਮਾਮਲੇ ਨੂੰ ਲੈ ਕੇ ਕਾਫੀ ਰੋਸ ਪਾਇਆ ਜਾ ਰਿਹਾ ਹੈ ਅਤੇ ਉਨ੍ਹਾਂ ਦੀ ਮੰਗ ਹੈ ਕਿ ਪੰਜਾਬ ਸਰਕਾਰ ਤੁਰੰਤ ਦਖਲ ਦੇ ਕੇ ਪੀੜਤ ਪਰਿਵਾਰ ਨੂੰ ਇਨਸਾਫ਼ ਦਿਵਾਏ।




**ਕੀ ਕਹਿਣਾ ਹੈ ਥਾਣਾ ਢਕੋਲੀ ਦੇ ਐਸਐਚਓ ਸਤਨਾਮ ਸਿੰਘ ਦਾ :** ਇਸ ਸਬੰਧੀ ਜਾਣਕਾਰੀ ਦਿੰਦਿਆਂ ਢਕੋਲੀ ਥਾਣਾ ਮੁਖੀ ਐਸਐਚਓ ਸਤਨਾਮ ਸਿੰਘ ਨੇ ਦੱਸਿਆ ਕਿ ਪੁਲਿਸ ਵੱਲੋਂ ਮਾਮਲੇ ਦੀ ਬਾਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਪੋਸਟਮਾਰਟਮ ਰਿਪੋਰਟ ਵਿੱਚ ਮੌਤ ਦਾ ਕਾਰਨ ਸਿਰ ਵਿੱਚ ਲੱਗੀ ਗੰਭੀਰ ਸੱਟ ਦੱਸਿਆ ਗਿਆ ਹੈ। ਐਸ.ਐਚ.ਓ. ਨੇ ਅੱਗੇ ਦੱਸਿਆ ਕਿ ਸਰੀਰ ਦੇ ਅੰਦਰੂਨੀ ਨਮੂਨੇ (ਵਿਸਰਾ) ਲੈ ਕੇ ਜਾਂਚ ਲਈ ਲੈਬ ਭੇਜੇ ਗਏ ਹਨ। ਉਨ੍ਹਾਂ ਕਿਹਾ, ÷ਅਸੀਂ ਰਿਪੋਰਟ ਦੀ ਉਡੀਕ ਕਰ ਰਹੇ ਹਾਂ। ਮਾਮਲੇ ਵਿੱਚ ਐਫ.ਆਈ.ਆਰ. ਦਰਜ ਹੋ ਚੁੱਕੀ ਹੈ ਅਤੇ ਪੁਲਿਸ ਹਰ ਪਹਿਲੂ ਤੋਂ ਜਾਂਚ ਕਰ ਰਹੀ ਹੈ ਤਾਂ ਜੋ ਸੱਚ ਸਾਹਮਣੇ ਆ ਸਕੇ।÷

# ਪਟਿਆਲਾ ਜ਼ਿਲ੍ਹੇ ਦੇ ਕਿਸਾਨਾਂ ਨੂੰ ਖਰੀਦੀ ਕਣਕ ਦੀ 2077 ਕਰੋੜ ਰੁਪਏ ਦੀ 100 ਫੀਸਦੀ ਅਦਾਇਗੀ : ਡਾ. ਹਿਮਾਂਸ਼ੂ ਅਗਰਵਾਲ

• ਡਿਪਟੀ ਕਮਿਸ਼ਨਰ ਵੱਲੋਂ ਸੰਭਾਵਿਤ ਮੀਂਹ ਦੇ ਮੱਦੇਨਜ਼ਰ ਮੰਡੀਆਂ 'ਚ ਕਣਕ ਦੀ ਸੰਭਾਲ ਬਾਰੇ ਪ੍ਰਬੰਧਾਂ ਦਾ ਜਾਇਜ਼ਾ • ਬਰਸਾਤ ਤੇ ਝੱਖੜ ਤੋਂ ਜਿਣਸ ਦੇ ਬਚਾਅ ਲਈ ਤਰਪਾਲਾਂ ਦੇ ਪ੍ਰਬੰਧ ਪੁਖ਼ਤਾ • ਖਰੀਦ ਏਜੰਸੀਆਂ ਤੇ ਆੜ੍ਹਤੀਆਂ ਨੂੰ ਲੋੜੀਂਦੇ ਪ੍ਰਬੰਧ ਕਰਨ ਦੀ ਹਦਾਇਤ



**ਆਜ਼ਾਦ ਸੋਚ**
**ਹਰਵਿੰਦਰ ਲਾਲੀ**
**ਪਟਿਆਲਾ , 28 ਅਪ੍ਰੈਲ**

ਪਟਿਆਲਾ ਦੇ ਡਿਪਟੀ ਕਮਿਸ਼ਨਰ ਡਾ. ਹਿਮਾਂਸ਼ੂ ਅਗਰਵਾਲ ਨੇ ਸੰਭਾਵਿਤ ਮੀਂਹ ਤੇ ਝੱਖੜ ਦੇ ਮੱਦੇਨਜ਼ਰ ਜ਼ਿਲ੍ਹੇ ਦੀਆਂ ਮੰਡੀਆਂ 'ਚ ਕਣਕ ਦੀ ਸੰਭਾਲ ਬਾਰੇ ਪ੍ਰਬੰਧਾਂ ਦਾ ਜਾਇਜ਼ਾ ਲਿਆ। ਉਨ੍ਹਾਂ ਕਿਹਾ ਕਿ ਬਰਸਾਤ ਤੇ ਝੱਖੜ ਤੋਂ ਜਿਣਸ ਦੇ ਬਚਾਅ ਲਈ ਤਰਪਾਲਾਂ ਦੇ ਪ੍ਰਬੰਧ ਪੁਖ਼ਤਾ ਕੀਤੇ ਗਏ ਹਨ ਪ੍ਰੰਤੂ ਇਸ ਦੇ ਬਾਵਜੂਦ ਵੀ ਜਿੱਥੇ ਕਿਤੇ ਤਰਪਾਲਾਂ ਫਟੀਆਂ ਹੋਈਆਂ ਹੋਣ ਤੇ ਕੋਈ ਕਮੀ ਨਜ਼ਰ ਆ ਰਹੀ ਹੈ ਉੱਥੇ ਤੁਰੰਤ ਲੋੜੀਂਦੇ ਕਦਮ ਚੁੱਕਣ ਲਈ ਖਰੀਦ ਏਜੰਸੀਆਂ ਅਤੇ ਆੜਤੀਆਂ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਮੰਡੀਆਂ ਵਿੱਚ ਕੋਈ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

ਅੱਜ ਇੱਥੇ ਮੰਡੀਆਂ ਵਿੱਚ ਕਣਕ ਦੀ ਖ਼ਰੀਦ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਪਟਿਆਲਾ ਜ਼ਿਲ੍ਹੇ ਦੇ ਕਿਸਾਨਾਂ ਨੂੰ ਉਨ੍ਹਾਂ ਦੀ ਮੰਡੀਆਂ ਵਿੱਚੋਂ ਖ਼ਰੀਦ ਕੀਤੀ ਕਣਕ ਦੀ 2077 ਕਰੋੜ ਰੁਪਏ ਦੀ 100 ਫੀਸਦੀ ਅਦਾਇਗੀ ਕੀਤੀ ਜਾ ਚੁੱਕੀ ਹੈ।

ਉਨ੍ਹਾਂ ਕਿਹਾ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚੋਂ ਇੱਕ ਦਿਨ 'ਚ 47 ਹਜਾਰ ਟਨ ਤੋਂ ਵੱਧ ਕਣਕ ਦੀ ਰਿਕਾਰਡ ਲਿਫਟਿੰਗ ਕਰਵਾਈ ਗਈ ਹੈ।

ਖੁਰਾਕ ਅਤੇ ਸਿਵਲ ਸਪਲਾਈਜ ਅਤੇ ਖਰੀਦ ਏਜੰਸੀਆਂ ਦੇ ਅਧਿਕਾਰੀਆਂ ਨਾਲ ਕੀਤੀ ਗਈ ਬੈਠਕ ਤੋਂ ਬਾਅਦ ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਜ਼ਿਲ੍ਹੇ ਦੀਆਂ ਮੰਡੀਆਂ ਵਿੱਚ ਕਣਕ ਦੀ ਆਮਦ ਨੇ ਤੇਜ਼ੀ ਫੜੀ ਹੋਈ ਹੈ ਅਤੇ ਮੰਡੀਆਂ ਵਿੱਚ ਕਣਕ ਦੀ ਖਰੀਦ ਵੀ ਉਸੇ ਹਿਸਾਬ ਨਾਲ ਕੀਤੀ ਜਾ ਰਹੀ ਹੈ ਜਦਕਿ ਲਿਫਟਿੰਗ ਵਿੱਚ ਵੀ ਤੇਜ਼ੀ ਲਿਆਂਦੀ ਗਈ ਹੈ। ਉਨ੍ਹਾਂ ਦੱਸਿਆ ਕਿ ਕਣਕ ਦੀ ਖਰੀਦ ਦੇ ਨਾਲ ਹੀ ਅਦਾਇਗੀ ਕਿਸਾਨਾਂ ਦੇ ਖਾਤਿਆਂ ਵਿੱਚ ਜਮਾਂ ਕਰਵਾਈ ਜਾ ਰਹੀ ਹੈ ਅਤੇ ਹੁਣ ਤੱਕ 100 ਫ਼ੀਸਦੀ ਅਦਾਇਗੀ ਨਾਲੋ ਨਾਲ ਯਕੀਨੀ ਬਣਾਈ ਗਈ ਹੈ।

ਡਾ. ਹਿਮਾਂਸ਼ੂ ਅਗਰਵਾਲ ਨੇ ਦੱਸਿਆ ਕਿ ਮੰਡੀਆਂ ਵਿੱਚ ਹੁਣ ਤਕ ਕੁੱਲ 8 ਲੱਖ 35 ਹਜ਼ਾਰ 183 ਮੀਟ੍ਰਿਕ ਟਨ ਕਣਕ ਦੀ ਕੁਲ ਆਮਦ ਹੋਈ ਹੈ ਜਿਸ ਵਿੱਚੋਂ 830951 ਮੀਟ੍ਰਿਕ ਟਨ ਕਣਕ ਦੀ ਖਰੀਦ ਕੀਤੀ ਜਾ ਚੁੱਕੀ ਹੈ।

# ਅਣ-ਅਧਿਕਾਰਿਤ ਤੌਰ 'ਤੇ ਲੱਗ ਰਹੇ ਖ਼ੂਨ ਦਾਨ ਕੈਂਪਾਂ 'ਤੇ ਸਿਹਤ ਵਿਭਾਗ ਨੇ ਸਿਕੰਜਾ ਕੱਸਿਆ

**ਆਜ਼ਾਦ ਸੋਚ**
**ਤਰੁਣ ਮਹਿਰਾ /ਅੰਮ੍ਰਿਤਸਰ, 28 ਅਪ੍ਰੈਲ**

– ਪੰਜਾਬ ਸਰਕਾਰ ਦੀਆਂ ਹਦਾਇਤਾਂ ਤਹਿਤ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਧਾਰਮਿਕ ਅਸਥਾਨਾਂ ਦੇ ਬਾਹਰ ਲੱਗ ਰਹੇ ਅਣ-ਅਧਿਕਾਰਿਤ ਖ਼ੂਨ ਦਾਨ ਕੈਂਪਾਂ ਦੀ ਜਾਂਚ ਕਰਨ ਲਈ ਵਿਸ਼ੇਸ਼ ਟੀਮਾਂ ਦਾ ਗਠਨ ਕੀਤਾ ਗਿਆ। ਸਿਵਲ ਸਰਜਨ ਅੰਮ੍ਰਿਤਸਰ ਡਾ. ਸਤਿੰਦਰਜੀਤ ਸਿੰਘ ਬਜਾਜ ਵੱਲੋਂ ਗਠਿਤ ਕੀਤੀ ਇਸ ਟੀਮ ਜਿਸ ਵਿੱਚ ਜਿਲ੍ਹਾ ਸਿਹਤ ਅਫਸਰ ਡਾ. ਜਸਪਾਲ ਸਿੰਘ, ਡਾ ਬੀ.ਟੀ.ਓ. ਡਾ ਰੇਖਾ ਰਾਣਾ ਅਤੇ ਸਹਿਯੋਗੀ ਸਟਾਫ ਸ਼ਾਮਿਲ ਹਨ, ਵੱਲੋਂ ਇੱਕ ਸ਼ਿਕਾਇਤ ਦੇ ਆਧਾਰ ▼ਤੇ ਗੁਰਦੁਆਰਾ ਸ਼ਹੀਦਾਂ ਸਾਹਿਬ ਦੇ ਨੇੜਲੇ ਇਲਾਕੇ ਵਿੱਚ ਲੱਗ ਰਹੇ ਵੱਖ - ਵੱਖ ਖ਼ੂਨਦਾਨ ਕੈਂਪਾਂ ਦੀ ਅਚਾਨਕ ਜਾਂਚ ਕੀਤੀ ਗਈ। ਇਹਨਾਂ ਕੈਂਪਾਂ ਵਿੱਚ ਜਾਂਚ ਦੌਰਾਨ ਕਈ ਤਰ੍ਹਾਂ ਦੀਆਂ ਤਕਨੀਕੀ ਅਤੇ




ਗੰਭੀਰ ਉਲੰਘਣਾਵਾਂ ਸਾਹਮਣੇ ਆਈਆਂ ਜਿਵੇਂ ਕਿ ਬਿਨਾਂ ਮਨਜ਼ੂਰੀ ਦੇ ਖ਼ੂਨਦਾਨ ਕੈਂਪ ਲਗਾਉਣਾ, ਯੋਗ ਸਟਾਫ ਦੀ ਸਟਾਫ ਦੀ ਕਮੀ ਹੋਣਾ, ਬਿਨਾਂ ਮੈਡੀਕਲ ਪ੍ਰੋਫੈਸ਼ਨਲ ਅਤੇ ਟਰੇਂਡ ਸਟਾਫ ਦੇ ਖ਼ੂਨਦਾਨ ਕੈਂਪ ਲਗਾਉਣਾ, ਬੁਨਿਆਦੀ ਕਲੀਨੀਕਲ ਢਾਂਚਾ ਉਪਲਬਧ ਨਾ ਹੋਣਾ ਆਦਿ ਤੋਂ ਇਲਾਵਾ ਖ਼ੂਨ ਦਾਤਾਵਾਂ ਦੀ ਸੁਰੱਖਿਆ ਲਈ ਲੋੜੀਂਦੀਆਂ ਜਰੂਰੀ ਦਵਾਈਆਂ ਅਤੇ ਐਮਰਜੈਂਸੀ ਸੁਵਿਧਾਵਾਂ ਵਿੱਚ ਕਮੀ ਹੋਣਾ ਸ਼ਾਮਿਲ ਸੀ।ਸਿਵਲ ਸਰਜਨ ਡਾ. ਸਤਿੰਦਰਜੀਤ ਸਿੰਘ ਬਜਾਜ ਨੇ ਦੱਸਿਆ ਕਿ ਉਕਤ ਟੀਮ ਨੇ ਦੱਸਿਆ ਕਿ ਜਾਂਚ ਟੀਮ ਦੇ ਪਹੁੰਚਣ ਦੀ ਖ਼ਬਰ ਮਿਲਣ 'ਤੇ ਕਈ ਆਯੋਜਕਾਂ ਨੇ ਅਚਾਨਕ ਆਪਣੇ ਕੈਂਪ ਬੰਦ ਕਰ ਦਿੱਤੇ ਅਤੇ ਮੌਕੇ ਤੋਂ ਫਰਾਰ ਹੋ ਗਏ। ਇਨ੍ਹਾਂ ਅਣ-ਅਧਿਕਾਰਿਤ ਖ਼ੂਨਦਾਨ ਸੰਸਥਾਵਾਂ ਬਾਰੇ ਵਿਸਥਾਰ-ਪੂਰਵਕ ਰਿਪੋਰਟਾਂ ਅਗਲੀ ਕਾਨੂੰਨੀ ਅਤੇ ਪ੍ਰਸ਼ਾਸਕੀ ਕਾਰਵਾਈ ਲਈ ਸਿਵਲ ਸਰਜਨ ਦਫ਼ਤਰ ਨੂੰ ਭੇਜ ਦਿੱਤੀਆਂ ਗਈਆਂ ਹਨ।ਸਿਵਲ ਸਰਜਨ ਡਾ ਸਤਿੰਦਰ ਸਿੰਘ ਬਜਾਜ ਵੱਲੋਂ ਸਾਰੇ ਬਲੱਡ ਸੈਂਟਰਾਂ ਅਤੇ ਐਨਜੀਓਜ਼ ਨੂੰ ਸਖ਼ਤ ਚੇਤਾਵਨੀ ਜਾਰੀ ਕੀਤੀ ਗਈ ਹੈ ਕਿ ਸਾਰੇ ਖ਼ੂਨ ਦਾਨ ਕੈਂਪ ਡਰੱਗਜ਼ ਐਂਡ ਕਾਸਮੈਟਿਕਸ ਐਕਟ ਅਤੇ ਨੈਸ਼ਨਲ ਬਲੱਡ ਟ ?ਰਾਂਸਫਿਊਜ਼ਨ ਕੌਂਸਲ (ਐਨ.ਬੀ.ਟੀ.ਸੀ.) ਦੇ ਨਿਯਮਾਂ ਅਨੁਸਾਰ ਹੀ ਲਗਾਏ ਜਾਣ। ਉਨ੍ਹਾਂ ਕਿਹਾ ਕਿ ÷ਖ਼ੂਨ ਦਾਤਾ ਦੀ ਸੁਰੱਖਿਆ ਅਤੇ ਖ਼ੂਨ ਦੀ ਗੁਣਵੱਤਾ ਸਭ ਤੋਂ ਮਹੱਤਵਪੂਰਨ ਹਨ। ਕੋਈ ਵੀ ਬਲੱਡ ਸੈਂਟਰ ਜੇਕਰ ਬਿਨਾਂ ਯੋਗ ਤਕਨੀਕੀ ਸਟਾਫ ਦੇ ਪਾਇਆ ਗਿਆ ਤਾਂ ਉਸ ਦੇ ਪਰਮਿਸ਼ਨ ਲਾਈਸੈਂਸ ਤੁਰੰਤ ਰੱਦ ਕੀਤੇ ਜਾਣਗੇ ਅਤੇ ਸਖ਼ਤ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਸਿਵਲ ਸਰਜਨ ਡਾ. ਬਜਾਜ ਨੇ ਕਿਹਾ ਕਿ ਸਿਹਤ ਵਿਭਾਗ ਅਜਿਹੀਆਂ ਗਤੀਵਿਧੀਆਂ 'ਤੇ ਤਿੱਖੀ ਨਜ਼ਰ ਰੱਖੇਗਾ ਤਾਂ ਜੋ ਖ਼ੂਨ ਦਾਨ ਵਰਗੇ ਨੇਕ ਕੰਮ ਨੂੰ ਪ੍ਰਭਾਵਿਤ ਨਾ ਹੋਣ ਦਿੱਤਾ ਜਾਵੇ।

# ਸ ਭੁਪਿੰਦਰ ਸਿੰਘ ਲਾਂਗੜੀਆਂ ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ ਜ਼ਿਲ੍ਹਾ ਮਾਲੇਰਕੋਟਲਾ ਦੇ ਪ੍ਰਧਾਨ ਬਣੇ

### ਭੁਪਿੰਦਰ ਸਿੰਘ ਲਾਂਗੜੀਆਂ ਦੇ ਜ਼ਿਲ੍ਹਾ ਪ੍ਰਧਾਨ ਬਣਨ ਨਾਲ ਪਾਰਟੀ ਵਧੇਰੇ ਮਜਬੂਤ ਹੋਵੇਗੀ : ਸਮਿਤ ਸਿੰਘ ਮਾਨ

**ਆਜ਼ਾਦ ਸੋਚ**
**ਕੁਲਵੰਤ ਸਿੰਘ ਮੁਹਾਲੀ/ਮਾਲੇਰਕੋਟਲਾ, 28 ਅਪ੍ਰੈਲ**

ਕਾਂਗਰਸ ਹਾਈ ਕਮਾਂਡ ਵੱਲੋਂ ਹਲਕਾ ਅਮਰਗੜ੍ਹ ਦੇ ਸੀਨੀਅਰ ਕਾਂਗਰਸ ਆਗੂ ਅਤੇ ਸਾਬਕਾ ਬਲਾਕ ਪ੍ਰਧਾਨ ਸ ਭੁਪਿੰਦਰ ਸਿੰਘ ਲਾਂਗੜੀਆਂ ਨੂੰ RGPRS (ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ) ਦੇ ਮਲੇਰਕੋਟਲਾ ਦਾ ਨਵਾਂ ਜ਼ਿਲ੍ਹਾ ਪ੍ਰਧਾਨ ਨਿਯੁਕਤ ਕੀਤਾ ਹੈ। ਇਸ ਮੌਕੇ ਕਾਂਗਰਸ ਪਾਰਟੀ ਦੇ ਰਾਸ਼ਟਰੀ ਬੁਲਾਰੇ ਅਤੇ ਹਲਕਾ ਅਮਰਗੜ੍ਹ ਦੇ ਕਾਂਗਰਸ ਪਾਰਟੀ ਦੇ ਹਲਕਾ ਇੰਚਾਰਜ ਸਮਿਤ ਸਿੰਘ ਮਾਨ ਨੇ ਸ ਭੁਪਿੰਦਰ ਸਿੰਘ ਲਾਂਗੜੀਆਂ ਦੇ ਗ੍ਰਹਿ ਵਿਖੇ ਪਹੁੰਚ ਕੇ ਉਨ੍ਹਾਂ ਮੁਬਾਰਕਬਾਦ ਦਿੱਤੀ ਅਤੇ ਉਨ੍ਹਾਂ ਦਾ ਮੂੰਹ ਮਿੱਠਾ ਕਰਵਾਇਆ ਗਿਆ।ਸ ਸਮਿਤ ਸਿੰਘ ਮਾਨ ਨੇ ਸ ਭੁਪਿੰਦਰ ਸਿੰਘ ਲਾਂਗੜੀਆਂ ਦੀ ਇਸ ਨਿਯੁਕਤੀ ਲਈ ਕਾਂਗਰਸ ਪਾਰਟੀ ਦੀ ਸਮੁੱਚੀ ਹਾਈ ਕਮਾਂਡ ਦਾ ਵੀ ਵਿਸ਼ੇਸ ਤੌਰ ਤੇ ਧੰਨਵਾਦ ਕੀਤਾ। ਇਸ ਮੌਕੇ RGPRS (ਰਾਜੀਵ ਗਾਂਧੀ ਪੰਚਾਇਤੀ ਰਾਜ ਸੰਗਠਨ) ਦੇ ਨਵ ਨਿਯੁਕਤ ਜ਼ਿਲ੍ਹਾ ਮਾਲੇਰਕੋਟਲਾ ਦੇ ਪ੍ਰਧਾਨ ਸ ਭੁਪਿੰਦਰ ਸਿੰਘ ਲਾਂਗੜੀਆਂ ਨੇ ਆਪਣੀ ਇਸ ਨਿਯੁਕਤੀ ਲਈ ਸ ਸਮਿਤ ਸਿੰਘ ਮਾਨ ਹਲਕਾ ਇੰਚਾਰਜ ਅਮਰਗੜ੍ਹ ਅਤੇ ਪਾਰਟੀ ਹਾਈ ਕਮਾਂਡ ਦੀ ਸਮੁੱਚੀ ਲੀਡਰਸ਼ਿਪ ਦਾ ਧੰਨਵਾਦ ਕਰਦਿਆਂ ਕਿਹਾ ਕਿ ਪਾਰਟੀ ਵੱਲੋਂ ਜੋ ਮੇਰੇ ਉੱਪਰ ਵਿਸ਼ਵਾਸ ਕਰਕੇ ਮੈਨੂੰ ਇਹ ਜੋ ਜ਼ਿੰਮੇਵਾਰੀ ਸੌਂਪੀ ਗਈ ਹੈ ਉਹ ਇਸਨੂੰ ਪੂਰੀ ਮਿਹਨਤ ਅਤੇ ਇਮਾਨਦਾਰੀ ਨਾਲ ਨਿਭਾਉਣ ਲਈ ਹਰ ਤਰਾਂ ਦੇ ਯਤਨ ਕਰਨਗੇ ਅਤੇ ਪਾਰਟੀ ਦੀ ਮਜ਼ਬੂਤੀ ਲਈ ਦਿਨ ਰਾਤ ਇੱਕ ਕਰਕੇ ਮਿਹਨਤ ਕਰਨਗੇ। ਇਸ ਮੌਕੇ ਯੂਥ ਕਾਂਗਰਸ ਆਗੂ ਜਸਵਿੰਦਰ ਸਿੰਘ ਜੱਸੀ ਚੀਮਾ ਅਤੇ ਹੋਰ ਪਾਰਟੀ ਵਰਕਰ ਵੀ ਹਾਜ਼ਰ ਸਨ।



# ਸਰਕਾਰੀ ਸਕੂਲ ਸੰਗਤਪੁਰ ਸੋਢੀਆਂ ਵਿਖੇ ਬਿਜਨਸ ਬਲਾਸਟਰ ਤਹਿਤ ਲਗਾਇਆ ਗਿਆ ਪ੍ਰਦਰਸ਼ਨੀ ਮੇਲਾ



**ਆਜ਼ਾਦ ਸੋਚ**
**ਸੁਨੀਲ ਵਰਮਾ**
**ਫਤਿਹਗੜ੍ਹ ਸਾਹਿਬ,28 ਅਪ੍ਰੈਲ**

ਸਰਕਾਰੀ ਸੀਨੀਅਰ ਸਕੈਂਡਰੀ ਸਮਾਰਟ ਸਕੂਲ ਸੰਗਤਪੁਰ ਸੋਢੀਆਂ ਵਿਖੇ ਬਿਜਨਸ ਬਲਾਸਟਰ ਦੇ ਤਹਿਤ ਪ੍ਰਦਰਸ਼ਨੀ ਮੇਲਾ ਲਗਾਇਆ ਗਿਆ ਜਿਸ ਵਿੱਚ ਵਿਦਿਆਰਥੀਆਂ ਵੱਲੋਂ ਵੱਖ ਵੱਖ ਪ੍ਰਦਰਸ਼ਨੀਆਂ ਲਗਾ ਕੇ ਆਪਣੇ ਰੁਜ਼ਗਾਰ ਨੂੰ ਵਧਾਉਣ ਦੇ ਲਈ ਨਵੀਂ ਤਕਨੀਕ ਵਰਤੀ ਗਈ। ਇਸ ਮੇਲੇ ਦਾ ਉਦਘਾਟਨ ਸਕੂਲ ਇੰਚਾਰਜ ਲੈਕਚਰਾਰ ਸੰਦੀਪ ਸੂਦ ਵੱਲੋਂ ਕੀਤਾ ਗਿਆ।

ਇਸ ਮੌਕੇ ਲੈਕਚਰਾਰ ਸੰਦੀਪ ਸੂਦ ਨੇ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਕੀਤਾ ਗਿਆ ਇਹ ਉਪਰਾਲਾ ਬਹੁਤ ਹੀ ਸ਼ਲਾਘਾਯੋਗ ਹੈ। ਜਿਸ ਦੇ ਨਾਲ ਵਿਦਿਆਰਥੀਆਂ ਦੇ ਅੰਦਰ ਦੇ ਹੁਨਰ ਨੂੰ ਬਾਹਰ ਕੱਢਿਆ ਜਾ ਸਕਦਾ। ਇਸ ਪ੍ਰੋਗਰਾਮ ਦੇ ਤਹਿਤ ਵਿਦਿਆਰਥੀਆਂ ਦੇ ਵੱਲੋਂ ਵੱਖ-ਵੱਖ ਡਿਸ਼ਿਜ ਤਿਆਰ ਕੀਤੀਆਂ ਗਈਆਂ ਜਿਸ ਨੂੰ ਮੁਨਾਫਾ ਰੱਖ ਕੇ ਬਹੁਤ ਹੀ ਜਾਇਜ਼ ਰੇਟਾਂ ਦੇ ਉੱਤੇ ਵੇਚਿਆ ਗਿਆ। ਸਰਕਾਰ ਦਾ ਉਦੇਸ਼ ਵਿਦਿਆਰਥੀਆਂ ਨੂੰ ਆਪਣੇ ਅੰਦਰ ਦੇ ਹੁਨਰ ਨੂੰ ਬਾਹਰ ਕੱਢਣ ਦੇ ਲਈ ਪ੍ਰੇਰਿਤ ਕਰਨਾ ਹੈ ਤਾਂ ਜੋ ਇੱਕ ਸਕਿਲ ਵਿਦਿਆਰਥੀਆਂ ਦੇ ਅੰਦਰ ਪੈਦਾ ਹੋ ਸਕੇ। ਅੱਜ ਦੇ ਮਸ਼ੀਨੀ ਯੁੱਗ ਵਿੱਚ ਸਕਿਲ ਦੀ ਬਹੁਤ ਮਾਨਤਾ ਹੈ ਜਿਹੜੇ ਵਿਦਿਆਰਥੀ ਸਕੀਲ ਨੂੰ ਪਹਿਚਾਣ ਲੈਣਗੇ ਉਹ ਆਉਣ ਵਾਲੇ ਸਮੇਂ ਦੇ ਵਿੱਚ ਕਾਮਯਾਬ ਜਰੂਰ ਹੋਣਗੇ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਅਧਿਆਪਕਾਂ ਇਕਬਾਲ ਕੌਰ ਨੇ ਦੱਸਿਆ ਕਿ ਗਿਆਰਵੀਂ ਅਤੇ ਬਾਰਵੀਂ ਦੇ ਵਿਦਿਆਰਥੀਆਂ ਵੱਲੋਂ ਬਿਜਨਸ ਬਲਾਸਟਰ ਦੇ ਤਹਿਤ ਵੱਖ-ਵੱਖ ਤਰ੍ਹਾਂ ਦੀਆਂ ਸਟਾਲਸ ਲਗਾਈਆਂ ਗਈਆਂ ਸਨ, ਜਿਨਾਂ ਦੇ ਵਿੱਚ ਮੋਮੋਜ, ਮੈਂਗੋ ਸ਼ੇਕ, ਬ੍ਰੈਡ ਪਕੌੜਾ, ਮਿਲਕ ਸ਼ੇਕ, ਬਨਾਨਾ ਸ਼ੇਕ, ਕੋਲਡ ਕਾਫੀ, ਸਰਦਈ ਆਦਿ ਸ਼ਾਮਿਲ ਸਨ। ਵਿਦਿਆਰਥੀਆਂ ਵੱਲੋਂ ਬਹੁਤ ਹੀ ਸ਼ੁੱਧਤਾ ਦੇ ਨਾਲ ਇਹਨਾਂ ਚੀਜ਼ਾਂ ਨੂੰ ਤਿਆਰ ਕੀਤਾ ਗਿਆ ਅਤੇ ਜਾਇਜ਼ ਰੇਟਾਂ ਦੇ ਉੱਤੇ ਵੇਚਿਆ ਗਿਆ। ਸਰਕਾਰ ਵੱਲੋਂ ਵਿਦਿਆਰਥੀਆਂ ਦੇ ਅੰਦਰ ਦੇ ਹੁਨਰ ਨੂੰ ਬਾਹਰ ਕੱਢਣ ਦੇ ਲਈ ਅਤੇ ਉਹਨਾਂ ਨੂੰ ਆਰਥਿਕ ਪੱਖੋਂ ਮਜਬੂਤ ਬਣਾਉਣ ਦੇ ਲਈ ਇਹ ਯਤਨ ਕੀਤਾ ਗਿਆ ਹੈ। ਵਿਦਿਆਰਥੀਆਂ ਨੂੰ ਚਾਹੀਦਾ ਹੈ ਕਿ ਉਹ ਸਕੂਲ ਟਾਈਮ ਤੋਂ ਬਾਅਦ ਇਸ ਤਰਹਾਂ ਦੇ ਤਰੀਕੇ ਅਪਣਾਉਣ ਅਤੇ ਆਪਣੇ ਘਰ ਦੀ ਹਾਲਤ ਨੂੰ ਆਰਥਿਕ ਪੱਖੋਂ ਮਜਬੂਤ ਬਣਾਉਣ।

ਇਸ ਮੌਕੇ ਹੋਰਨਾਂ ਤੋਂ ਇਲਾਵਾ ਬਲਜੀਤ ਕੌਰ ਨੋਡਲ ਬਿਜਨਸ ਬਲਾਸਟਰ, ਅਮਨਦੀਪ ਕੌਰ, ਗੁਰਸਤਵੀਰ ਕੌਰ, ਰੋਸ਼ਾ ਸਿੰਘ , ਤਰੁਨ ਮਿੱਤਲ, ਇਕਬਾਲ ਕੌਰ, ਸੁਨੀਤਾ ਰਾਣੀ, ਕੁਲਜਿੰਦਰ ਕੌਰ, ਵਰਿੰਦਰ ਸਿੰਘ, ਗੁਰਦੀਪ ਸਿੰਘ, ਲਖਬੀਰ ਸਿੰਘ , ਜਸਵਿੰਦਰ ਸਿੰਘ , ਹਰਪ੍ਰੀਤ ਕੌਰ ਆਦਿ ਵੀ ਹਾਜਰ ਸਨ।

# ਰਾਜਾ ਵੜਿੰਗ ਤੇ ਪ੍ਰਤਾਪ ਸਿੰਘ ਬਾਜਵਾ ਪੰਜਾਬ ਦੇ ਮਨੁੱਖੀ ਅਧਿਕਾਰਾਂ ਸੰਬੰਧੀ ਆਪਣਾ ਤੇ ਆਪਣੀ ਕਾਂਗਰਸ ਪਾਰਟੀ ਦਾ ਸਟੈਂਡ ਸਪੱਸਟ ਕਰਨ : ਮਾਨ

**ਆਜ਼ਾਦ ਸੋਚ**
**ਸੁਨੀਲ ਵਰਮਾ**
**ਫ਼ਤਹਿਗੜ੍ਹ ਸਾਹਿਬ,28 ਅਪ੍ਰੈਲ**

ਅਸੀਂ ਪੰਜਾਬ ਕਾਂਗਰਸ ਦੇ ਪ੍ਰਧਾਨ ਸ. ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਆਗੂ ਸ. ਪ੍ਰਤਾਪ ਸਿੰਘ ਬਾਜਵਾ ਨੂੰ ਪੰਜਾਬ ਅਤੇ ਬਾਹਰਲੇ ਮੁਲਕਾਂ ਵਿਚ ਇੰਡੀਅਨ ਹੁਕਮਰਾਨਾਂ ਅਤੇ ਮੋਦੀ ਹਕੂਮਤ ਦੇ ਕੈਬਨਿਟ ਵਜੀਰਾਂ ਤੇ ਖੂਫੀਆ ਏਜੰਸੀਆਂ ਵੱਲੋ ਪੰਜਾਬ ਵਿਚ ਗੈਰ ਕਾਨੂੰਨੀ ਅਤੇ ਗੈਰ ਇਨਸਾਨੀਅਤ ਢੰਗ ਨਾਲ ਹੋਣ ਵਾਲੇ ਕਤਲਾਂ ਉਤੇ ਪੰਜਾਬ ਵਿਧਾਨ ਸਭਾ ਵਿਚ ਅਤੇ ਜਨਤਕ ਤੌਰ ਤੇ ਦ੍ਰਿੜਤਾ ਨਾਲ ਆਵਾਜ ਉਠਾਉਣ ਲਈ ਕਈ ਵਾਰ ਦੋਵਾਂ ਨੂੰ ਪੱਤਰ ਲਿਖ ਚੁੱਕੇ ਹਾਂ । ਪਰ ਦੁੱਖ ਅਤੇ ਅਫਸੋਸ ਹੈ ਉਪਰੋਕਤ ਦੋਵਾਂ ਜਿੰਮੇਵਾਰ ਆਗੂਆ ਵੱਲੋ ਇਸ ਵਿਸੇ ਉਤੇ ਕੋਈ ਸਪੱਸਟ ਨਹੀ ਕੀਤਾ ਗਿਆ ਕਿ ਇਨ੍ਹਾਂ ਆਗੂਆ ਅਤੇ ਉਨ੍ਹਾਂ ਦੀ ਕਾਂਗਰਸ ਜਮਾਤ ਦਾ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੇ ਹੋ ਰਹੇ ਵੱਡੇ ਹਨਨ ਉਤੇ ਕੀ ਸਟੈਂਡ ਹੈ ਅਤੇ ਇਸ ਵਿਰੁੱਧ ਉਹ ਆਵਾਜ ਕਿਉਂ ਨਹੀਂ ਉਠਾਅ ਰਹੇ ? ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਪੰਜਾਬ ਕਾਂਗਰਸ ਦੇ ਪ੍ਰਧਾਨ ਸ. ਵੜਿੰਗ ਅਤੇ ਵਿਰੋਧੀ ਧਿਰ ਦੇ ਆਗੂ ਸ. ਬਾਜਵਾ ਨੂੰ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੇ ਹੋਣ ਵਾਲੇ ਉਲੰਘਣ ਸੰਬੰਧੀ ਜਨਤਾ ਦੀ ਕਚਹਿਰੀ ਵਿਚ ਖੜ੍ਹਾ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਜਦੋ ਤਹਿਜੀਬ ਅਤੇ ਸਲੀਕਾ ਇਸ ਗੱਲ ਦੀ ਮੰਗ ਕਰਦੇ ਹਨ ਕਿ ਕਿਸੇ ਵਿਰੋਧੀ ਪਾਰਟੀ ਦੇ ਆਗੂ ਵੱਲੋ ਕਿਸੇ ਜਮਾਤ ਦੇ ਆਗੂ ਨੂੰ ਕਿਸੇ ਮੁੱਦੇ ਉਤੇ ਪੱਤਰ ਲਿਖਿਆ ਜਾਵੇ ਉਸਦਾ ਜੁਆਬ ਵੀ ਮਿਲਣਾ ਚਾਹੀਦਾ ਹੈ ਅਤੇ ਅਮਲ ਵੀ ਹੋਣਾ ਚਾਹੀਦਾ ਹੈ । ਪਰ ਸਾਨੂੰ ਅੱਜ ਤੱਕ ਇਨ੍ਹਾਂ ਦੋਵਾਂ ਆਗੂਆਂ ਵੱਲੋ ਕੋਈ



ਜੁਆਬ ਨਾ ਮਿਲਣਾ ਅਤਿ ਦੁੱਖਦਾਇਕ ਹੈ । ਉਨ੍ਹਾਂ ਕਿਹਾ ਕਿ ਜੋ ਮੁਤੱਸਵੀ ਮੋਦੀ ਹਕੂਮਤ ਅਤੇ ਉਸਦੀ ਕੈਬਨਿਟ ਵਿਚ ਸਾਮਿਲ ਗ੍ਰਹਿ ਵਜੀਰ ਅਮਿਤ ਸ਼ਾਹ, ਵਿਦੇਸ ਵਜੀਰ ਜੈਸੰਕਰ, ਰੱਖਿਆ ਵਜੀਰ ਰਾਜਨਾਥ ਸਿੰਘ, ਸੁਰੱਖਿਆ ਸਲਾਹਕਾਰ ਅਜੀਤ ਡੋਵਾਲ, ਰਾਅ ਮੁੱਖੀ ਰਵੀ ਸਿਨ੍ਹਾ ਅਤੇ ਸਾਬਕਾ ਰਾਅ ਮੁੱਖੀ ਸੰਮਤ ਗੋਇਲ ਨੇ ਹਰਦੀਪ ਸਿੰਘ ਨਿੱਝਰ, ਰਿਪੁਦਮਨ ਸਿੰਘ ਮਲਿਕ, ਸੁਖਦੂਲ ਸਿੰਘ ਕੈਨੇਡਾ, ਅਵਤਾਰ ਸਿੰਘ ਖੰਡਾ ਬਰਤਾਨੀਆ, ਪਰਮਜੀਤ ਸਿੰਘ ਪੰਜਵੜ ਤੇ ਲਖਬੀਰ ਸਿੰਘ ਰੋਡੇ ਪਾਕਿਸਤਾਨ, ਦੀਪ ਸਿੰਘ ਸਿੱਧੂ ਹਰਿਆਣਾ, ਸੁਭਦੀਪ ਸਿੰਘ ਸਿੱਧੂ ਮੂਸੇਵਾਲਾ ਅਤੇ ਗੁਰਪ੍ਰੀਤ ਸਿੰਘ ਹਰੀਨੌ ਪੰਜਾਬ ਦੇ ਕਤਲ ਕਰਵਾਏ ਅਤੇ ਅਮਰੀਕਨ ਨਾਗਰਿਕ ਗੁਰਪਤਵੰਤ ਸਿੰਘ ਪੰਨੂ ਨੂੰ ਮਾਰਨ ਦੀ ਕੋਸਿਸ ਕੀਤੀ । ਇਸ ਕੇਸ ਵਿਚ ਨਿਖਿਲ ਗੁਪਤਾ ਨੂੰ ਅਮਰੀਕਨ ਸਰਕਾਰ ਨੇ ਗ੍ਰਿਫਤਾਰ ਕੀਤਾ ਹੋਇਆ ਹੈ । ਇੰਝ ਜਾਪਦਾ ਹੈ ਕਿ ਪੰਜਾਬ ਅਤੇ ਬਾਹਰਲੇ ਮੁਲਕਾਂ ਵਿਚ ਸਿੱਖਾਂ ਦੇ ਸਾਜਸੀ ਢੰਗ ਨਾਲ ਹੋ ਰਹੇ ਕਤਲੇਆਮ ਦੀ ਜੋ ਉਪਰੋਕਤ ਮੋਦੀ ਜੂੰਡਲੀ ਦੀ ਪਾਲਸੀ ਹੈ, ਕਾਂਗਰਸ, ਆਮ ਆਦਮੀ ਪਾਰਟੀ ਦੀ ਵੀ ਸਿੱਖਾਂ ਵਿਰੁੱਧ ਉਹੀ ਪਾਲਸੀ ਹੈ । ਇਸ ਸੋਚ ਉਤੇ ਇਹ ਮਿਲੇ ਹੋਏ ਹਨ । ਜੋ ਕਿ ਬਹੁਤ ਹੀ ਅਫਸੋਸਨਾਕ ਸੋਚ ਤੇ ਵਰਤਾਰਾ ਹੈ । ਉਨ੍ਹਾਂ ਕਿਹਾ ਕਿ ਜਦੋ ਇਹ ਕਾਂਗਰਸੀ ਵੋਟਾਂ ਲੈਣ ਜਾਣਗੇ ਤਾਂ ਅੱਗੋ ਜੋ ਇਨ੍ਹਾਂ ਦੀ ਪੰਜਾਬ ਤੇ ਸਿੱਖ ਕੌਮ ਵਿਰੋਧੀ ਪਾਲਸੀ ਦੀ ਬਦੌਲਤ ਸਿੱਖਾਂ ਤੇ ਪੰਜਾਬੀਆਂ ਵੱਲੋ ਜੁਆਬ ਮਿਲੇਗਾ, ਫਿਰ ਉਨ੍ਹਾਂ ਨੂੰ ਨਮੋਸੀ ਹੀ ਮਿਲੇਗੀ । ਕਿਉਂਕਿ ਮਨੁੱਖੀ ਅਧਿਕਾਰਾਂ ਦੀ ਰੱਖਿਆ ਦੇ ਸੰਬੰਧ ਵਿਚ ਉਹ ਸਟੈਂਡ ਨਹੀ ਲੈ ਰਹੇ । ਜੋ ਲੋਕ ਆਮ ਆਦਮੀ ਪਾਰਟੀ ਛੱਡਕੇ ਜਾ ਰਹੇ ਹਨ, ਉਸਦਾ ਵੱਡਾ ਕਾਰਨ ਇਹ ਹੈ ਕਿ ਆਮ ਆਦਮੀ ਪਾਰਟੀ ਦੀ ਪੰਜਾਬੀਆਂ ਅਤੇ ਸਿੱਖ ਕੌਮ ਦੀ ਬਿਹਤਰੀ ਲਈ ਕੋਈ ਵਿਚਾਰਧਾਰਾ ਨਹੀ ਹੈ । ਜੋ ਕਿ ਬੀਜੇਪੀ ਦੀ ਤਰ੍ਹਾਂ ਹਿੰਦੂ ਰਾਸਟਰ ਬਣਾਉਣ ਵਿਚ ਹੀ ਵਿਸਵਾਸ ਰੱਖਦੇ ਹਨ।

# ਸ੍ਰੋਮਣੀ ਅਕਾਲੀ ਦਲ (ਪੂਨਰ ਸੁਰਜੀਤ) ਨੇ ਆਪਣੇ ਪ੍ਰੋਗਰਾਮ ਏਜੰਡੇ 'ਚ ਮੁਸਲਿਮ ਵਰਗ ਦੇ ਵਿਕਾਸ ਦੀ ਦਿੱਤੀ ਵਚਨਬੱਧਤਾ

### ਐਡਵੋਕੇਟ ਜ਼ੁਲਫਕਾਰ ਮਲਿਕ ਨੇ ਵਿਜ਼ਨ ਦਸਤਾਵੇਜ਼ ਕਮੇਟੀ ਦੇ ਚੇਅਰਮੈਨ ਇਕਬਾਲ ਝੂੰਦਾ ਦਾ ਕੀਤਾ ਧੰਨਵਾਦ

**ਆਜ਼ਾਦ ਸੋਚ**
**ਸ਼ਾਹਿਦ ਜ਼ੁਬੈਰੀ**
**ਮਾਲੇਰਕੋਟਲਾ, 28 ਅਪ੍ਰੈਲ**

ਸ੍ਰੋਮਣੀ ਅਕਾਲੀ ਦਲ (ਪੂਨਰ ਸੁਰਜੀਤ) ਦੇ ਪ੍ਰਮੁੱਖ ਆਗੂ ਅਤੇ ਪਾਰਟੀ ਦਾ ਪ੍ਰੋਗਰਾਮ (ਵਿਜ਼ਨ ਦਸਤਾਵੇਜ) ਤਿਆਰ ਕਰਨ ਵਾਲੀ 7 ਮੈਂਬਰੀ ਕਮੇਟੀ ਦੇ ਚੇਅਰਮੈਨ ਸਾਬਕਾ ਵਿਧਾਇਕ ਐਡਵੋਕੇਟ ਇਕਬਾਲ ਸਿੰਘ ਝੂੰਦਾ ਵੱਲੋਂ ਆਪਣੀ ਪਾਰਟੀ ਦੇ ਜਾਰੀ ਕੀਤੇ ਗਏ ਸਮੁੱਚੇ ਪ੍ਰੋਗਰਾਮ ਏਜੰਡੇ (ਵਿਜ਼ਨ ਦਸਤਾਵੇਜ) 'ਚ ਘੱਟ ਗਿਣਤੀਆਂ ਦੇ ਹੱਕਾਂ ਤੇ ਹਿੱਤਾਂ ਦੀ ਰਾਖੀ ਦੇ ਨਾਲ-ਨਾਲ ਘੱਟ ਗਿਣਤੀ ਧਾਰਮਿਕ ਅਸਥਾਨਾਂ ਅਤੇ ਧਾਰਮਿਕ ਗਰੰਥਾਂ ਦੀ ਰਾਖੀ ਲਈ ਦਿੱਤੀ ਗਈ ਵਚਨਬੱਧਤਾ ਲਈ ਐਡਵੋਕੇਟ ਇਕਬਾਲ ਸਿੰਘ ਝੂੰਦਾ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕਰਦਿਆਂ ਪੰਜਾਬ ਵਕਫ ਬੋਰਡ ਦੇ ਸਾਬਕਾ ਸੀ.ਈ.ਓ. ਐਡਵੋਕੇਟ ਜੁਲਫਕਾਰ ਅਲੀ ਮਾਲਿਕ ਨੇ ਕਿਹਾ ਕਿ ਦੇਸ਼ ਦੀ ਅਜ਼ਾਦੀ ਲਈ ਵੱਡੀ ਪੱਧਰ 'ਤੇ ਕੁਰਬਾਨੀਆਂ ਦੇਣ ਵਾਲੇ ਮੁਸਲਿਮ ਵਰਗ ਦੇ ਵਿਕਾਸ ਅਤੇ ਭਲਾਈ ਲਈ ਦੇਸ਼ ਅੰਦਰ ਸਰਗਰਮ ਸਿਆਸੀ ਪਾਰਟੀਆਂ ਕੋਲ ਕੋਈ ਪ੍ਰੋਗਰਾਮ ਜਾਂ ਏਜੰਡਾ ਨਹੀਂ ਹੈ।ਜ਼ੁਲਫਕਾਰ ਮਲਿਕ ਨੇ ਕਿਹਾ ਕਿ ਸ੍ਰੋਮਣੀ ਅਕਾਲੀ ਦਲ (ਪੂਨਰ ਸੁਰਜੀਤ) ਨੇ ਮੁਸਲਿਮ ਵਰਗ ਦੀ ਭਲਾਈ ਅਤੇ ਵਿਕਾਸ ਦੇ ਮੁੱਦੇ ਨੂੰ ਆਪਣੇ ਮੁੱਖ ਏਜੰਡੇ 'ਚ ਸ਼ਾਮਲ ਕਰਕੇ ਇੱਕ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਕੀਤਾ ਹੈ।ਦੇਸ਼ ਅੰਦਰ ਰਾਜ ਕਰਦੀਆਂ ਸਰਕਾਰਾਂ ਤੋਂ ਮੁਸਲਿਮ ਭਾਈਚਾਰੇ ਦੀ ਆਰਥਿਕ ਮਜ਼ਬੂਤੀ ਦੇ ਲਈ ਵਿਸ਼ੇਸ਼ ਕਰਜਾ ਸਕੀਮਾਂ ਅਤੇ ਉਦਯੋਗਿਕ ਸਹਾਇਤਾ ਦਿੱਤੇ ਜਾਣ ਦੀ ਮੰਗ ਕਰਦਿਆਂ ਐਡਵੋਕੇਟ ਜ਼ੁਲਫਕਾਰ ਮਾਲਿਕ ਨੇ ਕਿਹਾ ਕਿ ਮੁਸਲਿਮ ਵਿਦਿਆਰਥੀਆਂ ਨੂੰ ਉੱਚ ਸਿੱਖਿਆ ਦੀ ਪ੍ਰਾਪਤੀ ਲਈ ਵਜ਼ੀਫਾ ਦਿੱਤਾ ਜਾਵੇ ਅਤੇ ਸਰਕਾਰੀ ਨੌਕਰੀਆਂ ਤੇ ਕਿੱਤਾ ਮੁਖੀ ਪੜ੍ਹਾਈ 'ਚ ਰਾਖਵਾਂਕਰਨ ਦੀ ਵਿਵਸਥਾ ਕੀਤੀ ਜਾਵੇ।ਇਸ ਤੋਂ ਇਲਾਵਾ ਮਸਜਿਦਾਂ ਅਤੇ ਕਬਰਸਤਾਨਾਂ ਦੀ ਹਿਫਾਜ਼ਤ ਅਤੇ ਦੇਖਭਾਲ ਲਈ ਪੰਜਾਬ ਵਕਫ ਬੋਰਡ ਦੇ ਨਾਲ ਮਿਲ ਕੇ ਮਦਦ ਕੀਤੀ ਜਾਵੇ। ਲੰਬੇਂ ਸਮੇਂ ਤੋਂ ਸਰਕਾਰਾਂ ਦੀ ਅਣਦੇਖੀ ਦਾ ਸ਼ਿਕਾਰ ਚੱਲੇ ਆਉਂਦੇ ਮਾਲੇਰਕੋਟਲਾ ਇਲਾਕੇ 'ਚ ਮੈਡੀਕਲ ਅਤੇ ਇੰਜਨੀਅਰਿੰਗ ਕਾਲਜ ਦੀ ਸਥਾਪਨਾ ਕੀਤੇ ਜਾਣ ਨੂੰ ਸਮੇਂ ਦੀ ਮੁੱਖ ਲੋੜ ਦੱਸਦਿਆਂ ਉਨ੍ਹਾਂ ਕਿਹਾ ਕਿ ਮੁਸਲਿਮ ਲੜਕੀਆਂ ਲਈ ਬੀ.ਐਡ. ਅਤੇ ਨਰਸਿੰਗ ਦੀ ਸਿੱਖਿਆ ਮੁਫਤ ਕੀਤੀ ਜਾਣੀ ਚਾਹੀਦੀ ਹੈ।ਐਡਵੋਕੇਟ ਜ਼ੁਲਫਕਾਰ ਮਲਿਕ ਨੇ ਕਿਹਾ ਕਿ ਨੀਟ, ਜੇ.ਈ.ਈ ਅਤੇ ਸਿਵਲ ਸੇਵਾਵਾਂ ਦੀ ਤਿਆਰੀ ਕਰਨ ਵਾਲੇ ਮੁਸਲਿਮ ਵਿਦਿਆਰਥੀਆਂ ਲਈ ਵਿਸ਼ੇਸ਼ ਵਜ਼ੀਫਾ ਅਤੇ ਹੋਸਟਲ ਦਾ ਪ੍ਰਬੰਧ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਵਿਧਾਨ ਸਭਾ 'ਚ ਵਕਫ ਸੋਧ ਬਿਲ ਦੇ ਖਿਲਾਫ ਬਿਲ ਪਾਸ ਕੀਤਾ ਜਾਵੇ, ਕਿਉਂਕਿ ਇਹ ਪੰਜਾਬ ਸਰਕਾਰ ਦੇ ਕਾਨੂੰਨ ਮੁਤਾਬਕ ਅਧਿਕਾਰ ਖੇਤਰ 'ਚ ਹੈ।ਇਸ ਤੋਂ ਇਲਾਵਾ ਦੇਸ਼ ਦੀ ਹਰੇਕ ਵਿਧਾਨ ਸਭਾ 'ਚ ਘੱਟੋ-ਘੱਟ ਇੱਕ ਮੁਸਲਿਮ ਕੈਬਨਿਟ ਮੰਤਰੀ ਜ਼ਰੂਰ ਹੋਣਾ ਚਾਹੀਦਾ ਹੈ, ਜਿਹੜਾ ਆਪਣੇ ਸੂਬੇ ਦੇ ਮੁਸਲਿਮ ਭਾਈਚਾਰੇ ਦੀਆਂ ਮੰਗਾਂ ਅਤੇ ਸਮੱਸਿਆਵਾਂ ਦੀ ਅਵਾਜ਼ ਸਰਕਾਰਾਂ ਤੱਕ ਪਹੁੰਚਾ ਸਕੇ। ਮਾਲੇਰਕੋਟਲਾ ਦੇ ਲੜਕਿਆਂ ਵਾਲੇ ਇਸਲਾਮੀਆ ਸੀਨੀਅਰ ਸੈਕੰਡਰੀ ਸਕੂਲ 'ਚ ਖਾਲੀ ਪਈਆਂ ਏਡਡ ਅਸਾਮੀਆਂ ਨੂੰ ਤੁਰੰਤ ਭਰੇ ਜਾਣ ਦੀ ਮੰਗ ਕਰਦਿਆਂ ਐਡਵੋਕੇ ਜੁਲਫਕਾਰ ਮਲਿਕ ਨੇ ਕਿਹਾ ਕਿ ਇਸ ਨਾਲ ਇਲਾਕੇ ਦੇ ਨੌਜਵਾਨਾਂ ਨੂੰ ਜਿਥੇ ਰੁਜ਼ਗਾਰ ਮਿਲੇਗਾ ਉਥੇ ਸਮੇਂ ਦੇ ਮੁਤਾਬਕ ਵਿਦਿਆਰਥੀਆਂ ਦਾ ਸਿੱਖਿਆ ਪੱਧਰ ਵੀ ਉੱਚਾ ਉੱਠੇਗਾ।ਮਾਲੇਰਕੋਟਲਾ ਇਲਾਕੇ 'ਚ ਉਰਦੂ ਪੜ੍ਹਣ ਤੇ ਸਿੱਖਣ ਵਾਲੇ ਉਰਦੂ ਪ੍ਰੇਮੀਆਂ ਦੀ ਅੱਜ ਵੀ ਵੱਡੀ ਗਿਣਤੀ ਮੌਜੂਦ ਹੋਣ ਨੂੰ ਮੱਦੇਨਜ਼ਰ ਰੱਖਦੇ ਹੋਏ ਉਰਦੂ ਟੀਚਰਾਂ ਦੀਆਂ ਪੋਸਟਾਂ ਵੀ ਰੈਗੂਲਰ ਤੌਰ ਤੇ ਕੱਢੀਆਂ ਜਾਣ। ਵਿਧਵਾ, ਤਲਾਕਸ਼ੁਦਾ ਅਤੇ ਗਰੀਬ ਮੁਸਲਿਮ ਔਰਤਾਂ ਨੂੰ ਆਪਣੇ ਕਾਰੋਬਾਰ ਕਰਕੇ ਆਤਮ ਨਿਰਭਰ ਬਣਾਉਣ ਲਈ ਵਿਸ਼ੇਸ਼ ਆਰਥਿਕ ਮਦਦ ਦਿੱਤੀ ਜਾਵੇ। ਜ਼ੁਲਫਕਾਰ ਅਲੀ ਮਲਿਕ ਨੇ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਹਾਅ ਦੇ ਨਾਅਰੇ ਦੀ ਧਰਤੀ ਮਾਲੇਰਕੋਟਲਾ ਦੀ ਇਤਿਹਾਸਕ ਮਹੱਤਤਾ ਨੂੰ ਦੇਖਦੇ ਹੋਏ ਜ਼ਿਲ੍ਹਾ ਮਾਲੇਰਕੋਟਲਾ ਲਈ ਵਿਸ਼ੇਸ਼ ਆਰਥਿਕ ਪੈਕੇਜ ਦਿੱਤਾ ਜਾਵੇ ਤਾਂ ਜੋ ਜ਼ਿਲਾ ਕੰਪਲੈਕਸ ਸਮੇਤ ਹੋਰ ਸਰਕਾਰੀ ਦਫਤਰਾਂ ਦੀਆਂ ਇਮਾਰਤਾਂ ਦੀ ਜਲਦ ਉਸਾਰੀ ਕਰਕੇ ਆਪਣੇ ਕੰਮਾਂ-ਕਾਰਾਂ ਲਈ ਦਰ-ਦਰ ਸਰਕਾਰੀ ਦਫਤਰਾਂ 'ਚ ਧੱਕੇ ਖਾਂਦੇ ਲੋਕਾਂ ਨੂੰ ਇੱਕੋ ਛੱਤ ਹੇਠ ਸਾਰੀਆਂ ਸਹੂਲਤਾਂ ਮੁਹੱਈਆ ਕਰਵਾਈਆਂ ਜਾ ਸਕਣ।



# ਜਲ ਸਰੋਤ ਮੰਤਰੀ ਬਰਿੰਦਰ ਗੋਇਲ ਨੇ ਵਿਧਾਇਕ ਧਾਲੀਵਾਲ ਦੇ ਨਾਲ ਬੀ.ਓ.ਪੀ. ਸ਼ਾਹਪੁਰ ਵਿਖੇ ਰਾਵੀ ਦਰਿਆ ਦੇ ਧੁੱਸੀ ਬੰਨ੍ਹ ਵਿਖੇ ਚਲ ਰਹੇ ਹੜ੍ਹ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ





**ਆਜ਼ਾਦ ਸੋਚ**
**ਤਰੁਣ ਮਹਿਰਾ**
**ਅਜਨਾਲਾ/ਅੰਮ੍ਰਿਤਸਰ, 28 ਅਪ੍ਰੈਲ**

==========================

ਸੂਬੇ ਦੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਗੋਇਲ ਨੇ ਅੱਜ ਜ਼ਿਲ੍ਹਾ ਅੰਮ੍ਰਿਤਸਰ ਦੀ ਬੀ.ਓ.ਪੀ. ਸ਼ਾਹਪੁਰ ਵਿਖੇ ਰਾਵੀ ਦਰਿਆ ਦੇ ਧੁੱਸੀ ਬੰਨ੍ਹ ਵਿਖੇ ਚਲ ਰਹੇ ਹੜ੍ਹ ਸੁਰੱਖਿਆ ਪ੍ਰਬੰਧਾਂ ਦਾ ਜਾਇਜ਼ਾ ਲਿਆ ਗਿਆ। ਇਸ ਮੌਕੇ ਉਨ੍ਹਾਂ ਨਾਲ ਵਿਧਾਨ ਹਲਕਾ ਅਜਨਾਲਾ ਦੇ ਵਿਧਾਇਕ ਸ. ਕੁਲਦੀਪ ਸਿੰਘ ਧਾਲੀਵਾਲ ਅਤੇ ਜਲ ਸਰੋਤ ਵਿਭਾਗ ਦੇ ਨਿਗਰਾਨ ਇੰਜੀਨੀਅਰ ਸ੍ਰੀ ਜਗਦੀਸ਼ ਰਾਜ, ਕਾਰਜਕਾਰੀ ਇੰਜੀਨੀਅਰ ਸ੍ਰੀ ਵਿਸ਼ਵਪਾਲ ਗੋਇਲ ਅਤੇ ਉੱਪ ਮੰਡਲ ਅਫ਼ਸਰ ਸ. ਸਤਨਾਮ ਸਿੰਘ ਵੀ ਮੌਜੂਦ ਸਨ।

ਪਿਛਲੇ ਸਾਲ ਆਏ ਹੜ੍ਹਾਂ ਕਾਰਨ ਬੀ.ਓ.ਪੀ. ਸ਼ਾਹਪੁਰ ਵਿਖੇ ਰਾਵੀ ਦਰਿਆ ਦਾ ਧੁੱਸੀ ਬੰਨ੍ਹ ਟੁੱਟ ਗਿਆ ਸੀ ਅਤੇ ਜਲ ਸਰੋਤ ਵਿਭਾਗ ਵੱਲੋਂ ਇਸ ਪਾੜ ਨੂੰ ਭਰਨ ਤੋਂ ਬਾਅਦ ਪੱਥਰ ਲਗਾ ਕੇ ਮਜ਼ਬੂਤ ਕੀਤਾ ਜਾ ਰਿਹਾ ਹੈ। ਇਸ ਥਾਂ 'ਤੇ ਹੜ੍ਹ ਰੋਕੂ ਪ੍ਰਬੰਧਾਂ ਤਹਿਤ ਜਲ ਸਰੋਤ ਵਿਭਾਗ ਵੱਲੋਂ 4 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ।

ਇਸ ਮੌਕੇ ਪੱਤਰਕਾਰਾਂ ਨਾਲ ਗੱਲ ਕਰਦਿਆਂ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਗੋਇਲ ਨੇ ਕਿਹਾ ਕਿ ਪੰਜਾਬ ਸਰਕਾਰ ਮਾਨਸੂਨ ਸੀਜਨ ਤੋਂ ਪਹਿਲਾਂ ਹੜ੍ਹਾਂ ਜਾਂ ਭਾਰੀ ਮੀਂਹ ਕਰਕੇ ਹੁੰਦੇ ਨੁਕਸਾਨ ਨੂੰ ਘੱਟ ਤੋਂ ਘੱਟ ਕਰਨ ਅਤੇ ਜਾਨ-ਮਾਲ ਦੀ ਰਾਖੀ ਲਈ ਸਰਗਰਮੀ ਨਾਲ ਕੰਮ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਵੱਲੋਂ ਹੜ੍ਹ ਰੋਕੂ ਪ੍ਰਬੰਧਾਂ ਤਹਿਤ 600 ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਪਿਛਲੇ ਸਾਲ ਹੜ੍ਹ ਆਉਣ ਤੋਂ ਬਾਅਦ ਜਲ ਸਰੋਤ ਵਿਭਾਗ ਵੱਲੋਂ 4 ਦਰਿਆਵਾਂ 'ਤੇ ਦੋ-ਦੋ ਨਿਗਰਾਨ ਇੰਜੀਨੀਅਰਾਂ ਦੀ ਅਗਵਾਈ ਵਿਚ ਕਮੇਟੀਆਂ ਬਣਾਈਆਂ ਗਈਆਂ ਸਨ ਅਤੇ ਇਨ੍ਹਾਂ ਕਮੇਟੀ ਨੇ 132 ਥਾਵਾਂ ਦੀ ਨਾਜੁਕ ਥਾਵਾਂ ਨਿਸ਼ਾਨਦੇਹੀ ਕੀਤੀ ਅਤੇ ਇਨ੍ਹਾਂ ਸਾਰੀਆਂ ਥਾਵਾਂ ▼ਤੇ ਹੜ੍ਹ ਰੋਕੂ ਪ੍ਰਬੰਧਾਂ ਤਹਿਤ ਕੰਮ ਚੱਲ ਰਿਹਾ ਹੈ ਜਿਨ੍ਹਾਂ ਵਿਚੋਂ ਕੁਝ ਮੁਕੰਮਲ ਹੋ ਗਏ ਹਨ ਅਤੇ ਰਹਿੰਦੇ ਸਾਰੇ ਕੰਮ 30 ਜੂਨ 2026 ਤੱਕ ਮੁਕੰਮਲ ਕਰ ਲਏ ਜਾਣਗੇ।

ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਗੋਇਲ ਨੇ ਕਿਹਾ ਕਿ ਪਿਛਲੇ ਬਰਸਾਤੀ ਸੀਜ਼ਨ ਦੌਰਾਨ ਆਏ ਹੜ੍ਹਾਂ ਕਾਰਨ ਦਰਿਆ ਰਾਵੀ ਦੇ ਧੁੱਸੀ ਬੰਨ੍ਹ ਵਿੱਚ 23 ਥਾਵਾਂ ਤੋਂ ਪਾੜ ਪਿਆ ਸੀ ਅਤੇ ਵਿਭਾਗ ਵੱਲੋਂ ਇਨ੍ਹਾਂ ਪਾੜਾਂ ਨੂੰ ਪੂਰ ਕੇ ਪੱਥਰ ਲਗਾ ਕੇ ਇਨ੍ਹਾਂ ਦੀ ਮਜ਼ਬੂਤੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਦਰਿਆ ਵਿੱਚ ਡੀ-ਸਿਲਟਿੰਗ ਦਾ ਕੰਮ ਵੀ ਜੰਗੀ ਪੱਧਰ 'ਤੇ ਚੱਲ ਰਿਹਾ ਹੈ ਅਤੇ ਮਨਾਸੂਨ ਸੀਜ਼ਨ ਤੋਂ ਪਹਿਲਾਂ-ਪਹਿਲਾਂ ਇਸ ਨੂੰ ਮੁਕੰਮਲ ਕਰ ਲਿਆ ਜਾਵੇਗਾ। ਉਨ੍ਹਾਂ ਕਿਹਾ ਕਿ ਸ਼ੱਕੀ ਨਾਲੇ ਦੀ ਸਫ਼ਾਈ ਦਾ ਕੰਮ ਵੀ ਜਾਰੀ ਹੈ। ਹੋਰ ਬਰਸਾਤੀ ਨਾਲਿਆਂ ਦੀ ਸਫ਼ਾਈ ਵੀ ਕੀਤੀ ਜਾ ਰਹੀ ਹੈ।

ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਗੋਇਲ ਨੇ ਅੱਗੇ ਦੱਸਿਆ ਕਿ ਸੂਬਾ ਸਰਕਾਰ ਵੱਲੋਂ ਹੜ੍ਹ ਰੋਕਥਾਮ, ਰਾਹਤ ਬੁਨਿਆਦੀ ਢਾਂਚੇ ਨੂੰ ਮਜਬੂਤ ਕਰਨ ਅਤੇ ਨਹਿਰਾਂ ਅਤੇ ਨਾਲਿਆਂ (ਡਰੇਨਾਂ) ਦੀ ਸਫਾਈ ਵਾਸਤੇ ਫਿਨਲੈਂਡ ਤੋਂ ਉੱਨਤ ਕਿਸਮ ਦੀਆਂ ਐਂਫੀਬੀਅਸ ਮਸੀਨਾਂ (ਪਾਣੀ ਵਿੱਚ ਅਤੇ ਧਰਤੀ 'ਤੇ ਚੱਲਣ ਵਾਲੀਆਂ ਮਸੀਨਾਂ) ਦੀ ਖਰੀਦ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਇਹ ਮਸੀਨਾਂ ਵਗਦੇ ਪਾਣੀ ਵਿੱਚ ਵੀ ਕੰਮ ਕਰਨ ਅਤੇ ਡੂੰਘਾਈ ਨਾਲ ਸਫ਼ਾਈ ਦੇ ਸਮਰੱਥ ਹਨ, ਜੋ ਇਨ੍ਹਾਂ ਮਸ਼ੀਨਾਂ ਨੂੰ ਰੋਕਥਾਮ ਉਪਾਵਾਂ ਅਤੇ ਐਮਰਜੈਂਸੀ ਕਾਰਵਾਈ ਲਈ ਮਹੱਤਵਪੂਰਨ ਬਣਾਉਂਦਾ ਹੈ। ਉਨ੍ਹਾਂ ਕਿਹਾ ਕਿ ਇਹ ਬਹੁ-ਮੰਤਵੀ ਮਸੀਨਾਂ ਡੂੰਘਾਈ ਨਾਲ ਸਫ਼ਾਈ ਕਰ ਸਕਦੀਆਂ ਹਨ ਜਿਸ ਲਈ ਸੰਭਾਵਿਤ ਅਤੇ ਐਮਰਜੈਂਸੀ ਹਾਲਾਤਾਂ ਵਿੱਚ ਹੜ੍ਹ ਰਾਹਤ ਕਾਰਜਾਂ ਵਾਸਤੇ ਇਨ੍ਹਾਂ ਮਸ਼ੀਨਾਂ ਨੂੰ ਖ਼ਰੀਦਿਆ ਜਾ ਰਿਹਾ ਹੈ।

ਇਸ ਮੌਕੇ ਵਿਧਾਇਕ ਅਜਨਾਲਾ ਸ. ਕੁਲਦੀਪ ਸਿੰਘ ਧਾਲੀਵਾਲ ਨੇ ਜਲ ਸਰੋਤ ਮੰਤਰੀ ਸ੍ਰੀ ਬਰਿੰਦਰ ਗੋਇਲ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ ਦੀ ਅਗਵਾਈ ਵਿੱਚ ਜਲ ਸਰੋਤ ਵਿਭਾਗ ਵੱਲੋਂ ਹੜ੍ਹ ਰੋਕੂ ਪ੍ਰਬੰਧਾਂ ਨੂੰ ਸਮਾਂ ਰਹਿੰਦੇ ਪੂਰਾ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਪਿਛਲੇ ਸਾਲ ਅਜਨਾਲਾ ਹਲਕੇ ਦੇ ਕਈ ਪਿੰਡਾਂ ਨੂੰ ਹੜ੍ਹਾਂ ਦੀ ਮਾਰ ਝੱਲਣੀ ਪਈ ਸੀ ਅਤੇ ਮਾਨ ਸਰਕਾਰ ਵੱਲੋਂ ਹੜ੍ਹ ਪੀੜਤਾਂ ਦੀ ਬਾਂਹ ਫੜ ਕੇ ਉਨ੍ਹਾਂ ਦੀ ਹਰ ਤਰ੍ਹਾਂ ਨਾਲ ਮਦਦ ਕੀਤੀ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਮਾਨਸੂਨ ਤੋਂ ਪਹਿਲਾਂ ਸਾਰੇ ਹੜ੍ਹ ਰੋਕੂ ਪ੍ਰਬੰਧ ਮੁਕੰਮਲ ਕੀਤੇ ਜਾ ਰਹੇ ਹਨ ਅਤੇ ਰਾਜ ਸਰਕਾਰ ਲੋਕਾਂ ਦੇ ਜਾਨ-ਮਾਲ ਦੀ ਰਾਖੀ ਲਈ ਵਚਨਬੱਧ ਹੈ।

**• ਪੰਜਾਬ ਸਰਕਾਰ ਵੱਲੋਂ ਹੜ੍ਹ ਰੋਕੂ ਪ੍ਰਬੰਧਾਂ ਉੱਪਰ 600 ਕਰੋੜ ਰੁਪਏ ਕੀਤੇ ਜਾ ਰਹੇ ਹਨ ਖ਼ਰਚ - ਜਲ ਸਰੋਤ ਮੰਤਰੀ • ਮਾਨਸੂਨ ਤੋਂ ਪਹਿਲਾਂ ਹੜ੍ਹਾਂ ਦੇ ਸੁਰੱਖਿਆਂ ਪ੍ਰਬੰਧਾਂ ਨੂੰ ਮਜਬੂਤ ਕਰਨ ਲਈ ਰਾਜ ਸਰਕਾਰ ਵੱਲੋਂ ਐਂਫੀਬੀਅਸ ਮਸੀਨਾਂ ਖਰੀਦੀਆਂ ਜਾਣਗੀਆਂ - ਜਲ ਸਰੋਤ ਮੰਤਰੀ • ਸਮਾਂ ਰਹਿੰਦੇ ਹੜ੍ਹ ਰੋਕੂ ਪ੍ਰਬੰਧ ਕਰਨ ਲਈ ਵਿਧਾਇਕ ਧਾਲੀਵਾਲ ਨੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ**

# ਮੈਡੀਕਲ ਪ੍ਰੈਕਟੀਸਨਰਜ ਐਸੋਸੀਏਸ਼ਨ ਮਲੇਰਕੋਟਲਾ ਦੇ ਦੂਜੀ ਵਾਰ ਸਰਬ ਸੰਮਤੀ ਨਾਲ ਬਣੇ ਜ਼ਿਲ੍ਹਾ ਪ੍ਰਧਾਨ ਡਾਕਟਰ ਬਲਜਿੰਦਰ ਸਿੰਘ ਚੱਕ



**ਆਜ਼ਾਦ ਸੋਚ**
**ਸ਼ਾਹਿਦ ਜ਼ੁਬੈਰੀ/ਮਲੇਰਕੋਟਲਾ , 28 ਅਪ੍ਰੈਲ**

==========================

ਮੈਡੀਕਲ ਪ੍ਰੈਕਟੀਸਨਰਜ ਐਸੋਸੀਏਸ਼ਨ ਪੰਜਾਬ ਰਜਿ 295 ਦੇ ਸੂਬਾ ਪ੍ਰਧਾਨ ਡਾਕਟਰ ਜਸਵਿੰਦਰ ਸਿੰਘ ਕਾਲਖ ਵੱਲੋਂ ਦਿੱਤੀਆਂ ਗਈਆਂ ਹਦਾਇਤਾਂ ਦੇ ਅਨੁਸਾਰ ਹਰੇਕ ਬਲਾਕ ਜ਼ਿਲ੍ਹਾ ਅਤੇ ਸੂਬੇ ਦਾ ਦੋ ਸਾਲਾਂ ਬਾਅਦ ਅਜਲਾਸ ਕਰਵਾਉਣ ਲਈ ਕਿਹਾ ਗਿਆ ਸੀ ਉਸਦੇ ਤਹਿਤ ਪਿਛਲੇ ਦਿਨੀ ਜ਼ਿਲ੍ਹਾ ਮਲੇਰਕੋਟਲਾ ਦਾ ਦੋ ਸਾਲਾ ਅਜਲਾਸ ਕਰਵਾਇਆ ਗਿਆ। ਇਹ ਅਜਲਾਸ ਸ਼ਹੀਦ ਭਗਤ ਸਿੰਘ ਦੀ ਸ਼ਹੀਦੀ ਨੂੰ ਸਮਰਪਿਤ ਸੁਰਾਜ ਹਸਪਤਾਲ ਕੰਗਣਵਾਲ ਵਿਖੇ ਸਟੇਟ ਕਮੇਟੀ ਮੈਂਬਰ ਡਾਕਟਰ ਮੁਹੰਮਦ ਉਸਮਾਨ ਅਤੇ ਡਾਕਟਰ ਉੱਤਮ ਸਿੰਘ ਧਲੇਰ ਜੀ ਦੀ ਪ੍ਰਧਾਨਗੀ ਹੇਠ ਕਰਵਾਇਆ ਗਿਆ ਇਸ ਅਜਲਾਸ ਵਿੱਚ ਬਲਾਕਾਂ ਦੀਆਂ ਕੋਰ ਕਮੇਟੀ ਤੋਂ ਇਲਾਵਾ ਵੱਡੀ ਗਿਣਤੀ ਵਿੱਚ ਮੈਡੀਕਲ ਪ੍ਰੈਕਟੀਸ਼ਨਰਜ ਨੇ ਭਾਗ ਲਿਆ। ਸਭ ਤੋਂ ਪਹਿਲਾਂ ਸਾਡੇ ਵਿੱਚੋਂ ਪਿਛਲੇ ਦੋ ਸਾਲਾਂ ਦੌਰਾਨ ਵਿਛੜ ਚੁੱਕੇ ਸਾਥੀ ਜਾਂ ਸਾਡੇ ਸੰਯੁਕਤ ਪਰਿਵਾਰ ਦੇ ਵਿਛੜ ਚੁੱਕੇ ਮੈਂਬਰਾਂ ਨੂੰ ਇੱਕ ਮਿੰਟ ਦਾ ਮੋਨ ਧਾਰਕੇ ਸ਼ਰਧਾਂਜਲੀ ਦਿੱਤੀ ਗਈ ਉਸ ਤੋਂ ਬਾਅਦ ਜ਼ਿਲ੍ਹਾ ਸਕੱਤਰ ਡਾਕਟਰ ਸੁਰਾਜ ਦੀਨ ਕੰਗਣਵਾਲ ਨੇ ਪਿਛਲੇ ਦੋ ਸਾਲਾਂ ਦੀ ਕਾਰਗੁਜ਼ਾਰੀ ਰਿਪੋਰਟ ਪੜਕੇ ਸੁਣਾਈ ਗਈ ਅਤੇ ਉਸਦੇ ਵਿਚਾਰ ਵਟਾਂਦਰਾ ਕੀਤਾ ਗਿਆ ਅਤੇ ਰਿਪੋਰਟ ਪਾਸ ਕੀਤੀ ਗਈ।

ਜ਼ਿਲ੍ਹਾ ਖਜਾਨਚੀ ਡਾਕਟਰ ਜਸਵੰਤ ਸਿੰਘ ਝਨੇਰ ਨੇ ਮੈਡੀਕਲ ਪ੍ਰੈਕਟੀਸ਼ਨਰਜ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਸਾਨੂੰ ਜਥੇਬੰਦੀ ਨੂੰ ਹੋਰ ਮਜਬੂਤ ਕਰਨ ਲਈ ਹਰ ਇੱਕ ਮੈਂਬਰ ਨੂੰ ਦਿਨ ਰਾਤ ਮੋਢੇ ਨਾਲ ਮੋਢਾ ਲਾ ਕੇ ਕੰਮ ਕਰਨਾ ਚਾਹੀਦਾ ਹੈ ਅਤੇ ਜਥੇਬੰਦੀ ਨੂੰ ਹੋਰ ਬੁਲੰਦੀਆਂ ਵੱਲ ਲੈ ਕੇ ਜਾਣਾ ਚਾਹੀਦਾ ਹੈ। ਬਲਾਕ ਪ੍ਰਧਾਨ ਅਹਿਮਦਗੜ ਡਾਕਟਰ ਸਤਨਾਮ ਸਿੰਘ ਝਨੇਰ ਅਤੇ ਮਲੇਰਕੋਟਲਾ ਦੇ ਬਲਾਕ ਪ੍ਰਧਾਨ ਡਾਕਟਰ ਅਵਤਾਰ ਸਿੰਘ ਤੋਂ ਇਲਾਵਾ ਬਲਾਕ ਖਜਾਨਚੀ ਡਾਕਟਰ ਅਮਰਜੀਤ ਸਿੰਘ ਧਲੇਰ ਨੇ ਵੀ ਸੰਬੋਧਨ ਕੀਤਾ। ਜ਼ਿਲ੍ਹਾ ਪ੍ਰਧਾਨ ਮਲੇਰਕੋਟਲਾ ਡਾਕਟਰ ਬਲਜਿੰਦਰ ਸਿੰਘ ਚੱਕ ਨੇ ਪਿਛਲੀ ਕਮੇਟੀ ਨੂੰ ਭੰਗ ਕਰਕੇ ਨਵੀਂ ਕਮੇਟੀ ਦੀ ਚੋਣ ਕਰਨ ਦੀ ਇਜਾਜ਼ਤ ਦਿੱਤੀ ਗਈ ਆਏ ਹੋਏ ਸਟੇਟ ਕਮੇਟੀ ਮੈਂਬਰਾਂ ਦੀ ਹਾਜ਼ਰੀ ਵਿੱਚ ਜ਼ਿਲ੍ਹਾ ਮਲੇਰਕੋਟਲਾ ਤੋਂ ਵੱਡੀ ਗਿਣਤੀ ਵਿੱਚ ਆਏ ਹੋਏ ਮੈਂਬਰਾਂ ਨੇ ਸਰਬ ਸੰਮਤੀ ਨਾਲ ਡਾਕਟਰ ਬਲਜਿੰਦਰ ਸਿੰਘ ਚੱਕ ਨੂੰ ਜ਼ਿਲ੍ਹਾ ਪ੍ਰਧਾਨ ਚੁਣਿਆ ਗਿਆ।

ਇਸ ਤੋਂ ਇਲਾਵਾ ਡਾਕਟਰ ਸੁਰਾਜ ਦੀਨ ਕੰਗਣਵਾਲ ਨੂੰ ਜ਼ਿਲ੍ਹਾ ਸਕੱਤਰ, ਡਾਕਟਰ ਇਮਤਿਆਜ ਸੰਨਿਆਸੀ ਨੂੰ ਖਜਾਨਚੀ ਡਾਕਟਰ, ਅਮਰਜੀਤ ਸਿੰਘ ਧਲੇਰ ਨੂੰ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ, ਡਾਕਟਰ ਰਣ ਸਿੰਘ ਰਟੋਲਾਂ ਨੂੰ ਜੁਆਇੰਟ ਸਕੱਤਰ, ਡਾਕਟਰ ਜਗਰੂਪ ਸਿੰਘ ਸੰਦੌੜ ਨੂੰ ਜੋਇੰਟ ਕੈਸੀਅਰ, ਡਾਕਟਰ ਹਰਦੀਪ ਕੁਮਾਰ ਬਬਲਾ ਜੀ ਨੂੰ ਚੇਅਰਮੈਨ, ਡਾਕਟਰ ਜਸਵੰਤ ਸਿੰਘ ਝਨੇਰ ਨੂੰ ਸਰਪ੍ਰਸਤ ਜ਼ਿਲ੍ਹਾ ਪ੍ਰੈਸ ਸਕੱਤਰ, ਡਾਕਟਰ ਗੁਰਪਿਆਰ ਸਿੰਘ ਧਨੋ ਸਟੇਟ ਕਮੇਟੀ ਮੈਂਬਰ, ਉੱਤਮ ਸਿੰਘ ਧਲੇਰ ਅਤੇ ਸਟੇਟ ਕਮੇਟੀ ਮੈਂਬਰ ਡਾਕਟਰ ਮੁਹੰਮਦ ਉਸਮਾਨ ਮਲੇਰਕੋਟਲਾ ਅਤੇ ਡਾਕਟਰ ਅਮਜਦ ਖਾਨ ਮਲੇਰਕੋਟਲਾ ਨੂੰ ਮੀਤ ਪ੍ਰਧਾਨ ਲਾਇਆ ਗਿਆ। ਇਸ ਚੋਣ ਵਿੱਚ ਹੋਰਨਾਂ ਤੋਂ ਇਲਾਵਾ ਡਾਕਟਰ ਸੁਰਾਜ ਚੱਕ, ਡਾਕਟਰ ਰਜਿੰਦਰ ਸਿੰਘ ਅਹਿਮਦਗੜ, ਡਾਕਟਰ ਪ੍ਰਗਟ ਸਿੰਘ ਚੱਕ ਬਲਾਕ ਕੈਸ਼ੀਅਰ ਅਹਿਮਦਗੜ, ਡਾਕਟਰ ਤਾਹਿਰ, ਡਾਕਟਰ ਬਹਾਦਰ ਸਿੰਘ, ਡਾਕਟਰ ਪਰਸੋਤਮ, ਡਾਕਟਰ ਜਗਦੀਪ ਸਿੰਘ ਖਟੜਾ, ਡਾਕਟਰ ਕੁਲਵਿੰਦਰ ਸਿੰਘ ਗਿੱਲ, ਡਾਕਟਰ ਰਮਨਪ੍ਰੀਤ ਕੌਰ ਕੰਗਣਵਾਲ, ਡਾਕਟਰ ਫਿਰੋਜ ਧਲੇਰ ਅਤੇ ਡਾਕਟਰ ਬਲਵੰਤ ਸਿੰਘ ਸੰਦੌੜ ਆਦਿ ਹਾਜ਼ਰ ਸਨ।

# ਨਿਊਜ਼ੀਲੈਂਡ ਦੇ ਸੰਸਦ ਮੈਂਬਰ ਡਾਨਾ ਕਿਰਕਪੈਟ੍ਰਿਕ ਗੁਰਦੁਆਰਾ ਬੰਗਲਾ ਸਾਹਿਬ ਵਿੱਖੇ ਹੋਏ ਨਤਮਸਤਕ

**ਆਜ਼ਾਦ ਸੋਚ**
**ਸੁਖਰਾਜ ਸਿੰਘ/ਨਵੀਂ ਦਿੱਲੀ, 28 ਅਪ੍ਰੈਲ**

==========================

ਨਿਊਜ਼ੀਲੈਂਡ ਦੇ ਸੰਸਦ ਮੈਂਬਰ ਡਾਨਾ ਕਿਰਕਪੈਟ੍ਰਿਕ (ਨੈਸ਼ਨਲ ਪਾਰਟੀ) ਅਤੇ ਰੀਮਾ ਨਾਖਲੇ, ਸਾਬਕਾ ਸੰਸਦ ਮੈਂਬਰ ਬਖ਼ਸ਼ੀ ਕਵਲਜੀਤ ਸਿੰਘ ਸਮੇਤ ਰੰਜੇ ਸਿੱਕਾ ਅਤੇ ਹੀਨਾ ਸਿੱਕਾ ਨੇ ਦਿੱਲੀ ਵਿੱਚ ਸਥਿਤ ਗੁਰਦੁਆਰਾ ਸ੍ਰੀ ਬੰਗਲਾ ਸਾਹਿਬ ਪਹੁੰਚ ਕੇ ਮੱਥਾ ਟੇਕਿਆ। ਇਸ ਦੌਰਾਨ ਉਨ੍ਹਾਂ ਨੇ ਗੁਰੂ ਘਰ ਵਿੱਚ ਅਰਦਾਸ ਕੀਤੀ ਅਤੇ ਸੰਗਤਾਂ ਨਾਲ ਸਮਾਂ ਬਿਤਾਇਆ। ਇਸ ਮੌਕੇ ਦਿੱਲੀ ਤੋਂ ਅਕਾਲੀ ਆਗੂ ਸ. ਗੁਣਜੀਤ ਸਿੰਘ ਬਖ਼ਸ਼ੀ ਵੀ ਉਨ੍ਹਾਂ ਦੇ ਨਾਲ ਮੌਜੂਦ ਰਹੇ।ਗੁਰਦੁਆਰਾ ਬੰਗਲਾ ਸਾਹਿਬ ਵਿੱਚ ਉਨ੍ਹਾਂ ਦੀ ਮੌਜੂਦਗੀ ਨੇ ਇਹ ਸੰਦੇਸ਼ ਦਿੱਤਾ ਕਿ ਉਨ੍ਹਾਂ ਦੇ ਦਿਲਾਂ ਵਿੱਚ ਸਿੱਖੀ ਪ੍ਰਤੀ ਡੂੰਘੀ ਆਸਥਾ ਅਤੇ ਸਤਿਕਾਰ ਹੈ। ਵਿਦੇਸ਼ੀ ਜਨ ਪ੍ਰਤਿਨਿਧੀਆਂ ਵੱਲੋਂ ਇਸ ਤਰ੍ਹਾਂ ਗੁਰੂ ਘਰ ਵਿੱਚ ਸ਼ੀਸ਼ ਨਿਵਾਉਣਾ ਧਾਰਮਿਕ ਸਾਂਝ ਅਤੇ ਆਪਸੀ ਭਾਈਚਾਰੇ ਦਾ ਪ੍ਰਤੀਕ ਮੰਨਿਆ ਜਾ ਰਿਹਾ ਹੈ। ਇਸ ਮੌਕੇ ਇਹ ਵੀ ਚਰਚਾ ਰਹੀ ਕਿ ਸਿੱਖ ਸਮਾਜ ਪ੍ਰਤੀ ਇਸੇ ਜੁੜਾਅ ਅਤੇ ਭਰੋਸੇ ਦੇ ਕਾਰਨ ਬਖ਼ਸ਼ੀ ਕਵਲਜੀਤ ਸਿੰਘ ਨੂੰ ਤਿੰਨ ਵਾਰ ਸੰਸਦ ਮੈਂਬਰ ਚੁਣਿਆ ਗਿਆ। ਸੰਗਤ ਨੇ ਇਸ ਨੂੰ ਸਿੱਖ ਕੌਮ ਦੀ ਏਕਤਾ ਅਤੇ ਮਜ਼ਬੂਤ ਸਮਾਜਿਕ ਪਕੜ ਦਾ ਉਦਾਹਰਨ ਦੱਸਿਆ। ਇਸ ਨਾਲ ਭਾਰਤ ਅਤੇ ਨਿਊਜ਼ੀਲੈਂਡ ਦੇ ਰਿਸ਼ਤਿਆਂ ਨੂੰ ਹੋਰ ਮਜ਼ਬੂਤ ਕਰਨ ਵਿੱਚ ਵੀ ਮੱਦਦ ਮਿਲੇਗੀ। ਇਸ ਮੌਕੇ ਗੁਰਦੁਆਰਾ ਬੰਗਲਾ ਸਾਹਿਬ ਦੇ ਹੈੱਡ ਗ੍ਰੰਥੀ ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਵੱਲੋਂ ਸਾਰੇ ਸੰਸਦ ਮੈਂਬਰਾਂ ਅਤੇ ਹੋਰ ਮਹਿਮਾਨਾਂ ਨੂੰ ਗੁਰੂ ਘਰ ਦਾ ਸਿਰੋਪਾ ਭੇਟ ਕੀਤਾ ਗਿਆ।





# ਸ਼੍ਰੋਮਣੀ ਅਕਾਲੀ ਦਲ ਨੂੰ ਲੱਗਾ ਵੱਡਾ ਝਟਕਾ, ਰਣਜੀਤ ਸਿੰਘ ਗਿੱਲ ਦੀ ਅਗਵਾਈ 'ਚ ਕਈ ਸਾਬਕਾ ਅਕਾਲੀ ਕੌਂਸਲਰ ਸਾਥੀਆਂ ਸਮੇਤ ਭਾਜਪਾ 'ਚ ਸ਼ਾਮਿਲ

**ਆਜ਼ਾਦ ਸੋਚ**
**ਹਰਜਿੰਦਰ ਭੰਗੂ**
**ਕੁਰਾਲੀ, 28 ਅਪ੍ਰੈਲ**

==========================

ਸਥਾਨਕ ਸ਼ਹਿਰ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਉਸ ਸਮੇਂ ਵੱਡਾ ਝੱਟਕਾ ਲੱਗਿਆ ਜਦੋਂ ਪਾਰਟੀ ਦੇ ਕਈ ਸਾਬਕਾ ਕੌਂਸਲਰ ਸ਼੍ਰੋਮਣੀ ਅਕਾਲੀ ਦਲ ਨੂੰ ਛੱਡਕੇ ਭਾਜਪਾ ਦੇ ਸੀਨੀਅਰ ਆਗੂ ਰਾਣਾ ਰਣਜੀਤ ਸਿੰਘ ਗਿੱਲ ਦੀ ਅਗਵਾਈ ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋ ਗਏ । ਅੱਜ ਭਾਜਪਾ ਵਿੱਚ ਸ਼ਾਮਿਲ ਹੋਣ ਵਾਲੇ ਸਾਬਕਾ ਕੌਂਸਲਰਾਂ ਵਿੱਚ ਨਗਰ ਕੌਂਸਲ ਕੁਰਾਲੀ ਦੇ ਸਾਬਕਾ ਉੱਪ ਪ੍ਰਧਾਨ ਵਿਸ਼ੂ ਅੱਗਰਵਾਲ, ਨਗਰ ਕੌਂਸਲ ਕੁਰਾਲੀ ਦੇ ਸਾਬਕਾ ਉੱਪ ਪ੍ਰਧਾਨ ਗੁਰਚਰਨ ਸਿੰਘ ਰਾਣਾ, ਸਾਬਕਾ ਕੌਂਸਲਰ ਪਰਮਜੀਤ ਸਿੰਘ ਪੰਮੀ, ਆਸ਼ੂ ਰਾਣਾ ਪ੍ਰਧਾਨ ਰਾਜਪੂਤ ਸਭਾ ਕੁਰਾਲੀ, ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਐਸਸੀ ਵਿੰਗ ਪ੍ਰਧਾਨ ਕੁਰਾਲੀ ਮਹਿੰਦਰ ਸਿੰਘ ਅਤੇ ਆਸ਼ੀਸ਼ ਕੁਮਾਰ ਆਦਿ ਆਗੂਆਂ ਨੂੰ ਰਾਣਾ ਰਣਜੀਤ ਸਿੰਘ ਗਿੱਲ ਨੇ ਭਾਜਪਾ ਦੇ ਪਟਕੇ ਪਾਕੇ ਸ਼ਾਮਿਲ ਕੀਤਾ । ਇਨ੍ਹਾਂ ਆਗੂਆਂ ਦੇ ਭਾਜਪਾ ਵਿੱਚ ਸ਼ਾਮਿਲ ਹੋਣ ਨਾਲ ਸ਼ਹਿਰ ਕੁਰਾਲੀ ਵਿੱਚ ਭਾਜਪਾ ਨੂੰ ਨਾ ਸਿਰਫ ਵੱਡਾ ਬੱਲ ਮਿਲਿਆ ਹੈ ਬਲਕਿ ਆਉਣ ਵਾਲੀ ਨਗਰ ਕੌਂਸਲ ਚੋਣਾ ਲਈ ਵਿੱਚ ਭਾਜਪਾ ਦਾ ਪੱਖ ਮਜਬੂਤ ਹੋਣ ਦੀ ਸੰਭਾਵਨਾ ਹੈ । ਇਸ ਮੌਕੇ ਸਥਾਨਕ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰਾਣਾ ਰਣਜੀਤ ਸਿੰਘ ਗਿੱਲ ਨੇ ਕਿਹਾ ਕਿ ਉਨ੍ਹਾਂ ਵੱਲੋਂ ਆਉਣ ਵਾਲੀ ਨਗਰ ਕੌਂਸਲ ਚੋਣਾ ਲਈ ਮੁਕੱਮਲ ਤਿਆਰੀਆਂ ਖਿੱਚ ਲਈ ਗਈਆਂ ਹਨ ਤੇ ਹਲਕਾ ਖਰੜ ਅਧੀਨ ਆਉਂਦੀਆਂ ਤਿੰਨੋ ਨਗਰ ਕੌਂਸਲਾ ਲਈ ਉਨ੍ਹਾਂ ਕੋਲ ਉਮੀਦਵਾਰ ਤਿਆਰ ਹਨ ਤੇ ਭਾਜਪਾ ਇਨ੍ਹਾਂ ਚੋਣਾ ਵਿੱਚ ਜਬਰਦਸਤ ਮੁਕਾਬਲਾ ਪੇਸ਼ ਕਰਕੇ ਆਪਣੀਆਂ ਕਮੇਟੀਆਂ ਬਣਾਵੇਗੀ । ਇਸ ਦੌਰਾਨ ਅੱਜ ਸ਼ਾਮਿਲ ਹੋਏ ਸਾਬਕਾ ਕੌਂਸਲਰਾਂ ਅਤੇ ਹੋਰ ਆਗੂਆਂ ਵੱਲੋਂ ਕਿਹਾ ਗਿਆ ਕਿ ਉਹ ਅੱਜ ਸਿਰਫ ਤੇ ਸਿਰਫ ਰਾਣਾ ਰਣਜੀਤ ਸਿੰਘ ਗਿੱਲ ਜੀ ਦੀ ਅਗਵਾਈ ਵਿੱਚ ਭਾਰਤੀ ਜਨਤਾ ਪਾਰਟੀ ਵਿੱਚ ਸ਼ਾਮਿਲ ਹੋਏ ਹਨ, ਕਿਉਂਕਿ ਰਾਣਾ ਗਿੱਲ ਹਮੇਸ਼ਾ ਵਰਕਰਾਂ ਦਾ ਸਾਥ ਦਿੰਦੇ ਹਨ ਤੇ ਉਹ ਰਾਣਾ ਗਿੱਲ ਨਾਲ ਪਿਛਲੇ ਦੱਸ ਸਾਲਾਂ ਤੋਂ ਕੰਮ ਕਰਦੇ ਆ ਰਹੇ ਹਨ । ਉਨ੍ਹਾਂ ਕਿਹਾ ਕਿ ਰਾਣਾ ਗਿੱਲ ਜੋ ਕਹਿੰਦੇ ਨੇ ਉਹ ਕਰਦੇ ਵੀ ਹਨ ਜਿਸ ਕਾਰਨ ਉਹ ਹਮੇਸ਼ਾ ਰਾਣਾ ਗਿੱਲ ਨਾਲ ਖੜ੍ਹੇ ਹਨ । ਇਸ ਮੌਕੇ ਰਣਧੀਰ ਸਿੰਘ ਧੀਰਾ, ਪ੍ਰਿੰਸ ਅੱਗਰਵਾਲ, ਰਾਕੇਸ਼ ਅੱਗਰਵਾਲ, ਭਾਜਪਾ ਮੰਡਲ ਪ੍ਰਧਾਨ ਤਰੁਣ ਕੌਸ਼ਲ, ਆਸ਼ੂ ਅੱਗਰਵਾਲ, ਗੁਨਦੀਪ ਵਰਮਾ, ਅਮਨ ਗੁਪਤਾ, ਪੰਕਜ ਸਿੰਗਲਾ ਅਤੇ ਮੁਨੀਸ਼ ਗੁਪਤਾ ਆਦਿ ਹੋਰ ਭਾਜਪਾ ਆਗੂ ਹਾਜਰ ਸਨ ।



# ਕੰਵਲਜੀਤ ਕੌਰ ਗੁੰਮਟੀ ਕਲਾ ਨੂੰ ਸਰਕਲ ਪ੍ਰਧਾਨ ਪ੍ਰਧਾਨ ਨਿਯੁਕਤ ਕੀਤਾ

**ਆਜ਼ਾਦ ਸੋਚ**
**ਬਿੰਦਰ ਜਲਾਲ /ਭਗਤਾ ਭਾਈ , 28 ਅਪ੍ਰੈਲ**

==========================

ਆਂਗਣਵਾੜੀ ਮੁਲਾਜ਼ਮ ਯੂਨੀਅਨ ਪੰਜਾਬ ਬਲਾਕ ਭਗਤਾ ਭਾਈ ਸੀ ਟੂ ਦੀ ਇੱਕ ਅਹਿਮ ਮੀਟਿੰਗ ਪਿਛਲੇ ਦਿਨੀਂ ਬਲਾਕ ਪ੍ਰਧਾਨ ਜਸਵਿੰਦਰ ਕੌਰ ਦੀ ਅਗਵਾਈ ਹੇਠ ਹੋਈ। ਇਸ ਮੀਟਿੰਗ ਦੌਰਾਨ ਜ਼ਿਲ੍ਹਾ ਪ੍ਰਧਾਨ ਪ੍ਰਕਾਸ਼ ਕੌਰ ਸੋਹੀ ਨੇ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।ਇਸ ਮੌਕੇ ਸੀਨੀਅਰ ਬਲਾਕ ਪ੍ਰਧਾਨ ਸਿੰਦਰ ਕੌਰ ਰਾਜਗੜ੍ਹ ਨੇ ਘਰੇਲੂ ਕਾਰਨਾਂ ਕਰਕੇ ਆਪਣੇ ਅਹੁਦੇ ਤੋਂ ਅਸਤੀਫਾ ਦਿੱਤਾ, ਜਿਸ ਨੂੰ ਮਨਜ਼ੂਰ ਕਰਦਿਆਂ ਸਰਬਸੰਮਤੀ ਨਾਲ ਚੋਣ ਕੀਤੀ ਗਈ।ਇਸ ਚੋਣ ਦੌਰਾਨ ਜਸਵਿੰਦਰ ਕੌਰ ਜਲਾਲ ਨੂੰ ਬਲਾਕ ਪ੍ਰਧਾਨ, ਕੰਵਲਜੀਤ ਕੌਰ ਗੁੰਮਟੀ ਸਰਕਲ ਪ੍ਰਧਾਨ,ਕਰਮਜੀਤ ਕੌਰ ਮੀਤ ਪ੍ਰਧਾਨ, ਵੀਰਪਾਲ ਕੌਰ ਨੂੰ ਸਕੱਤਰ, ਬਲਜਿੰਦਰ ਕੌਰ ਨੂੰ ਪ੍ਰੈਸ ਸਕੱਤਰ,ਕਿਰਨਜੀਤ ਕੌਰ ਵਾਈਸ ਪ੍ਰਧਾਨ, ਕਿਰਨਜੀਤ ਕੌਰ ਸਹਿ-ਸਕੱਤਰ,ਮਨਪ੍ਰੀਤ ਕੌਰ ਨੂੰ ਖਜਾਨਚੀ ਅਤੇ ਸਰਬਜੀਤ ਕੌਰ ਨੂੰ ਪ੍ਰੈਸ ਸਕੱਤਰ ਨਿਯੁਕਤ ਕੀਤਾ ਗਿਆ।ਇਸ ਮੌਕੇ ਕਮਲਾ ਕੌਰ, ਮਨਜੀਤ ਕੌਰ, ਛਿੰਦਰਪਾਲ ਕੌਰ, ਛਿੰਦਰ ਕੌਰ, ਪਰਮਜੀਤ ਕੌਰ ਸਮੇਤ ਕਈ ਵਰਕਰ ਹਾਜ਼ਰ ਸਨ।



# ਜ਼ੀਰਕਪੁਰ ਵਿੱਚ ਸ਼੍ਰੋਮਣੀ ਅਕਾਲੀ ਦਲ ਨੂੰ ਵੱਡਾ ਝਟਕਾ, ਸਾਬਕਾ ਕੌਂਸਲਰ ਜਗਦੇਵ ਸਿੰਘ ਭਾਜਪਾ ਵਿੱਚ ਸ਼ਾਮਲ

**ਆਜ਼ਾਦ ਸੋਚ**
**ਅਵਤਾਰ ਸੈਣੀ/ਜ਼ੀਰਕਪੁਰ, 28 ਅਪ੍ਰੈਲ**

==========================

ਨਗਰ ਕੌਂਸਲ ਚੋਣਾਂ ਨੂੰ ਲੈ ਕੇ ਰਾਜਨੀਤਿਕ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਇਸ ਦੌਰਾਨ ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਅਗਵਾਈ ਹੇਠ ਪਾਰਟੀ ਵੱਲੋਂ ਰਾਜ ਵਿੱਚ ਆਪਣਾ ਆਧਾਰ ਮਜ਼ਬੂਤ ਕਰਨ ਲਈ ਵੱਖ-ਵੱਖ ਮੁਹਿੰਮਾਂ ਚਲਾਈਆਂ ਜਾ ਰਹੀਆਂ ਹਨ। ਭਾਜਪਾ ਪੰਜਾਬ ਵੱਲੋਂ ਪਿਛਲੇ ਸਮੇਂ ਦੌਰਾਨ ਸੰਗਠਨ ਨੂੰ ਮਜ਼ਬੂਤ ਕਰਨ, ਨਵੇਂ ਵਰਗਾਂ ਨੂੰ ਜੋੜਨ ਅਤੇ ਕੇਂਦਰ ਸਰਕਾਰ ਦੀਆਂ ਜਨ-ਕਲਿਆਣਕਾਰੀ ਯੋਜਨਾਵਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਵੱਡੇ ਪੱਧਰ 'ਤੇ ਯਤਨ ਕੀਤੇ ਗਏ ਹਨ। ਇਸੇ ਤਹਿਤ ਅੱਜ ਅਕਾਲੀ ਦਲ ਨੂੰ ਵੱਡਾ ਝਟਕਾ ਦੇਂਦੇ ਹੋਏ ਪੰਜਾਬ ਭਾਜਪਾ ਦੇ ਕਾਰਜਕਾਰੀ ਪ੍ਰਧਾਨ ਅਸ਼ਵਨੀ ਸ਼ਰਮਾ ਦੀ ਮੌਜੂਦਗੀ ਅਤੇ ਜ਼ਿਲ੍ਹਾ ਪ੍ਰਧਾਨ ਸੰਜੀਵ ਵਸ਼ਿਸ਼ਠ ਦੀ ਅਗਵਾਈ ਹੇਠ ਪੀਰਮੁਛੱਲਾ ਖੇਤਰ ਦੇ ਵਾਰਡ ਨੰਬਰ 10 ਦੇ ਸਾਬਕਾ ਪਾਰਸ਼ਦ ਜਗਦੇਵ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਭਾਜਪਾ ਵਿੱਚ ਸ਼ਾਮਲ ਕਰਵਾਇਆ ਗਿਆ। ਜਗਦੇਵ ਸਿੰਘ ਦੋ ਵਾਰ ਪਾਰਸ਼ਦ ਰਹਿ ਚੁੱਕੇ ਹਨ ਅਤੇ ਆਪਣੇ ਖੇਤਰ ਵਿੱਚ ਮਜ਼ਬੂਤ ਪਕੜ ਰੱਖਦੇ ਹਨ। ਉਨ੍ਹਾਂ ਦੇ ਸ਼ਾਮਲ ਹੋਣ ਨਾਲ ਪਾਰਟੀ ਨੂੰ ਸਥਾਨਕ ਪੱਧਰ 'ਤੇ ਵੱਡਾ ਲਾਭ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਜ਼ਿਲ੍ਹਾ ਪ੍ਰਧਾਨ ਸੰਜੀਵ ਵਸ਼ਿਸ਼ਠ ਦੀ ਰਹਿਨੁਮਾਈ ਹੇਠ ਡੇਰਾਬੱਸੀ ਹਲਕੇ ਦੇ ਆਗੂ ਅਤੇ ਪ੍ਰਦੇਸ਼ ਸਕੱਤਰ ਸੰਜੀਵ ਖੰਨਾ, ਨਗਰ ਕੌਂਸਲ ਡੇਰਾਬੱਸੀ ਦੇ ਸਾਬਕਾ ਪ੍ਰਧਾਨ ਰਣਜੀਤ ਸਿੰਘ ਰੈੱਡੀ ਅਤੇ ਸੀਨੀਅਰ ਆਗੂ ਐਸਐਮਐਸ ਸੰਧੂ ਵੱਲੋਂ ਜ਼ੀਰਕਪੁਰ ਖੇਤਰ ਵਿੱਚ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ, ਜਿਸ ਤਹਿਤ ਸਮਾਜ ਦੇ ਪ੍ਰਭਾਵਸ਼ਾਲੀ ਲੋਕਾਂ ਨੂੰ ਪਾਰਟੀ ਨਾਲ ਜੋੜਿਆ ਜਾ ਰਿਹਾ ਹੈ। ਇਸ ਮੌਕੇ ਪਾਰਟੀ ਪ੍ਰਧਾਨ ਅਸ਼ਵਨੀ ਸ਼ਰਮਾ ਅਤੇ ਹੋਰ ਭਾਜਪਾ ਆਗੂਆਂ ਨੇ ਨਵੇਂ ਮੈਂਬਰਾਂ ਦਾ ਸਵਾਗਤ ਕਰਦੇ ਹੋਏ ਕਿਹਾ ਕਿ ਪਾਰਟੀ ਉਨ੍ਹਾਂ ਨੂੰ ਪੂਰਾ ਮਾਣ-ਸਨਮਾਨ ਦੇਵੇਗੀ। ਉਨ੍ਹਾਂ ਕਿਹਾ ਕਿ ਇਸ ਨਾਲ ਆਉਣ ਵਾਲੀਆਂ ਨਗਰ ਕੌਂਸਲ ਚੋਣਾਂ ਅਤੇ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਪਾਰਟੀ ਦੀ ਸਥਿਤੀ ਹੋਰ ਮਜ਼ਬੂਤ ਹੋਵੇਗੀ। ਇਸ ਮੌਕੇ ਸੁਧੀਰ ਕਾਂਟੀਵਾਲ ਅਤੇ ਹਰਦੀਪ ਸਿੰਘ ਗਾਜੀਪੁਰ ਵੀ ਮੌਜੂਦ ਸਨ।



# ਬੈਡਮਿੰਟਨ ਖਿਡਾਰੀ ਨੂੰ ਡੀ ਸੀ ਨੇ ਮੈਡਲ ਦੇ ਕੇ ਕੀਤਾ ਸਨਮਾਨਤ

## • ਡਿਪਟੀ ਕਮਿਸ਼ਨਰ ਵੱਲੋਂ ਖਿਡਾਰੀਆਂ ਨੂੰ ਹਰ ਸੰਭਵ ਸਹਾਇਤਾ ਦਾ ਭਰੋਸਾ
## • ਮਾਪਿਆਂ ਦੀ ਮਿਹਨਤ ਨਾਲ ਖਿਡਾਰੀ ਬਣਦੈ ਕਾਮਯਾਬ - ਹਿਮਾਂਸ਼ੂ ਅਗਰਵਾਲ

ਪਟਿਆਲਾ 28 ਅਪ੍ਰੈਲ (ਹਰਵਿੰਦਰ ਲਾਲੀ):ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਨੌਜਵਾਨ ਖਿਡਾਰੀਆਂ ਨੂੰ ਉਤਸ਼ਾਹਿਤ ਕਰਨ ਦੀ ਲੜੀ ਹੇਠ ਨਾਭਾ ਦੇ ਰਹਿਣ ਵਾਲੇ ਬੈਡਮਿੰਟਨ ਖਿਡਾਰੀ ਜਗਸ਼ੇਰ ਸਿੰਘ ਖੰਗੂੜਾ ਨੂੰ ਅੱਜ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ। ਡਿਪਟੀ ਕਮਿਸ਼ਨਰ ਸ੍ਰੀ ਹਿਮਾਂਸ਼ੂ ਅਗਰਵਾਲ ਨੇ ਜਗਸ਼ੇਰ ਸਿੰਘ ਖੰਗੂੜਾ ਨੂੰ ਮੈਡਲ ਦੇ ਕੇ ਸਨਮਾਨਿਤ ਕੀਤਾ ਅਤੇ ਉਸਦੀ ਖੇਡ ਪ੍ਰਾਪਤੀਆਂ ਦੀ ਭਰਪੂਰ ਸਰਾਹਨਾ ਕੀਤੀ। ਇਸ ਮੌਕੇ ਉਨ੍ਹਾਂ ਦੇ ਕੋਚ ਸੁਰੇਸ਼ ਕੁਮਾਰ ਦੀ ਵੀ ਖਾਸ ਤੌਰ 'ਤੇ ਸ਼ਲਾਘਾ ਕੀਤੀ , ਜਿਨ੍ਹਾਂ ਨੇ ਪਿਛਲੇ 7 ਸਾਲਾਂ ਤੋਂ ਜਗਸ਼ੇਰ ਸਿੰਘ ਖੰਗੂੜਾ ਨੂੰ ਸਿਖਲਾਈ ਦੇ ਕੇ ਇਸ ਮੁਕਾਮ ਤੱਕ ਪਹੁੰਚਾਇਆ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਜਗਸ਼ੇਰ ਸਿੰਘ ਖੰਗੂੜਾ ਵਰਗੇ ਖਿਡਾਰੀ ਨੌਜਵਾਨਾਂ ਲਈ ਪ੍ਰੇਰਣਾ ਸਰੋਤ ਹਨ। ਉਨ੍ਹਾਂ ਨੇ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਖਿਡਾਰੀਆਂ ਨੂੰ ਹਰ ਸੰਭਵ ਮਦਦ ਪ੍ਰਦਾਨ ਕੀਤੀ ਜਾਵੇਗੀ ਤਾਂ ਜੋ ਉਹ ਅੰਤਰਰਾਸ਼ਟਰੀ ਪੱਧਰ 'ਤੇ ਦੇਸ਼ ਦਾ ਨਾਮ ਰੌਸ਼ਨ ਕਰ ਸਕਣ। ਉਨ੍ਹਾਂ ਨੇ ਜਗਸ਼ੇਰ ਸਿੰਘ ਖੰਗੂੜਾ ਦੀ ਹੌਂਸਲਾ ਅਫਜ਼ਾਈ ਕਰਦੇ ਹੋਏ ਉਸਦੇ ਭਵਿੱਖ ਲਈ ਸ਼ੁਭਕਾਮਨਾਵਾਂ ਦਿੱਤੀਆਂ।

ਬੈਡਮਿੰਟਨ ਕੋਚ ਸੁਰੇਸ਼ ਕੁਮਾਰ ਨੇ ਦਸਿਆ ਕਿ ਜਗਸ਼ੇਰ ਸਿੰਘ ਖੰਗੂੜਾ, ਜੋ ਕਿ ਸ੍ਰੀ ਮਨਪ੍ਰੀਤ ਸਿੰਘ ( ਪਿਤਾ) ਅਤੇ ਰਸ਼ਪਾਲ ਕੌਰ ( ਮਾਤਾ) ਦੇ ਪੁੱਤਰ ਹਨ, ਨੇ ਬੈਡਮਿੰਟਨ ਖੇਤਰ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 3 ਅੰਤਰਰਾਸ਼ਟਰੀ ਸਿਲਵਰ ਮੈਡਲ, 8 ਬਰਾਂਜ਼ ਮੈਡਲ ਅਤੇ 11 ਗੋਲਡ ਮੈਡਲ ਜਿੱਤੇ ਹਨ। ਇਸਦੇ ਨਾਲ ਹੀ ਉਸਨੇ 5 ਵਾਰ ਕਵਾਰਟਰ ਫਾਈਨਲ ਤੱਕ ਪਹੁੰਚ ਕੇ ਆਪਣੀ ਕਾਬਲੀਅਤ ਦਾ ਲੋਹਾ ਮਨਵਾਇਆ ਹੈ। ਉਸਦੀ ਇਹ ਉਪਲਬਧੀ ਨਾ ਸਿਰਫ਼ ਉਸਦੇ ਪਰਿਵਾਰ ਲਈ, ਸਗੋਂ ਪੂਰੇ ਇਲਾਕੇ ਲਈ ਮਾਣ ਦੀ ਗੱਲ ਹੈ।ਇਸ ਮੌਕੇ ਡਿਪਟੀ ਕਮਿਸ਼ਨਰ ਨੇ ਜਗਸ਼ੇਰ ਸਿੰਘ ਖੰਗੂੜਾ ਦੇ ਮਾਤਾ-ਪਿਤਾ ਨੂੰ ਵੀ ਵਧਾਈ ਦਿੱਤੀ ਅਤੇ ਕਿਹਾ ਕਿ ਬੱਚਿਆਂ ਦੀ ਕਾਮਯਾਬੀ ਵਿੱਚ ਮਾਪਿਆਂ ਦਾ ਯੋਗਦਾਨ ਬੇਹੱਦ ਮਹੱਤਵਪੂਰਨ ਹੁੰਦਾ ਹੈ।



# ਸਤਨਾਮ ਸਿੰਘ ਬਹਿਰੂ ਨੇ ਦਿਨੋਂ-ਦਿਨ ਰਾਜਨੀਤਕ ਪਾਰਟੀਆਂ 'ਚ ਵੱਧ ਰਹੇ ਦਲ ਬਦਲੂ ਰੁਝਾਨ 'ਤੇ ਚਿੰਤਾ ਪ੍ਰਗਟਾਈ

**ਆਜ਼ਾਦ ਸੋਚ**
**ਸੁਖਰਾਜ ਸਿੰਘ**
**ਨਵੀਂ ਦਿੱਲੀ, 28 ਅਪ੍ਰੈਲ**

==========================

ਦਿਨ ਪ੍ਰਤੀ ਦਿਨ ਵੱਧ ਰਹੇ ਦਲ ਬਦਲੂ ਰੁਝਾਨ ਉੱਤੇ ਇੰਡੀਅਨ ਫਾਰਮਰਜ਼ ਐਸੋਸੀਏਸ਼ਨ ਦੇ ਕੌਮੀ ਪ੍ਰਧਾਨ ਸ. ਸਤਨਾਮ ਸਿੰਘ ਬਹਿਰੂ ਨੇ ਚਿੰਤਾ ਜ਼ਾਹਰ ਕਰਦਿਆਂ ਕਿਹਾ ਕਿ ਇਹ ਰੁਝਾਨ ਪਹਿਲੋਂ ਹੇਠਲੇ ਪੱਧਰ ਤੇ ਰਾਜਸੀ ਪਾਰਟੀਆਂ ਨਾਲ ਜੁੜੇ ਵਰਕਰਾਂ ਅਤੇ ਸਰਗਰਮ ਆਗੂਆਂ ਵਿੱਚ ਸੀ, ਪਰ ਹੁਣ ਤਾਂ ਰਾਜਸੀ ਪਾਰਟੀਆਂ ਵਿੱਚ ਵੱਡੇ ਰੁਤਬਿਆਂ ਤੇ ਬੈਠੇ ਲੋਕ ਦਲ ਬਦਲਣ ਲੱਗੇ ਰਤਾਂ ਭਰ ਵੀ ਸ਼ਰਮ ਮਹਿਸੂਸ ਨਹੀਂ ਕਰਦੇ। ਸ. ਸਤਨਾਮ ਸਿੰਘ ਬਹਿਰੂ ਨੇ ਤਾਜ਼ਾ ਮਿਸਾਲ ਦਿੰਦਿਆਂ ਕਿਹਾ ਕਿ ਜਦੋਂ ਇੱਕ ਪਾਰਟੀ ਦੇ ਸੱਤ ਰਾਜ ਸਭਾ ਮੈਂਬਰ ਪਾਰਟੀ ਤੋਂ ਬਾਗੀ ਹੋ ਕੇ ਹੋਰ ਪਾਰਟੀ ਵਿਚ ਚਲੇ ਜਾਣ ਤਾਂ ਲੋਕ ਤੰਤਰ ਕਿਥੇ ਰਹਿ ਗਿਆ। ਸ. ਬਹਿਰੂ ਨੇ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਸ੍ਰੀ ਅਰਵਿੰਦ ਕੇਜਰੀਵਾਲ 'ਤੇ ਸਵਾਲ ਕੀਤਾ ਕਿ ਜਦੋਂ ਤੁਸੀਂ ਪਾਰਟੀ ਨਾਲ ਜੁੜੇ ਵਰਕਰਾਂ ਦੀਆਂ ਭਾਵਨਾਵਾਂ ਨੂੰ ਕੁਚਲ ਕੇ ਵੱਡੇ ਕਾਰੋਬਾਰੀਆਂ ਤੋਂ ਪਾਰਟੀ ਲਈ ਮੋਟੇ ਫੰਡ ਲੈ ਕੇ ਰਾਜ ਸਭਾ ਵਿਚ ਭੇਜੋਗੇ ਤਾਂ ਉਹ ਆਪਣਾ ਕਾਰੋਬਾਰ ਸੇਫ ਰੱਖਣ ਲਈ ਮੌਜੂਦਾ ਕੇਂਦਰ ਸਰਕਾਰ ਦੀ ਗੋਦ ਦਾ ਨਿੱਘ ਮਾਣਗੇ।ਸ. ਸਤਨਾਮ ਸਿੰਘ ਬਹਿਰੂ ਨੇ ਇਹ ਵੀ ਸਪੱਸ਼ਟ ਕੀਤਾ ਕਿ ਦਲ ਬਦਲੂ ਰੁਝਾਨ ਇਕਲੀ ਆਮ ਆਦਮੀ ਪਾਰਟੀ ਵਿਚ ਨਹੀਂ ਇਹ ਤਾਂ ਸਾਰੀਆਂ ਕੌਮੀ ਅਤੇ ਖੇਤਰੀ ਪਾਰਟੀਆਂ ਵਿੱਚ ਵੇਖਣ ਨੂੰ ਮਿਲ ਰਿਹਾ ਹੈ ਅਤੇ ਇੱਥੋਂ ਤੱਕ ਲੋਕ ਵੇਖ ਚੁੱਕੇ ਹਨ ਕਿ ਜਦੋਂ ਕਿਸੇ ਸੂਬੇ ਵਿਚ ਦਲ ਬਦਲੂ ਵੱਡੀ ਘਟਨਾ ਵਾਪਰਦੀ ਹੈ ਤਾਂ ਦੇਸ਼ ਦੀ ਨਿਆਂਪਾਲਿਕਾ ਦਿਨ ਦੀ ਬਜਾਏ ਰਾਤ ਨੂੰ ਬਹਿਣ ਲੱਗ ਪਵੇ ਤਾਂ ਲੋਕ ਤੰਤਰ ਨੂੰ ਇਸ ਤੋਂ ਵੱਡਾ ਖਤਰਾ ਕੀ ਹੋ ਸਕਦਾ ਹੈ ਸ.ਸਤਨਾਮ ਸਿੰਘ ਬਹਿਰੂ ਨੇ ਕਿਹਾ ਕਿ ਭਾਰਤ ਦੇ ਲੋਕਾਂ ਨੂੰ ਵੱਡੇ ਸੰਘਰਸ਼ ਤੋਂ ਬਾਅਦ ਵੋਟ ਦਾ ਅਧਿਕਾਰ ਪ੍ਰਾਪਤ ਹੋਇਆ ਸੀ ਅਤੇ ਪੂਰੀ ਦੁਨੀਆ ਵਿਚ ਭਾਰਤ ਦਾ ਲੋਕ ਤੰਤਰ ਸਾਲਿਹਾਆ ਜਾਂਦਾ ਸੀ ਅਤੇ ਲੋਕਤੰਤਰ ਦੀ ਸ਼ੁਰੂਆਤ ਪਿੰਡਾਂ ਦੀਆਂ ਪੰਚਾਇਤਾਂ ਬਾਲਕ ਸੰਮਤੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਸ਼ਹਿਰੀ ਨਗਰ ਪਾਲਿਕਾ ਰਾਹੀਂ ਵੋਟ ਦੀ ਵਰਤੋਂ ਕਰਕੇ ਆਪਣੇ ਨੁਮਾਇੰਦੇ ਚੁਣਦੇ ਸਨ ਪਰ ਹੁਣ ਸਾਰੀਆਂ ਹੀ ਰਾਜਨੀਤਕ ਪਾਰਟੀਆਂ ਲੋਕ ਤੰਤਰ ਦਾ ਕਤਲ ਕਰਕੇ 'ਜਿਸ ਦੀ ਲਾਠੀ ਉਸ ਦੀ ਭੈਂਸ' ਫਾਰਮੂਲੇ ਮੁਤਾਬਿਕ ਹੀ ਪਿੰਡਾਂ ਦੀਆਂ ਪੰਚਾਇਤਾਂ ਬਾਲਕ ਸੰਮਤੀਆਂ ਜ਼ਿਲ੍ਹਾ ਪ੍ਰੀਸ਼ਦ ਅਤੇ ਸ਼ਹਿਰੀ ਨਗਰ ਨਿਗਮ ਉਸ ਦੀਆਂ ਹੋਕੇ ਰਹਿ ਚੁੱਕੀਆਂ ਹਨ, ਸੋ ਇਸ ਵੱਡੀ ਰਾਜਨੀਤਕ ਚਿੰਤਾ ਨੂੰ ਰੋਕਣ ਲਈ ਵੋਟਰਾਂ ਕੋਲ ਇੱਕੋ ਹੀ ਪਾਸਾ ਬੱਚਿਆਂ ਹੈ ਕਿ ਦਲ ਬਦਲੂਆਂ ਨੂੰ ਅਜਿਹਾ ਸਬਕ ? ਸਖਾਉ ਤਾਂ ਕਿ ਦਲ ਬਦਲਣ ਭਵਿੱਖ ਵਿੱਚ ਕੋਈ ਹਿੰਮਤ ਨਾ ਕਰ ਸਕੇ।



# ਤਖ਼ਤ ਪਟਨਾ ਸਾਹਿਬ ਕਮੇਟੀ ਦੇ ਆਹੁਦੇਦਾਰਾਂ ਤੇ ਸਟਾਫ ਨੇ ਪ੍ਰਧਾਨ ਜਗਜੋਤ ਸਿੰਘ ਸੋਹੀ ਨੂੰ ਜਨਮ ਦਿਨ ਦੀ ਦਿੱਤੀ ਵਧਾਈ



**ਆਜ਼ਾਦ ਸੋਚ**
**ਸੁਖਰਾਜ ਸਿੰਘ**
**ਨਵੀਂ ਦਿੱਲੀ, 28 ਅਪ੍ਰੈਲ**

==========================

ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਕਮੇਟੀ ਦੇ ਪ੍ਰਧਾਨ ਸ. ਜਗਜੋਤ ਸਿੰਘ ਸੋਹੀ ਦੇ ਜਨਮਦਿਨ ਮੌਕੇ ਸਮੂਹ ਸਟਾਫ਼ ਨੇ ਪਹੁੰਚ ਕੇ ਉਨ੍ਹਾਂ ਨੂੰ ਵਧਾਈ ਦਿੱਤੀ ਅਤੇ ਗੁਰੂ ਮਹਾਰਾਜ ਅੱਗੇ ਉਨ੍ਹਾਂ ਦੀ ਲੰਮੀ ਉਮਰ ਲਈ ਅਰਦਾਸ ਕੀਤੀ। ਇਸ ਮੌਕੇ ਸੁਪਰੀਟੈਂਡੈਂਟ ਦਲਜੀਤ ਸਿੰਘ, ਮੈਨੇਜਰ ਦਲੀਪ ਸਿੰਘ ਪਟੇਲ, ਦੇਵੇਂਦਰ ਸਿੰਘ, ਪਾਪਿੰਦਰ ਸਿੰਘ ਸਮੇਤ ਸਮੂਹ ਸਟਾਫ ਮੌਜੂਦ ਰਿਹਾ।

ਤਖ਼ਤ ਪਟਨਾ ਸਾਹਿਬ ਦੇ ਐਡੀਸ਼ਨਲ ਹੈੱਡ ਗ੍ਰੰਥੀ ਗਿਆਨੀ ਦਲੀਪ ਸਿੰਘ ਨੇ ਉਨ੍ਹਾਂ ਨੂੰ ਸਿਰੋਪਾ ਭੇਟ ਕੀਤਾ। ਇਸ ਮੌਕੇ ਕਮੇਟੀ ਦੇ ਹੋਰ ਅਹੁਦੇਦਾਰਾਂ ਜਨਰਲ ਸਕੱਤਰ ਇੰਦਰਜੀਤ ਸਿੰਘ, ਸੀਨੀਅਰ ਮੀਤ ਪ੍ਰਧਾਨ ਲਖਵਿੰਦਰ ਸਿੰਘ, ਮੀਤ ਪ੍ਰਧਾਨ ਗੁਰਵਿੰਦਰ ਸਿੰਘ, ਸਕੱਤਰ ਹਰਬੰਸ ਸਿੰਘ ਸਮੇਤ ਸਾਰੇ ਮੈਂਬਰਾਂ ਨੇ ਵੀ ਉਨ੍ਹਾਂ ਨੂੰ ਵਧਾਈ ਦਿੱਤੀ।

ਤਖ਼ਤ ਪਟਨਾ ਸਾਹਿਬ ਕਮੇਟੀ ਦੇ ਸੁਪਰੀਟੈਂਡੈਂਟ ਦਲਜੀਤ ਸਿੰਘ ਨੇ ਕਿਹਾ ਕਿ ਸਮੂਹ ਸਟਾਫ ਨਾਲ ਪ੍ਰਧਾਨ ਜਗਜੋਤ ਸਿੰਘ ਸੋਹੀ ਦਾ ਖ਼ਾਸਾ ਪਿਆਰ ਅਤੇ ਲਗਾਵ ਹੈ, ਜਿਸ ਕਾਰਨ ਸਾਰਿਆਂ ਨੇ ਉਨ੍ਹਾਂ ਦੀ ਲੰਮੀ ਉਮਰ ਲਈ ਅਰਦਾਸ ਕੀਤੀ। ਉਨ੍ਹਾਂ ਕਿਹਾ ਕਿ ਬਹੁਤ ਘੱਟ ਪ੍ਰਧਾਨ ਅਜਿਹੇ ਹੁੰਦੇ ਹਨ ਜੋ ਗੁਰੂ ਘਰ ਦੀ ਸੇਵਾ ਨਿਸ਼ਕਾਮ ਭਾਵਨਾ ਨਾਲ ਕਰਦੇ ਹਨ।ਉਨ੍ਹਾਂ ਅਰਦਾਸ ਕੀਤੀ ਕਿ ਗੁਰੂ ਮਹਾਰਾਜ ਉਨ੍ਹਾਂ ਨੂੰ ਲੰਮੀ ਉਮਰ ਬਖ਼ਸ਼ਣ ਤਾਂ ਜੋ ਉਹ ਹੋਰ ਵੱਧ ਚੜ੍ਹ ਕੇ ਗੁਰੂਘਰ ਦੀਆਂ ਸੇਵਾਵਾਂ ਨਿਭਾਉਂਦੇ ਰਹਿਣ।

# ਸੁਨਹਿਰੀ ਸਫ਼ਲਤਾ: ਸੇਂਟ ਜ਼ੇਵੀਅਰ ਇੰਟਰਨੈਸ਼ਨਲ ਸਕੂਲ, ਸਮਾਣਾ ਪਾਤੜਾਂ ਰੋਡ (ਪਿੰਡ ਅਤਾਲਾਂ) ਨੇ 4ਵੀਂ YSPA ਪੰਜਾਬ ਸਟੇਟ ਚੈਂਪੀਅਨਸ਼ਿਪ 2026 ਵਿੱਚ ਜਿੱਤੇ 20 ਮੈਡਲ

**ਆਜ਼ਾਦ ਸੋਚ**
**ਰੂਪ ਚੰਦ ਲਵਲੀ**
**ਪਾਤੜਾਂ, 28 ਅਪ੍ਰੈਲ**

==========================

ਸੇਂਟ ਜ਼ੇਵੀਅਰ ਇੰਟਰਨੈਸ਼ਨਲ ਸਕੂਲ ਦੇ ਕੈਂਪਸ ਵਿੱਚ ਹਾਲ ਹੀ ਵਿੱਚ ਹੋਈ 4ਵੀਂ YSPA ਪੰਜਾਬ ਸਟੇਟ ਚੈਂਪੀਅਨਸ਼ਿਪ 2026 ਵਿੱਚ ਖਿਡਾਰੀਆਂ ਦੇ ਸ਼ਾਨਦਾਰ ਪ੍ਰਦਰਸ਼ਨ ਤੋਂ ਬਾਅਦ ਜਸ਼ਨ ਦਾ ਮਾਹੌਲ ਹੈ। ਸਾਡੇ ਵਿਦਿਆਰਥੀ-ਖਿਡਾਰੀਆਂ ਨੇ ਪੂਰੇ ਰਾਜ ਵਿੱਚ ਆਪਣੀ ਕਾਬਲੀਅਤ ਦਾ ਲੋਹਾ ਮਨਵਾਉਂਦੇ ਹੋਏ ਕੁੱਲ 20 ਮੈਡਲ ਜਿੱਤੇ ਹਨ, ਜਿਨ੍ਹਾਂ ਵਿੱਚ 10 ਸੋਨੇ ਅਤੇ 10 ਚਾਂਦੀ ਦੇ ਤਗਮੇ ਸ਼ਾਮਲ ਹਨ।

ਇਸ ਚੈਂਪੀਅਨਸ਼ਿਪ ਦੌਰਾਨ ਸਕੂਲ ਦੇ ਵਿਦਿਆਰਥੀਆਂ ਨੇ ਵੱਖ-ਵੱਖ ਖੇਡਾਂ ਵਿੱਚ ਆਪਣਾ ਦਬਦਬਾ ਕਾਇਮ ਕੀਤਾ। ਵਾਲੀਬਾਲ, ਤਾਈਕਵਾਂਡੋ ਅਤੇ ਬੈਡਮਿੰਟਨ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਦੇ ਹੋਏ 10 ਸੋਨੇ ਦੇ ਤਗਮੇ ਹਾਸਲ ਕੀਤੇ ਗਏ, ਜਦਕਿ ਕ੍ਰਿਕਟ ਅਤੇ ਬੈਡਮਿੰਟਨ ਵਿੱਚ ਸਖ਼ਤ ਮਿਹਨਤ ਸਦਕਾ 10 ਚਾਂਦੀ ਦੇ ਤਗਮੇ ਜਿੱਤੇ ਗਏ। ਮੈਡਲਾਂ ਦੀ ਇਹ ਵੱਡੀ ਗਿਣਤੀ ਸਕੂਲ ਵੱਲੋਂ ਖੇਡਾਂ ਦੇ ਖੇਤਰ ਵਿੱਚ ਵਿਦਿਆਰਥੀਆਂ ਨੂੰ ਦਿੱਤੀ ਜਾ ਰਹੀ ਉੱਚ ਪੱਧਰੀ ਸਿਖਲਾਈ ਦਾ ਸਬੂਤ ਹੈ।

ਸਕੂਲ ਦੇ ਡਾਇਰੈਕਟਰ ਸ਼੍ਰੀ ਅਰਨਬ ਸਰਕਾਰ ਅਤੇ ਸ਼੍ਰੀ ਅਨਿੰਦਿਆ ਸਰਕਾਰ ਨੇ ਵਿਦਿਆਰਥੀਆਂ ਦੀ ਇਸ ਪ੍ਰਾਪਤੀ 'ਤੇ ਡੂੰਘੀ ਖੁਸ਼ੀ ਦਾ ਪ੍ਰਗਟਾਵਾ ਕੀਤਾ। ਉਨ੍ਹਾਂ ਨੇ ਕੋਚਿੰਗ ਸਟਾਫ ਸ਼੍ਰੀ ਨਰਿੰਦਰਪਾਲ ਸਿੰਘ ਅਤੇ ਸ਼੍ਰੀ ਇੰਦਰ ਕੁਮਾਰ ਨੂੰ ਵਿਸ਼ੇਸ਼ ਤੌਰ 'ਤੇ ਵਧਾਈ ਦਿੱਤੀ ਅਤੇ ਕਿਹਾ ਕਿ ਉਨ੍ਹਾਂ ਦੀ ਸੁਚੱਜੀ ਅਗਵਾਈ ਅਤੇ ਸਖ਼ਤ ਮਿਹਨਤ ਸਦਕਾ ਹੀ ਇਹ ਇਤਿਹਾਸਕ ਜਿੱਤ ਸੰਭਵ ਹੋਈ ਹੈ। ਡਾਇਰੈਕਟਰ ਸਾਹਿਬਾਨ ਨੇ ਮਾਪਿਆਂ ਦਾ ਵੀ ਤਹਿ ਦਿਲੋਂ ਧੰਨਵਾਦ ਕੀਤਾ ਅਤੇ ਕਿਹਾ ਕਿ ਉਨ੍ਹਾਂ ਦਾ ਸਹਿਯੋਗ ਹੀ ਬੱਚਿਆਂ ਦੀ ਸਫ਼ਲਤਾ ਦਾ ਮੁੱਖ ਆਧਾਰ ਹੈ।

ਪ੍ਰਿੰਸੀਪਲ ਸ਼੍ਰੀ ਬਿਕਾਸ਼ ਸਿੰਘ ਨੇ ਪ੍ਰਬੰਧਕੀ ਕਮੇਟੀ ਨਾਲ ਮਿਲ ਕੇ ਕੋਚਾਂ ਅਤੇ ਖਿਡਾਰੀਆਂ ਦੇ ਸਾਂਝੇ ਯਤਨਾਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਅਜਿਹੀਆਂ ਜਿੱਤਾਂ ਸਕੂਲ ਵਿੱਚ ਖੇਡ ਅਨੁਸ਼ਾਸਨ ਦਾ ਨਤੀਜਾ ਹਨ। ਆਪਣੇ ਬੱਚਿਆਂ ਦੇ ਬਿਹਤਰੀਨ ਪ੍ਰਦਰਸ਼ਨ ਨੂੰ ਦੇਖ ਕੇ ਮਾਪੇ ਬਹੁਤ ਖੁਸ਼ ਨਜ਼ਰ ਆਏ। ਮਾਪਿਆਂ ਨੇ ਸਕੂਲ ਮੈਨੇਜਮੈਂਟ ਅਤੇ ਸਟਾਫ਼ ਦਾ ਵਿਸ਼ੇਸ਼ ਤੌਰ 'ਤੇ ਧੰਨਵਾਦ ਕੀਤਾ ਅਤੇ ਬੱਚਿਆਂ ਦੇ ਸਰਵਪੱਖੀ ਵਿਕਾਸ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ।

YSPA ਪੰਜਾਬ ਸਟੇਟ ਚੈਂਪੀਅਨਸ਼ਿਪ 2026 ਵਿੱਚ ਇਹ ਸ਼ਾਨਦਾਰ ਜਿੱਤ ਸਕੂਲ ਲਈ ਇੱਕ ਨਵਾਂ ਮੀਲ ਪੱਥਰ ਸਾਬਤ ਹੋਈ ਹੈ। ਸਕੂਲ ਅੱਗੇ ਵੀ ਵਿਦਿਆਰਥੀਆਂ ਨੂੰ ਪੜ੍ਹਾਈ ਦੇ ਨਾਲ-ਨਾਲ ਖੇਡਾਂ ਦੇ ਖੇਤਰ ਵਿੱਚ ਬੁਲੰਦੀਆਂ 'ਤੇ ਪਹੁੰਚਾਉਣ ਲਈ ਵਚਨਬੱਧ ਰਹੇਗਾ।



## ਸੰਪਾਦਕੀ

ਆਜ਼ਾਦ ਸੋਚ

### ਗ਼ੈਰ-ਵਿੱਦਿਅਕ ਕੰਮਾਂ ਦਾ ਪਰਛਾਵਾਂ

ਅਜੋਕੇ ਸਮੇਂ 'ਚ ਅਧਿਆਪਕਾਂ ਨੂੰ ਪੜ੍ਹਾਈ ਦੇ ਮੂਲ ਕਾਰਜ ਤੋਂ ਲਾਂਭੇ ਕਰ ਕੇ ਗ਼ੈਰ-ਵਿੱਦਿਅਕ ਸਰਕਾਰੀ ਡਿਊਟੀਆਂ 'ਚ ਉਲ਼ਝਾਉਣਾ ਗੰਭੀਰ ਚਿੰਤਾ ਦਾ ਵਿਸ਼ਾ ਹੈ ਜਿਸ ਦਾ ਸਿੱਧਾ ਤੇ ਵਿਨਾਸ਼ਕਾਰੀ ਪ੍ਰਭਾਵ ਵਿਦਿਆਰਥੀਆਂ ਦੇ ਭਵਿੱਖ ਅਤੇ ਦੇਸ਼ ਦੀ ਤਰੱਕੀ 'ਤੇ ਪੈ ਰਿਹਾ ਹੈ। ਜਦੋਂ ਇਕ ਅਧਿਆਪਕ ਨੂੰ ਕਲਾਸਰੂਮ 'ਚੋਂ ਕੱਢ ਕੇ ਵੋਟਾਂ ਬਣਾਉਣ, ਜਨਗਣਨਾ ਕਰਨ, ਅਨਾਜ ਵੰਡਣ ਜਾਂ ਵੱਖ-ਵੱਖ ਸਰਵੇਖਣਾਂ ਲਈ ਗਲੀਆਂ-ਕੂਚਿਆਂ ਵਿਚ ਭੇਜਿਆ ਜਾਂਦਾ ਹੈ ਤਾਂ ਵਿਦਿਆਰਥੀਆਂ ਲਈ ਸਿੱਖਣ ਦਾ ਸੁਖਾਵਾਂ ਮਾਹੌਲ ਪੂਰੀ ਤਰ੍ਹਾਂ ਖ਼ਤਮ ਹੋ ਜਾਂਦਾ ਹੈ।

ਸਿੱਖਿਆ ਇਕ ਨਿਰੰਤਰ ਪ੍ਰਕਿਰਿਆ ਹੈ ਤੇ ਅਧਿਆਪਕ ਦੀ ਗ਼ੈਰ-ਹਾਜ਼ਰੀ ਕਾਰਨ ਬੱਚਿਆਂ ਦੀ ਪੜ੍ਹਾਈ ਵਿਚ ਅਜਿਹਾ ਪਾੜਾ ਪੈਂਦਾ ਹੈ ਜਿਸ ਨੂੰ ਬਾਅਦ ਵਿਚ ਪੂਰਾ ਕਰਨਾ ਅਸੰਭਵ ਹੁੰਦਾ ਹੈ। ਇਸ ਨਾਲ ਨਾ ਸਿਰਫ਼ ਸਿਲੇਬਸ ਅਧੂਰਾ ਰਹਿ ਜਾਂਦਾ ਹੈ ਸਗੋਂ ਵਿਦਿਆਰਥੀਆਂ 'ਚ ਅਨੁਸ਼ਾਸਨ ਦੀ ਕਮੀ ਆਉਂਦੀ ਹੈ ਤੇ ਪੜ੍ਹਾਈ ਪ੍ਰਤੀ ਉਨ੍ਹਾਂ ਦੀ ਗੰਭੀਰਤਾ ਘਟ ਜਾਂਦੀ ਹੈ। ਇਸ ਕਾਰਨ ਉਹ ਬੁਨਿਆਦੀ ਭਾਸ਼ਾਈ ਗਿਆਨ ਤੇ ਗਣਿਤ ਵਰਗੇ ਅਹਿਮ ਵਿਸ਼ਿਆਂ 'ਚ ਪੱਛੜ ਜਾਂਦੇ ਹਨ।

ਜੇ ਕੌਮੀ ਪੱਧਰ 'ਤੇ ਦੇਖਿਆ ਜਾਵੇ ਤਾਂ ਇਹ ਰੁਝਾਨ ਰਾਸ਼ਟਰ ਦੇ ਮਨੁੱਖੀ ਸਰੋਤਾਂ ਦਾ ਘਾਣ ਕਰ ਰਿਹਾ ਹੈ ਕਿਉਂਕਿ ਸਰਕਾਰੀ ਸਕੂਲਾਂ 'ਚ ਜ਼ਿਆਦਾਤਰ ਗ਼ਰੀਬ ਅਤੇ ਮੱਧ-ਵਰਗੀ ਪਰਿਵਾਰਾਂ ਦੇ ਬੱਚੇ ਪੜ੍ਹਦੇ ਹਨ ਅਤੇ ਜਦੋਂ ਉਨ੍ਹਾਂ ਨੂੰ ਮਿਆਰੀ ਸਿੱਖਿਆ ਨਹੀਂ ਮਿਲਦੀ ਤਾਂ ਸਮਾਜ 'ਚ ਵਿੱਦਿਅਕ ਤੇ ਆਰਥਿਕ ਨਾਬਰਾਬਰੀ ਹੋਰ ਡੂੰਘੀ ਹੋ ਜਾਂਦੀ ਹੈ। ਇਕ ਪੜ੍ਹਿਆ-ਲਿਖਿਆ ਤੇ ਹੁਨਰਮੰਦ ਨੌਜਵਾਨ ਦੇਸ਼ ਦੀ ਆਰਥਿਕਤਾ ਦੀ ਰੀੜ੍ਹ ਦੀ ਹੱਡੀ ਹੁੰਦਾ ਹੈ ਪਰ ਸਿੱਖਿਆ ਦੇ ਡਿੱਗ ਰਹੇ ਮਿਆਰ ਕਾਰਨ ਅਸੀਂ ਅਜਿਹੀ ਪੀੜ੍ਹੀ ਤਿਆਰ ਕਰ ਰਹੇ ਹਾਂ ਜੋ ਡਿਗਰੀਆਂ ਤਾਂ ਪ੍ਰਾਪਤ ਕਰ ਲਵੇਗੀ ਪਰ ਆਲਮੀ ਮੁਕਾਬਲੇਬਾਜ਼ੀ ਦੇ ਦੌਰ 'ਚ ਢੁੱਕਵਾਂ ਰੁਜ਼ਗਾਰ ਹਾਸਲ ਕਰਨ ਦੇ ਯੋਗ ਨਹੀਂ ਹੋਵੇਗੀ।

ਇਸ ਨਾਲ ਦੇਸ਼ ਵਿਚ ਬੇਰੁਜ਼ਗਾਰੀ, ਅਪਰਾਧ ਤੇ ਨਿਰਾਸ਼ਾ ਵਧੇਗੀ ਜੋ ਅੰਤ 'ਚ ਰਾਸ਼ਟਰੀ ਉਤਪਾਦਕਤਾ ਅਤੇ ਜੀਡੀਪੀ ਨੂੰ ਨੁਕਸਾਨ ਪਹੁੰਚਾਏਗੀ। ਅਧਿਆਪਕਾਂ ਨੂੰ 'ਕਲਰਕ' ਬਣਾ ਕੇ ਸਰਕਾਰਾਂ ਥੋੜ੍ਹੇ ਸਮੇਂ ਲਈ ਪ੍ਰਸ਼ਾਸਨਿਕ ਕੰਮ ਤਾਂ ਸਸਤੇ 'ਚ ਕਰਵਾ ਲੈਂਦੀਆਂ ਹਨ ਪਰ ਇਸ ਦੀ ਬਹੁਤ ਵੱਡੀ ਕੀਮਤ ਦੇਸ਼ ਨੂੰ ਬੌਧਿਕ ਪਛੜੇਵੇਂ ਦੇ ਰੂਪ ਵਿਚ ਚੁਕਾਉਣੀ ਪੈ ਰਹੀ ਹੈ।




Published, Printed and Owned by Anil Kumar Garg, Published at Street No-11, Manshahia Colony, Near Grewal Filling Station, Sangrur, Punjab State, Pin-148001, Printed at- Tejas Printers, Opposite Government High School, Patiala Cant., Dhamomajra Road, Patiala, Punjab State, Pin-147001. Editor- Surinder Kumar

# ਹੰਗਰੀ ਵਿੱਚ ਔਰਬਨ ਸਾਮਰਾਜ ਦਾ ਪਤਨ

**ਹਰਸ਼ਵਿੰਦਰ**

ਜਦੋਂ ਵਿਕਟਰ ਔਰਬਨ ਦੀ ਫਿਡੈਸ ਪਾਰਟੀ 2022 ਵਿੱਚ ਲਗਾਤਾਰ ਚੌਥੀ ਵਾਰ ਸੱਤਾ ਵਿੱਚ ਆਈ ਸੀ ਤਾਂ ਉਸ ਸਮੇਂ ਔਰਬਨ ਨੇ ਗੁਮਾਨ ਭਰੀ ਟਿੱਪਣੀ ਕੀਤੀ ਸੀ: "ਅਸੀਂ ਇੰਨੀ ਵੱਡੀ ਜਿੱਤ ਹਾਸਲ ਕੀਤੀ ਹੈ ਕਿ ਤੁਸੀਂ ਇਸ ਨੂੰ ਚੰਦਰਮਾ ਤੋਂ ਦੇਖ ਸਕਦੇ ਹੋ।" ਹੰਗਰੀ ਦੀ ਕਿਸੇ ਵੀ ਸਿਆਸੀ ਪਾਰਟੀ ਵੱਲੋਂ ਸਾਲ 1989 ਤੋਂ ਬਾਅਦ ਪ੍ਰਾਪਤ ਕੀਤੀ ਗਈ ਇਹ ਸਭ ਤੋਂ ਵੱਡੀ ਜਿੱਤ ਸੀ, ਪਰ ਸਿਆਸਤ ਦਾ ਪਹੀਆ ਇੰਨੀ ਤੇਜ਼ੀ ਨਾਲ ਘੁੰਮਿਆ ਕਿ ਉਸ ਟਿੱਪਣੀ ਤੋਂ ਮਹਿਜ਼ ਚਾਰ ਸਾਲਾਂ ਬਾਅਦ 16 ਸਾਲਾਂ ਤੋਂ ਲਗਾਤਾਰ ਚਲੀ ਆ ਰਹੀ ਔਰਬਨ ਦੀ ਹਕੂਮਤ ਤਾਸ਼ ਦੇ ਪੱਤਿਆਂ ਦੇ ਮਹਿਲ ਵਾਂਗ ਢਹਿ-ਢੇਰੀ ਹੋ ਗਈ। ਫਿਡੈਸ ਪਾਰਟੀ ਸੱਤਾ ਤੋਂ ਬਾਹਰ ਹੋ ਗਈ ਹੈ ਅਤੇ ਪਿਛਲੀਆਂ ਚੋਣਾਂ ਦੇ ਮੁਕਾਬਲੇ 80 ਸੀਟਾਂ ਦੇ ਭਾਰੀ ਨੁਕਸਾਨ ਕਾਰਨ ਔਰਬਨ ਦੇ ਸਿਆਸੀ ਜੀਵਨ ਉੱਤੇ ਇੱਕ ਵੱਡਾ ਪ੍ਰਸ਼ਨ ਚਿੰਨ੍ਹ ਲੱਗ ਗਿਆ ਹੈ। ਔਰਬਨ ਨੂੰ ਪੇਟਰ ਮਾਜਾਰ ਨੇ ਹਰਾਇਆ ਹੈ, ਜੋ ਟਿਸਜ਼ਾ ਪਾਰਟੀ ਦਾ ਆਗੂ ਹੈ। ਇਹ ਪਾਰਟੀ ਸਿਰਫ਼ ਛੇ ਸਾਲ ਪਹਿਲਾਂ ਬਣੀ, ਪਰ 2024 ਵਿੱਚ ਮਾਜਾਰ ਨੇ ਇਸ ਦੀ ਵਾਗਡੋਰ ਸੰਭਾਲੀ ਤਾਂ ਇਸ ਵਿੱਚ ਨਵੀਂ ਰੂਹ ਫੂਕੀ ਗਈ। ਸਿਰਫ਼ ਦੋ ਸਾਲਾਂ ਦੇ ਅੰਦਰ ਇੱਕ ਵੱਡੀ ਤਾਕਤ ਵਜੋਂ ਉੱਭਰਦਿਆਂ ਟਿਸਜ਼ਾ ਨੇ ਹੁਣ ਪਾਰਲੀਮੈਂਟ ਵਿੱਚ ਦੋ-ਤਿਹਾਈ ਬਹੁਮਤ ਹਾਸਲ ਕਰ ਲਿਆ ਹੈ। ਬੁਡਾਪੈਸਟ ਦੀਆਂ ਗਲੀਆਂ ਵਿੱਚ ਜਸ਼ਨ ਦਾ ਮਾਹੌਲ ਹੈ, ਲੋਕ ਰਾਤ ਭਰ ਕਾਰਾਂ ਦੇ ਹਾਰਨ ਵਜਾ ਕੇ ਅਤੇ ਮੌਜ ਮੇਲਾ ਕਰਦਿਆਂ ਇਸ ਨੂੰ ਇੱਕ 'ਇਨਕਲਾਬ' ਵਜੋਂ ਦੇਖ ਰਹੇ ਹਨ। ਅੱਸੀ ਫ਼ੀਸਦੀ ਰਿਕਾਰਡ ਵੋਟਿੰਗ ਇਹ ਦੱਸਦੀ ਹੈ ਕਿ ਹੰਗਰੀ ਦੀ ਜਨਤਾ ਸਿਰਫ਼ ਬਦਲਾਅ ਨਹੀਂ ਸਗੋਂ ਪੁਰਾਣੇ ਨਿਜ਼ਾਮ ਤੋਂ ਪੂਰੀ ਤਰ੍ਹਾਂ ਨਿਜਾਤ ਚਾਹੁੰਦੀ ਸੀ।

ਚਾਰ ਸਾਲ ਪਹਿਲਾਂ ਅਜਿੱਤ ਲੱਗਦਾ ਆਗੂ ਹੁਣ ਇੰਨੀ ਬੁਰੀ ਤਰ੍ਹਾਂ ਕਿਵੇਂ ਹਾਰਿਆ? ਇਸ ਦਾ ਸਭ ਤੋਂ ਵੱਡਾ ਕਾਰਨ ਹੰਗਰੀ ਦੀ ਬਦਹਾਲ ਆਰਥਿਕਤਾ ਹੈ। ਔਰਬਨ ਨੇ ਲੰਮਾ ਸਮਾਂ ਯੂਰੋਪੀਅਨ ਯੂਨੀਅਨ ਦੀਆਂ ਸਬਸਿਡੀਆਂ ਅਤੇ ਰੂਸ ਦੇ ਸਸਤੇ ਤੇਲ ਤੇ ਗੈਸ ਵਿਚਕਾਰ ਸੰਤੁਲਨ ਬਣਾਉਣ ਦੀ ਖੇਡ ਖੇਡੀ। ਰੂਸ ਨੇ ਪਾਕਸ 99 ਪ੍ਰਮਾਣੂ ਪ੍ਰੋਜੈਕਟ ਵਿੱਚ 10 ਅਰਬ ਯੂਰੋ ਦਾ ਨਿਵੇਸ਼ ਵੀ ਕੀਤਾ, ਪਰ ਇਹ ਸਭ ਕੁਝ ਹੰਗਰੀ ਦੇ ਅੰਦਰੂਨੀ ਆਰਥਿਕ ਸੰਕਟ ਨੂੰ ਢਕਣ ਲਈ ਕਾਫ਼ੀ ਨਹੀਂ ਸੀ। ਜਿਉਂ-ਜਿਉਂ ਵਿਸ਼ਵ ਆਰਥਿਕਤਾ ਸੰਕਟ ਵਿੱਚ ਘਿਰਦੀ ਗਈ ਅਤੇ ਯੂਕਰੇਨ ਜੰਗ ਨੇ ਤੇਲ ਤੇ ਗੈਸ ਦੀਆਂ ਕੀਮਤਾਂ ਨੂੰ ਬਹੁਤ ਵਧਾ ਦਿੱਤਾ ਤਾਂ ਹੰਗਰੀ ਦੀ ਆਰਥਿਕਤਾ 'ਚ ਬਹੁਤ ਨਿਘਾਰ ਆਇਆ। ਸਾਲ 2020 ਤੋਂ ਬਾਅਦ ਹੰਗਰੀ ਵਿੱਚ ਮਹਿੰਗਾਈ ਦਰ 57 ਫ਼ੀਸਦੀ ਤੱਕ ਪਹੁੰਚ ਗਈ, ਜੋ ਯੂਰੋਪੀਅਨ ਯੂਨੀਅਨ ਦੀ ਔਸਤ 28 ਫ਼ੀਸਦੀ ਤੋਂ ਲਗਭਗ ਦੁੱਗਣੀ ਹੈ। ਔਰਬਨ ਆਪਣੇ 'ਰਾਸ਼ਟਰਵਾਦੀ ਆਰਥਿਕ ਮਾਡਲ' ਤਹਿਤ ਸਥਾਨਕ ਪੂੰਜੀਪਤੀਆਂ ਨੂੰ ਮਜ਼ਬੂਤ ਕਰਨ ਅਤੇ ਸਰਕਾਰੀ ਉਦਯੋਗਾਂ ਨੂੰ ਆਪਣੇ ਸਹਿਯੋਗੀਆਂ ਨੂੰ ਸੌਂਪਣ ਦਾ ਤਰੀਕਾ ਵਰਤਦਾ ਸੀ, ਜੋ ਬੁਰੀ ਤਰ੍ਹਾਂ ਫੇਲ੍ਹ ਹੋਇਆ।

ਇਸ ਤੋਂ ਇਲਾਵਾ ਮੁਲਕ ਵਿੱਚ ਪ੍ਰਜਨਨ ਦਰ ਵਧਾਉਣ ਲਈ ਜੀ ਡੀ ਪੀ ਦਾ 5 ਫ਼ੀਸਦੀ ਖਰਚਣ ਦੇ ਬਾਵਜੂਦ ਹੰਗਰੀ ਦੀ ਆਬਾਦੀ ਵਿੱਚ 5 ਲੱਖ ਦੀ ਗਿਰਾਵਟ ਆਈ ਹੈ। ਸਿਹਤ ਸੰਭਾਲ ਪ੍ਰਣਾਲੀ ਦਾ ਇਹ ਹਾਲ ਹੈ ਕਿ 8,500 ਤੋਂ ਵੱਧ ਡਾਕਟਰ ਬਿਹਤਰ ਤਨਖ਼ਾਹਾਂ ਲਈ ਦੇਸ਼ ਛੱਡ ਚੁੱਕੇ ਹਨ। ਸਿੱਖਿਆ ਦੇ ਖੇਤਰ ਵਿੱਚ ਅਧਿਆਪਕਾਂ ਦੀ ਕਮੀ ਅਤੇ ਵਧਦੇ ਭ੍ਰਿਸ਼ਟਾਚਾਰ ਨੇ ਲੋਕਾਂ ਦੇ ਸਬਰ ਦਾ ਬੰਨ੍ਹ ਤੋੜ ਦਿੱਤਾ। ਜਦ ਜਿਊਣਾ ਦੁੱਭਰ ਹੋਣ ਲੱਗਾ ਅਤੇ ਤਨਖ਼ਾਹਾਂ 'ਚ ਕੋਈ ਸਿਫ਼ਤੀ ਤਬਦੀਲੀ ਨਾ ਹੋਈ ਤਾਂ ਲੋਕਾਂ ਨੇ ਔਰਬਨ ਦੇ 'ਰਾਸ਼ਟਰਵਾਦ' ਨੂੰ ਨਕਾਰ ਕੇ ਆਪਣੀ ਰੋਜ਼ੀ-ਰੋਟੀ ਦੇ ਸਵਾਲ ਨੂੰ ਤਰਜੀਹ ਦਿੱਤੀ।

ਇਸ ਚੋਣ ਨਤੀਜੇ ਵਿੱਚ ਨੌਜਵਾਨਾਂ ਦਾ ਯੋਗਦਾਨ ਸਭ ਤੋਂ ਮਹੱਤਵਪੂਰਨ ਰਿਹਾ। 18-29 ਸਾਲ ਦੀ ਉਮਰ ਦੇ ਵੋਟਰਾਂ ਵਿੱਚੋਂ ਸਿਰਫ਼ 8 ਫ਼ੀਸਦੀ ਨੇ ਔਰਬਨ ਦਾ ਸਮਰਥਨ ਕੀਤਾ। ਨੌਜਵਾਨਾਂ ਵਿੱਚ ਇੰਨਾ ਰੋਹ ਸੀ ਕਿ ਕਈਆਂ ਨੇ ਆਪਣੇ ਮਾਪਿਆਂ ਦੇ ਵੋਟਿੰਗ ਕਾਰਡ ਲੁਕਾ ਦਿੱਤੇ ਤਾਂ ਜੋ ਉਹ ਫਿਡੈਸ ਨੂੰ ਵੋਟ ਨਾ ਪਾ ਸਕਣ। ਇਹ ਉਹੀ ਨੌਜਵਾਨ ਹਨ, ਜੋ ਲੋੜੀਂਦੀ ਗਿਣਤੀ ਤੋਂ ਘੱਟ ਅਧਿਆਪਕਾਂ ਵਾਲੇ ਸਕੂਲਾਂ ਵਿੱਚ ਪੜ੍ਹੇ ਹਨ ਅਤੇ ਜਿਨ੍ਹਾਂ ਨੇ ਆਪਣੇ ਮਾਪਿਆਂ ਨੂੰ ਗੁਜ਼ਾਰਾ ਕਰਨ ਲਈ ਸੰਘਰਸ਼ ਕਰਦਿਆਂ ਦੇਖਿਆ, ਜਦੋਂਕਿ ਸਰਕਾਰੀ ਅਧਿਕਾਰੀ ਭ੍ਰਿਸ਼ਟਾਚਾਰ ਰਾਹੀਂ ਅਮੀਰ ਹੋ ਰਹੇ ਸਨ। ਪੇਟਰ ਮਾਜਾਰ ਨੇ ਇਸੇ ਗੁੱਸੇ ਨੂੰ ਆਪਣੀ ਤਾਕਤ ਬਣਾਇਆ। ਮਾਜਾਰ ਖ਼ੁਦ ਕਈ ਸਾਲ ਫਿਡੈਸ ਦਾ ਹਿੱਸਾ ਰਿਹਾ ਸੀ, ਪਰ 2024 ਵਿੱਚ ਇੱਕ ਬਾਲ ਸ਼ੋਸ਼ਣ ਦੇ ਮਾਮਲੇ ਵਿੱਚ ਦਿੱਤੀ ਗਈ ਸਰਕਾਰੀ ਮੁਆਫ਼ੀ ਦੇ ਘੁਟਾਲੇ ਤੋਂ ਬਾਅਦ ਉਸ ਨੇ ਪਾਰਟੀ ਛੱਡ ਦਿੱਤੀ। ਹੰਗਰੀ ਦੇ ਵੋਟਰਾਂ ਲਈ ਇਹ ਮਾਜਾਰ ਨੂੰ ਵੋਟ ਪਾਉਣ ਦਾ ਸਵਾਲ ਨਹੀਂ ਸੀ, ਸਗੋਂ ਔਰਬਨ ਨੂੰ ਸੱਤਾ ਤੋਂ ਲਾਂਭੇ ਕਰਨ ਦਾ ਸਵਾਲ ਸੀ ਕਿਉਂਕਿ ਉਹ ਇਸ ਸ਼ਾਸਨ ਤੋਂ ਛੁਟਕਾਰਾ ਚਾਹੁੰਦੇ ਸਨ।

ਔਰਬਨ ਦੀ ਹਾਰ ਨੇ ਅਮਰੀਕੀ ਸੱਜੇ-ਪੱਖੀ ਮੈਗਾ ਲਹਿਰ ਨੂੰ ਯੂਰੋਪ ਵਿੱਚ ਆਪਣੇ ਸਭ ਤੋਂ ਵੱਡੇ 'ਵਿਚਾਰਧਾਰਕ ਰਾਜਦੂਤ' ਤੋਂ ਵਾਂਝਾ ਕਰ ਦਿੱਤਾ ਹੈ। ਕੈਨੇਡਾ ਅਤੇ ਆਸਟਰੇਲੀਆ ਦੀਆਂ ਚੋਣਾਂ ਨੇ ਪਹਿਲਾਂ ਹੀ ਸਾਬਿਤ ਕਰ ਦਿੱਤਾ ਸੀ ਕਿ ਚੋਣ ਮੁਹਿੰਮ ਨੂੰ ਮੈਗਾ ਲਹਿਰ ਨਾਲ ਜੋੜਨਾ ਸਿਆਸੀ ਤੌਰ 'ਤੇ ਆਤਮਘਾਤੀ ਸਾਬਿਤ ਹੋ ਸਕਦਾ ਹੈ ਅਤੇ ਹੰਗਰੀ ਵਿੱਚ ਵੀ ਇਹੀ ਵਾਪਰਿਆ। ਔਰਬਨ ਦੀ ਅਮਰੀਕੀ ਪ੍ਰਸਿੱਧੀ ਪ੍ਰਤੀ ਅੰਨ੍ਹੀ ਸ਼ਰਧਾ ਉਸ ਦੇ ਕਿਸੇ ਕੰਮ ਨਾ ਆਈ। ਇਸ ਦੇ ਉਲਟ ਮਾਜਾਰ ਨੇ ਬੜੀ ਚਲਾਕੀ ਨਾਲ ਔਰਬਨ ਨੂੰ ਇੱਕ ਅਜਿਹੇ ਆਗੂ ਵਜੋਂ ਪੇਸ਼ ਕੀਤਾ ਜੋ ਹੰਗਰੀ ਦੇ ਆਮ ਵੋਟਰਾਂ ਨਾਲੋਂ ਵਾਸ਼ਿੰਗਟਨ ਦੇ ਆਗੂਆਂ ਦੇ ਵਧੇਰੇ ਨੇੜੇ ਹੋ ਚੁੱਕਾ ਹੈ। ਮਾਜਾਰ ਨੇ ਸਪੱਸ਼ਟ ਕੀਤਾ ਕਿ ਔਰਬਨ ਹਰ ਉਸ ਮੁੱਦੇ 'ਤੇ ਬੋਲਿਆ ਜੋ ਹੰਗਰੀ ਦੇ ਲੋਕਾਂ ਨਾਲ ਸਬੰਧਤ ਨਹੀਂ ਸੀ ਅਤੇ ਨਤੀਜੇ ਵਜੋਂ ਲੋਕਾਂ ਨੇ ਉਸ ਨੂੰ ਨਕਾਰ ਦਿੱਤਾ। ਮਾਜਾਰ ਦੇ ਸ਼ਬਦਾਂ ਵਿੱਚ, "ਸਾਡਾ ਇਤਿਹਾਸ ਬਰੱਸਲਜ਼ ਜਾਂ ਵਾਸ਼ਿੰਗਟਨ ਵਿੱਚ ਨਹੀਂ ਸਗੋਂ ਹੰਗਰੀ ਦੀਆਂ ਗਲੀਆਂ ਤੇ ਚੌਕਾਂ ਚੌਰਾਹਿਆਂ ਵਿੱਚ ਲਿਖਿਆ ਜਾਂਦਾ ਹੈ।" ਭਾਵੇਂ ਮਾਜਾਰ ਅਮਰੀਕਾ ਨਾਲ ਮਜ਼ਬੂਤ ਸਬੰਧਾਂ ਦਾ ਹਾਮੀ ਹੈ, ਪਰ ਉਸ ਨੇ ਇਹ ਸ਼ਰਤ ਵੀ ਰੱਖੀ ਹੈ ਕਿ ਇਹ ਸਿਰਫ਼ ਹੰਗਰੀ ਦੇ ਹਿੱਤਾਂ ਲਈ ਹੋਣਗੇ। ਉਸ ਵੱਲੋਂ ਪ੍ਰਗਟਾਈ ਇਸ ਲੋਕ ਕੇਂਦਰਿਤ ਪਹੁੰਚ ਨੇ ਹੀ ਔਰਬਨ ਦੇ ਉਸ ਸਾਮਰਾਜੀ ਭਰਮ ਨੂੰ ਤੋੜਿਆ ਹੈ, ਜੋ ਉਹ ਟਰੰਪ ਨਾਲ ਦੋਸਤੀ ਰਾਹੀਂ ਪਾਲ ਰਿਹਾ ਸੀ। ਇਹ ਚੋਣ ਨਤੀਜਾ ਟਰੰਪ ਲਈ ਵੀ ਇੱਕ ਵੱਡੀ ਬੇਇੱਜ਼ਤੀ ਹੈ, ਜੋ ਔਰਬਨ ਨੂੰ ਆਪਣਾ ਰਾਹ-ਦਸੇਰਾ ਮੰਨਦਾ ਸੀ। ਭਾਵੇਂ ਮਾਜਾਰ ਦੀ ਜਿੱਤ ਨੂੰ ਉਦਾਰਵਾਦ ਦੀ ਜਿੱਤ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਪਰ ਸਚਾਈ ਇਹ ਹੈ ਕਿ ਮਾਜਾਰ ਅਤੇ ਔਰਬਨ ਦੇ ਬੁਨਿਆਦੀ ਪ੍ਰੋਗਰਾਮਾਂ ਵਿੱਚ ਬਹੁਤਾ ਅੰਤਰ ਨਹੀਂ ਹੈ। ਮਾਜਾਰ ਨੇ ਕਈ ਮੌਕਿਆਂ (ਖ਼ਾਸਕਰ ਇਮੀਗ੍ਰੇਸ਼ਨ ਦੇ ਮੁੱਦੇ) 'ਤੇ ਫਿਡੈਸ ਨੂੰ ਸੱਜੇ ਪਾਸਿਓਂ ਪਛਾੜਨ ਦੀ ਕੋਸ਼ਿਸ਼ ਕੀਤੀ ਹੈ। ਯੂਕਰੇਨ ਦੇ ਸਵਾਲ 'ਤੇ ਵੀ ਮਾਜਾਰ ਦਾ ਰੁਖ਼ ਪੂਰੀ ਤਰ੍ਹਾਂ ਸਪੱਸ਼ਟ ਨਹੀਂ ਹੈ। ਉਸ ਨੇ ਸਹਾਇਤਾ 'ਤੇ ਵੀਟੋ ਹਟਾਉਣ ਦਾ ਵਾਅਦਾ ਤਾਂ ਕੀਤਾ ਹੈ, ਪਰ ਨਾਲ ਹੀ ਇਹ ਵੀ ਕਿਹਾ ਹੈ ਕਿ ਇਸ ਲਈ ਕੋਈ ਹੰਗੇਰੀਅਨ ਪੈਸਾ ਨਹੀਂ ਦਿੱਤਾ ਜਾਵੇਗਾ। ਰੂਸ ਨਾਲ ਆਰਥਿਕ ਸਬੰਧਾਂ ਬਾਰੇ ਵੀ ਉਸ ਦਾ ਕਹਿਣਾ ਹੈ ਕਿ "ਤੁਸੀਂ ਭੂਗੋਲ ਨਹੀਂ ਬਦਲ ਸਕਦੇ।"

ਮਾਜਾਰ ਅਜਿਹੇ ਸਮੇਂ ਸੱਤਾ ਵਿੱਚ ਆਇਆ ਹੈ ਜਦੋਂ ਵਿਸ਼ਵ ਆਰਥਿਕਤਾ ਡੂੰਘੇ ਸੰਕਟ ਵਿੱਚ ਹੈ। ਅਮਰੀਕਾ ਅਤੇ ਇਜ਼ਰਾਈਲ ਦੀ ਇਰਾਨ ਵਿਰੁੱਧ ਜੰਗ ਕਾਰਨ ਤੇਲ ਦੀਆਂ ਕੀਮਤਾਂ ਆਸਮਾਨ ਛੂਹ ਰਹੀਆਂ ਹਨ। ਹੰਗਰੀ ਆਪਣੀਆਂ 80 ਫ਼ੀਸਦੀ ਊਰਜਾ ਲੋੜਾਂ ਲਈ ਰੂਸ 'ਤੇ ਨਿਰਭਰ ਹੈ ਅਤੇ ਜੇਕਰ ਉਹ ਯੂਰੋਪੀਅਨ ਯੂਨੀਅਨ ਦੇ ਦਬਾਅ ਹੇਠ ਰੂਸ ਨਾਲੋਂ ਸਬੰਧ ਤੋੜਦਾ ਹੈ ਤਾਂ ਉਸ ਦੀ ਹਾਲਤ ਹੋਰ ਵੀ ਪਤਲੀ ਹੋ ਜਾਵੇਗੀ। ਇਸ ਤੋਂ ਇਲਾਵਾ ਬਰੱਸਲਜ਼ ਵੱਲੋਂ ਬਜਟ ਘਾਟਾ ਘਟਾਉਣ ਲਈ ਖਰਚਿਆਂ ਵਿੱਚ ਕਟੌਤੀ ਦਾ ਦਬਾਅ ਮਾਜਾਰ ਲਈ ਸਿਹਤ ਅਤੇ ਸਿੱਖਿਆ ਵਰਗੇ ਖੇਤਰਾਂ ਵਿੱਚ ਸੁਧਾਰ ਕਰਨਾ ਲਗਭਗ ਅਸੰਭਵ ਬਣਾ ਦੇਵੇਗਾ। ਹੰਗਰੀ ਵਿੱਚ ਔਰਬਨ ਦਾ ਪਤਨ ਇੱਕ ਯੁੱਗ ਦਾ ਅੰਤ ਹੈ, ਪਰ ਮਾਜਾਰ ਦਾ ਉਭਾਰ ਕਿਸੇ ਅਸਲੀ ਇਨਕਲਾਬ ਦੀ ਗਾਰੰਟੀ ਨਹੀਂ ਹੈ। ਜਦੋਂ ਤੱਕ ਹੰਗਰੀ ਦੀ ਸਿਆਸਤ ਵਿੱਚ ਅਸਲੀ ਕਿਰਤੀਆਂ ਦੀ ਇੱਕ ਅਜਿਹੀ ਪਾਰਟੀ ਦਾ ਉਭਾਰ ਨਹੀਂ ਹੁੰਦਾ, ਜੋ ਦੇਸ਼ ਦੇ ਆਰਥਿਕ ਸਰੋਤਾਂ ਨੂੰ ਕਾਮਿਆਂ ਦੇ ਨਿਯੰਤਰਨ ਹੇਠ ਲਿਆਉਣ ਦਾ ਪ੍ਰੋਗਰਾਮ ਰੱਖਦੀ ਹੋਵੇ, ਉਦੋਂ ਤੱਕ ਇੱਕ ਸੱਜੇ-ਪੱਖੀ ਪਾਰਟੀ ਨੂੰ ਦੂਜੀ ਸੱਜੇ-ਪੱਖੀ ਪਾਰਟੀ ਨਾਲ ਬਦਲਣ ਨਾਲ ਆਮ ਜਨਤਾ ਦੀ ਤਕਦੀਰ ਨਹੀਂ ਬਦਲੇਗੀ। ਔਰਬਨ ਨੂੰ ਬਦਨਾਮ ਹੋਣ ਵਿੱਚ 16 ਸਾਲ ਲੱਗੇ, ਪਰ ਮੌਜੂਦਾ ਵਿਸ਼ਵ ਸੰਕਟ ਦੇ ਦੌਰ ਵਿੱਚ ਮਾਜਾਰ ਕੋਲ ਇੰਨਾ ਸਮਾਂ ਨਹੀਂ ਹੋਵੇਗਾ। ਹੰਗਰੀ ਵਿੱਚ ਹੋਈ ਰਿਕਾਰਡ ਵੋਟਿੰਗ ਲੋਕਾਂ ਦੇ ਅੰਦਰ ਦੱਬੇ ਹੋਏ ਜਵਾਲਾਮੁਖੀ ਦਾ ਪ੍ਰਤੀਕ ਹੈ, ਜੋ ਆਉਣ ਵਾਲੇ ਸਮੇਂ ਵਿੱਚ ਕਿਸੇ ਵੱਡੀ ਸਿਆਸੀ ਤਬਦੀਲੀ ਦਾ ਆਧਾਰ ਬਣ ਸਕਦੀ ਹੈ।

ਚਾਰ ਸਾਲ ਪਹਿਲਾਂ ਅਜਿੱਤ ਲੱਗਦਾ ਆਗੂ ਹੁਣ ਇੰਨੀ ਬੁਰੀ ਤਰ੍ਹਾਂ ਕਿਵੇਂ ਹਾਰਿਆ? ਇਸ ਦਾ ਸਭ ਤੋਂ ਵੱਡਾ ਕਾਰਨ ਹੰਗਰੀ ਦੀ ਬਦਹਾਲ ਆਰਥਿਕਤਾ ਹੈ। ਔਰਬਨ ਨੇ ਲੰਮਾ ਸਮਾਂ ਯੂਰੋਪੀਅਨ ਯੂਨੀਅਨ ਦੀਆਂ ਸਬਸਿਡੀਆਂ ਅਤੇ ਰੂਸ ਦੇ ਸਸਤੇ ਤੇਲ ਤੇ ਗੈਸ ਵਿਚਕਾਰ ਸੰਤੁਲਨ ਬਣਾਉਣ ਦੀ ਖੇਡ ਖੇਡੀ। ਰੂਸ ਨੇ ਪਾਕਸ 99 ਪ੍ਰਮਾਣੂ ਪ੍ਰੋਜੈਕਟ ਵਿੱਚ 10 ਅਰਬ ਯੂਰੋ ਦਾ ਨਿਵੇਸ਼ ਵੀ ਕੀਤਾ, ਪਰ ਇਹ ਸਭ ਕੁਝ ਹੰਗਰੀ ਦੇ ਅੰਦਰੂਨੀ ਆਰਥਿਕ ਸੰਕਟ ਨੂੰ ਢਕਣ ਲਈ ਕਾਫ਼ੀ ਨਹੀਂ ਸੀ। ਜਿਉਂ-ਜਿਉਂ ਵਿਸ਼ਵ ਆਰਥਿਕਤਾ ਸੰਕਟ ਵਿੱਚ ਘਿਰਦੀ ਗਈ ਅਤੇ ਯੂਕਰੇਨ ਜੰਗ ਨੇ ਤੇਲ ਤੇ ਗੈਸ ਦੀਆਂ ਕੀਮਤਾਂ ਨੂੰ ਬਹੁਤ ਵਧਾ ਦਿੱਤਾ ਤਾਂ ਹੰਗਰੀ ਦੀ ਆਰਥਿਕਤਾ 'ਚ ਬਹੁਤ ਨਿਘਾਰ ਆਇਆ। ਸਾਲ 2020 ਤੋਂ ਬਾਅਦ ਹੰਗਰੀ ਵਿੱਚ ਮਹਿੰਗਾਈ ਦਰ 57 ਫ਼ੀਸਦੀ ਤੱਕ ਪਹੁੰਚ ਗਈ, ਜੋ ਯੂਰੋਪੀਅਨ ਯੂਨੀਅਨ ਦੀ ਔਸਤ 28 ਫ਼ੀਸਦੀ ਤੋਂ ਲਗਭਗ ਦੁੱਗਣੀ ਹੈ। ਔਰਬਨ ਆਪਣੇ 'ਰਾਸ਼ਟਰਵਾਦੀ ਆਰਥਿਕ ਮਾਡਲ' ਤਹਿਤ ਸਥਾਨਕ ਪੂੰਜੀਪਤੀਆਂ ਨੂੰ ਮਜ਼ਬੂਤ ਕਰਨ ਅਤੇ ਸਰਕਾਰੀ ਉਦਯੋਗਾਂ ਨੂੰ ਆਪਣੇ ਸਹਿਯੋਗੀਆਂ ਨੂੰ ਸੌਂਪਣ ਦਾ ਤਰੀਕਾ ਵਰਤਦਾ ਸੀ, ਜੋ ਬੁਰੀ ਤਰ੍ਹਾਂ ਫੇਲ੍ਹ ਹੋਇਆ। ਇਸ ਤੋਂ ਇਲਾਵਾ ਮੁਲਕ ਵਿੱਚ ਪ੍ਰਜਨਨ ਦਰ ਵਧਾਉਣ ਲਈ ਜੀ ਡੀ ਪੀ ਦਾ 5 ਫ਼ੀਸਦੀ ਖਰਚਣ ਦੇ ਬਾਵਜੂਦ ਹੰਗਰੀ ਦੀ ਆਬਾਦੀ ਵਿੱਚ 5 ਲੱਖ ਦੀ ਗਿਰਾਵਟ ਆਈ ਹੈ। ਸਿਹਤ ਸੰਭਾਲ ਪ੍ਰਣਾਲੀ ਦਾ ਇਹ ਹਾਲ ਹੈ ਕਿ 8,500 ਤੋਂ ਵੱਧ ਡਾਕਟਰ ਬਿਹਤਰ ਤਨਖ਼ਾਹਾਂ ਲਈ ਦੇਸ਼ ਛੱਡ ਚੁੱਕੇ ਹਨ। ਸਿੱਖਿਆ ਦੇ ਖੇਤਰ ਵਿੱਚ ਅਧਿਆਪਕਾਂ ਦੀ ਕਮੀ ਅਤੇ ਵਧਦੇ ਭ੍ਰਿਸ਼ਟਾਚਾਰ ਨੇ ਲੋਕਾਂ ਦੇ ਸਬਰ ਦਾ ਬੰਨ੍ਹ ਤੋੜ ਦਿੱਤਾ। ਜਦ ਜਿਊਣਾ ਦੁੱਭਰ ਹੋਣ ਲੱਗਾ ਅਤੇ ਤਨਖ਼ਾਹਾਂ 'ਚ ਕੋਈ ਸਿਫ਼ਤੀ ਤਬਦੀਲੀ ਨਾ ਹੋਈ ਤਾਂ ਲੋਕਾਂ ਨੇ ਔਰਬਨ ਦੇ 'ਰਾਸ਼ਟਰਵਾਦ' ਨੂੰ ਨਕਾਰ ਕੇ ਆਪਣੀ ਰੋਜ਼ੀ-ਰੋਟੀ ਦੇ ਸਵਾਲ ਨੂੰ ਤਰਜੀਹ ਦਿੱਤੀ। ਇਸ ਚੋਣ ਨਤੀਜੇ ਵਿੱਚ ਨੌਜਵਾਨਾਂ ਦਾ ਯੋਗਦਾਨ ਸਭ ਤੋਂ ਮਹੱਤਵਪੂਰਨ ਰਿਹਾ। 18-29 ਸਾਲ ਦੀ ਉਮਰ ਦੇ ਵੋਟਰਾਂ ਵਿੱਚੋਂ ਸਿਰਫ਼ 8 ਫ਼ੀਸਦੀ ਨੇ ਔਰਬਨ ਦਾ ਸਮਰਥਨ ਕੀਤਾ। ਨੌਜਵਾਨਾਂ ਵਿੱਚ ਇੰਨਾ ਰੋਹ ਸੀ ਕਿ ਕਈਆਂ ਨੇ ਆਪਣੇ ਮਾਪਿਆਂ ਦੇ ਵੋਟਿੰਗ ਕਾਰਡ ਲੁਕਾ ਦਿੱਤੇ ਤਾਂ ਜੋ ਉਹ ਫਿਡੈਸ ਨੂੰ ਵੋਟ ਨਾ ਪਾ ਸਕਣ। ਇਹ ਉਹੀ ਨੌਜਵਾਨ ਹਨ, ਜੋ ਲੋੜੀਂਦੀ ਗਿਣਤੀ ਤੋਂ ਘੱਟ ਅਧਿਆਪਕਾਂ ਵਾਲੇ ਸਕੂਲਾਂ ਵਿੱਚ ਪੜ੍ਹੇ ਹਨ ਅਤੇ ਜਿਨ੍ਹਾਂ ਨੇ ਆਪਣੇ ਮਾਪਿਆਂ ਨੂੰ ਗੁਜ਼ਾਰਾ ਕਰਨ ਲਈ ਸੰਘਰਸ਼ ਕਰਦਿਆਂ ਦੇਖਿਆ, ਜਦੋਂਕਿ ਸਰਕਾਰੀ ਅਧਿਕਾਰੀ ਭ੍ਰਿਸ਼ਟਾਚਾਰ ਰਾਹੀਂ ਅਮੀਰ ਹੋ ਰਹੇ ਸਨ। ਪੇਟਰ ਮਾਜਾਰ ਨੇ ਇਸੇ ਗੁੱਸੇ ਨੂੰ ਆਪਣੀ ਤਾਕਤ ਬਣਾਇਆ। ਮਾਜਾਰ ਖ਼ੁਦ ਕਈ ਸਾਲ ਫਿਡੈਸ ਦਾ ਹਿੱਸਾ ਰਿਹਾ ਸੀ, ਪਰ 2024 ਵਿੱਚ ਇੱਕ ਬਾਲ ਸ਼ੋਸ਼ਣ ਦੇ ਮਾਮਲੇ ਵਿੱਚ ਦਿੱਤੀ ਗਈ ਸਰਕਾਰੀ ਮੁਆਫ਼ੀ ਦੇ ਘੁਟਾਲੇ ਤੋਂ ਬਾਅਦ ਉਸ ਨੇ ਪਾਰਟੀ ਛੱਡ ਦਿੱਤੀ। ਹੰਗਰੀ ਦੇ ਵੋਟਰਾਂ ਲਈ ਇਹ ਮਾਜਾਰ ਨੂੰ ਵੋਟ ਪਾਉਣ ਦਾ ਸਵਾਲ ਨਹੀਂ ਸੀ, ਸਗੋਂ ਔਰਬਨ ਨੂੰ ਸੱਤਾ ਤੋਂ ਲਾਂਭੇ ਕਰਨ ਦਾ ਸਵਾਲ ਸੀ ਕਿਉਂਕਿ ਉਹ ਇਸ ਸ਼ਾਸਨ ਤੋਂ ਛੁਟਕਾਰਾ ਚਾਹੁੰਦੇ ਸਨ ।ਔਰਬਨ ਦੀ ਹਾਰ ਨੇ ਅਮਰੀਕੀ ਸੱਜੇ-ਪੱਖੀ ਮੈਗਾ ਲਹਿਰ ਨੂੰ ਯੂਰੋਪ ਵਿੱਚ ਆਪਣੇ ਸਭ ਤੋਂ ਵੱਡੇ 'ਵਿਚਾਰਧਾਰਕ ਰਾਜਦੂਤ' ਤੋਂ ਵਾਂਝਾ ਕਰ ਦਿੱਤਾ ਹੈ। ਕੈਨੇਡਾ ਅਤੇ ਆਸਟਰੇਲੀਆ ਦੀਆਂ ਚੋਣਾਂ ਨੇ ਪਹਿਲਾਂ ਹੀ ਸਾਬਿਤ ਕਰ ਦਿੱਤਾ ਸੀ ਕਿ ਚੋਣ ਮੁਹਿੰਮ ਨੂੰ ਮੈਗਾ ਲਹਿਰ ਨਾਲ ਜੋੜਨਾ ਸਿਆਸੀ ਤੌਰ 'ਤੇ ਆਤਮਘਾਤੀ ਸਾਬਿਤ ਹੋ ਸਕਦਾ ਹੈ ਅਤੇ ਹੰਗਰੀ ਵਿੱਚ ਵੀ ਇਹੀ ਵਾਪਰਿਆ।



# ਸੰਤੁਲਨ 'ਤੇ ਟਿਕਿਆ ਵਪਾਰ ਸਮਝੌਤਾ

ਭਾਰਤ-ਨਿਊਜ਼ੀਲੈਂਡ ਮੁਕਤ ਵਪਾਰ ਸਮਝੌਤੇ ਯਾਨੀ ਐੱਫਟੀਏ ਦਾ ਹਕੀਕੀ ਰੂਪ ਧਾਰ ਲੈਣਾ ਭਾਰਤ ਦੀ ਵਪਾਰਕ ਕੂਟਨੀਤੀ ਵਿਚ ਇਕ ਮਹੱਤਵਪੂਰਨ ਕਦਮ ਹੈ। ਇਹ ਇਸ ਗੱਲ ਦਾ ਵੀ ਸਪਸ਼ਟ ਸੰਕੇਤ ਹੈ ਕਿ ਦੇਸ਼ ਪੂਰੇ ਆਤਮ-ਵਿਸ਼ਵਾਸ ਨਾਲ ਆਲਮੀ ਮੰਚ 'ਤੇ ਜੁੜਨ ਲਈ ਤਿਆਰ ਹੈ।

ਭਾਰਤ ਹੁਣ ਵਿਸ਼ਵ ਅਰਥਚਾਰੇ ਨਾਲ ਹੋਰ ਡੂੰਘਾਈ ਨਾਲ ਜੁੜਨ ਦੀ ਇੱਛਾ ਰੱਖਦਾ ਹੈ ਅਤੇ ਇਹ ਯਕੀਨੀ ਬਣਾਉਣ ਵਿਚ ਵੀ ਲੱਗਾ ਹੈ ਕਿ ਉਸ ਦੇ ਕਿਸਾਨਾਂ, ਮਜ਼ਦੂਰਾਂ, ਛੋਟੇ ਉਦਯੋਗਾਂ (ਐੱਮਐੱਸਐੱਮਈ) ਅਤੇ ਰਣਨੀਤਕ ਖੇਤਰਾਂ ਦੇ ਹਿੱਤ ਪੂਰੀ ਤਰ੍ਹਾਂ ਸੁਰੱਖਿਅਤ ਰਹਿਣ।

ਇਹ ਸਮਝੌਤਾ ਪਿਛਲੇ ਸਾਲ ਮਾਰਚ ਵਿਚ ਸ਼ੁਰੂ ਹੋਈਆਂ ਵਾਰਤਾਵਾਂ ਦਾ ਨਤੀਜਾ ਹੈ ਜਿਸ 'ਤੇ ਦਸੰਬਰ ਵਿਚ ਹੀ ਸਹਿਮਤੀ ਬਣ ਗਈ ਸੀ ਅਤੇ ਸੋਮਵਾਰ ਨੂੰ ਇਸ 'ਤੇ ਹਸਤਾਖ਼ਰ ਵੀ ਹੋ ਗਏ। ਇਹ ਕਵਾਇਦ ਆਰਥਿਕ ਸਬੰਧਾਂ ਨੂੰ ਮਜ਼ਬੂਤ ਬਣਾਉਣ ਦੀ ਦਿਸ਼ਾ ਵਿਚ ਦੋਹਾਂ ਧਿਰਾਂ ਦੀ ਮਜ਼ਬੂਤ ਰਾਜਨੀਤਕ ਇੱਛਾ-ਸ਼ਕਤੀ ਦੀ ਪ੍ਰਤੀਕ ਬਣ ਕੇ ਵੀ ਉੱਭਰੀ ਹੈ।

ਭਾਰਤ ਲਈ ਇਹ ਸਮਝੌਤਾ ਸਿਰਫ਼ ਇਸ ਲਈ ਮਹੱਤਵਪੂਰਨ ਨਹੀਂ ਹੈ ਕਿ ਇਹ ਇਕ ਉੱਚ ਆਮਦਨੀ ਵਾਲੇ ਅਤੇ ਵਪਾਰ ਏਕੀਕ੍ਰਿਤ ਬਾਜ਼ਾਰ ਵਿਚ ਨਵੇਂ ਮੌਕੇ ਖੋਲ੍ਹਦਾ ਹੈ ਸਗੋਂ ਇਸ ਨਜ਼ਰੀਏ ਤੋਂ ਵੀ ਮਹੱਤਵ ਰੱਖਦਾ ਹੈ ਕਿ ਇਸ ਜ਼ਰੀਏ ਭਾਰਤ ਦੇ ਓਸ਼ੀਆਨੀਆ ਅਤੇ ਪ੍ਰਸ਼ਾਂਤ ਖੇਤਰਾਂ ਵਿਚ ਸਬੰਧਾਂ ਨੂੰ ਨਵਾਂ ਆਯਾਮ ਮਿਲੇਗਾ।

ਫ਼ ?ਲਹਾਲ ਭਾਰਤ ਅਤੇ ਨਿਊਜ਼ੀਲੈਂਡ ਵਿਚਕਾਰ 1.3 ਅਰਬ ਡਾਲਰ ਦੇ ਦੁਵੱਲੇ ਵਪਾਰ ਵਿਚ ਭਾਰਤ ਨੂੰ ਹੀ ਬੜ੍ਹਤ ਵਾਲੀ ਸਥਿਤੀ ਪ੍ਰਾਪਤ ਹੈ ਪਰ ਨਿਊਜ਼ੀਲੈਂਡ ਦੀ 47.5 ਅਰਬ ਡਾਲਰ ਦੀ ਦਰਾਮਦ ਵਿਚ ਭਾਰਤ ਦੀ ਹਿੱਸੇਦਾਰੀ ਸਿਰਫ਼ ਦੋ ਪ੍ਰਤੀਸ਼ਤ ਦੇ ਮਾਮੂਲੀ ਪੱਧਰ 'ਤੇ ਹੈ। ਪਹਿਲਾਂ ਭਾਰਤੀ ਉਤਪਾਦਾਂ 'ਤੇ 10 ਪ੍ਰਤੀਸ਼ਤ ਦੀ ਕਸਟਮਜ਼ ਡਿਊਟੀ ਲੱਗਦੀ ਸੀ ਪਰ ਐੱਫਟੀਏ ਨਾਲ ਇਹ ਸਾਰੇ ਸਮੀਕਰਨ ਪੂਰੀ ਤਰ੍ਹਾਂ ਬਦਲ ਜਾਣਗੇ।

ਵਿਆਪਕ ਤੌਰ 'ਤੇ ਦੇਖਿਆ ਜਾਵੇ ਤਾਂ ਭਾਰਤ-ਨਿਊਜ਼ੀਲੈਂਡ ਐੱਫਟੀਏ ਭਵਿੱਖ ਨੂੰ ਧਿਆਨ ਵਿਚ ਰੱਖਣ ਵਾਲਾ ਸਮਝੌਤਾ ਹੈ, ਜੋ ਵਸਤਾਂ ਅਤੇ ਸੇਵਾਵਾਂ ਦੇ ਨਾਲ- ਨਾਲ ਗਤੀਸ਼ੀਲਤਾ ਅਤੇ ਇਨੋਵੇਸ਼ਨਜ਼ ਨੂੰ ਵੀ ਧਿਆਨ ਵਿਚ ਰੱਖਦਾ ਹੈ। ਨਿਊਜ਼ੀਲੈਂਡ ਭਾਰਤੀ ਨਿਰਯਾਤਾਂ ਲਈ ਸਾਰੀਆਂ ਟੈਰਿਫ ਲਾਈਨਾਂ 'ਤੇ ਮੁਫ਼ਤ ਪਹੁੰਚ ਪ੍ਰਦਾਨ ਕਰਨ ਜਾ ਰਿਹਾ ਹੈ ਜਿਸ ਵਿਚ ਕੱਪੜੇ, ਪਹਿਰਾਵੇ, ਚਮੜੇ ਦੇ ਸਾਮਾਨ, ਕਾਰਪੈਟ, ਆਟੋਮੋਬਾਈਲ ਅਤੇ ਕਲਪੁਰਜ਼ਿਆਂ 'ਤੇ ਉੱਚੇ ਟੈਰਿਫ ਖ਼ਤਮ ਕਰ ਦਿੱਤੇ ਗਏ ਹਨ। ਇਸ ਦੇ ਬਦਲੇ ਵਿਚ ਭਾਰਤ ਲਗਪਗ 70 ਪ੍ਰਤੀਸ਼ਤ ਟੈਕਸ ਸ਼੍ਰੇਣੀਆਂ ਵਿਚ ਸੀਮਤ ਬਾਜ਼ਾਰ ਪ੍ਰਵੇਸ਼ ਦੇਵੇਗਾ ਅਤੇ 30 ਪ੍ਰਤੀਸ਼ਤ ਸ਼੍ਰੇਣੀ ਵਿਚ ਫੀਸ ਤੁਰੰਤ ਖ਼ਤਮ ਕਰੇਗਾ ਜਦਕਿ ਬਾਕੀ ਸ਼੍ਰੇਣੀਆਂ ਵਿਚ ਇਸ ਨੂੰ ਪੜਾਅਵਾਰ ਤਰੀਕੇ ਨਾਲ ਹਟਾਇਆ ਜਾਵੇਗਾ।

ਭਾਰਤ ਨੇ ਲਗਪਗ 30 ਪ੍ਰਤੀਸ਼ਤ ਸੰਵੇਦਨਸ਼ੀਲ 'ਟੈਰਿਫ ਲਾਈਨਾਂ' ਨੂੰ ਇਸ ਸੂਚੀ ਤੋਂ ਬਾਹਰ ਰੱਖਿਆ ਹੈ ਤਾਂ ਜੋ ਘਰੇਲੂ ਹਿੱਤਾਂ ਦੀ ਸੁਰੱਖਿਆ ਕੀਤੀ ਜਾ ਸਕੇ। ਇਸ ਵਿਚ ਡੇਰੀ ਉਤਪਾਦ, ਦਾਲਾਂ, ਖੰਡ, ਖਾਣ ਵਾਲੇ ਤੇਲ, ਪਿਆਜ਼, ਮੱਕੀ ਅਤੇ ਬਦਾਮ ਵਰਗੀਆਂ ਸ਼੍ਰੇਣੀਆਂ ਨੂੰ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ ਜੋ ਖੁਰਾਕੀ ਸੁਰੱਖਿਆ ਦੇ ਨਾਲ-ਨਾਲ ਕਿਸਾਨਾਂ ਦੇ ਹਿੱਤਾਂ ਨੂੰ ਵੀ ਧਿਆਨ ਵਿਚ ਰੱਖਦੀਆਂ ਹਨ।

ਵਿਲੱਖਣ ਵਿਸ਼ੇਸ਼ਤਾਵਾਂ ਇਸ ਐੱਫਟੀਏ ਨੂੰ ਹੋਰ ਆਕਰਸ਼ਕ ਬਣਾਉਂਦੀਆਂ ਹਨ। ਜਿਵੇਂ ਕਿ ਨਿਊਜ਼ੀਲੈਂਡ ਨੇ ਅਗਲੇ 15 ਸਾਲਾਂ ਵਿਚ ਭਾਰਤ ਵਿਚ 20 ਅਰਬ ਡਾਲਰ ਦੇ ਨਿਵੇਸ਼ ਦੀ ਗੱਲ ਕੀਤੀ ਹੈ। ਇਹ ਨਿਵੇਸ਼ ਮੁੱਖ ਤੌਰ 'ਤੇ ਬੁਨਿਆਦੀ ਢਾਂਚੇ, ਮੈਨੂਫੈਕਚਰਿੰਗ ਅਤੇ ਨਵਿਆਉਣਯੋਗ ਊਰਜਾ ਖੇਤਰਾਂ 'ਤੇ ਕੇਂਦ੍ਰਿਤ ਹੋਵੇਗਾ। ਇਸ ਵਿਚ ਇਕ ਪੁਨਰ-ਸੰਤੁਲਨ ਦੀ ਵੀ ਵਿਵਸਥਾ ਹੈ ਜੋ ਨਿਵੇਸ਼ ਟੀਚੇ ਪੂਰੇ ਨਾ ਹੋਣ ਦੀ ਸਥਿਤੀ ਵਿਚ ਭਾਰਤ ਨੂੰ ਉਪਚਾਰਾਤਮਕ ਉਪਾਅ ਕਰਨ ਦੀ ਆਗਿਆ ਦਿੰਦੀ ਹੈ।



ਇਹ ਕਦਮ ਰੁਜ਼ਗਾਰ, ਤਕਨੀਕ ਦੇ ਤਬਾਦਲੇ ਅਤੇ ਸਪਲਾਈ ਚੇਨ ਦੇ ਏਕੀਕਰਨ ਨੂੰ ਹੱਲਾਸ਼ੇਰੀ ਦੇਵੇਗਾ ਜਿਸ ਵਿਚ ਨਿਊਜ਼ੀਲੈਂਡ ਦੇ ਮਜ਼ਬੂਤ ਵਿਦੇਸ਼ੀ ਨਿਵੇਸ਼ ਪ੍ਰੋਫਾਈਲ ਦਾ ਲਾਭ ਮਿਲੇਗਾ। ਇਸ ਤੋਂ ਇਲਾਵਾ, ਨਿਊਜ਼ੀਲੈਂਡ ਓਸ਼ੀਆਨੀਆ-ਪ੍ਰਸ਼ਾਂਤ ਬਾਜ਼ਾਰਾਂ ਅਤੇ ਸਥਾਪਤ ਵਿਸ਼ਵ ਮੂਲ ਸ਼੍ਰੇਣੀਆਂ ਵਿਚ ਭਾਰਤ ਲਈ ਇਕ ਰਣਨੀਤਕ ਪ੍ਰਵੇਸ਼-ਦੁਆਰ (ਗੇਟਵੇ) ਦੀ ਭੂਮਿਕਾ ਵੀ ਨਿਭਾਏਗਾ। ਭਾਰਤੀ ਪ੍ਰਤਿਭਾਵਾਂ ਲਈ ਵੀ ਇਹ ਬਹੁਤ ਉਪਯੋਗੀ ਸਾਬਿਤ ਹੋਣ ਜਾ ਰਿਹਾ ਹੈ।

ਇਸ ਵਿਚ ਭਾਰਤੀ ਵਿਦਿਆਰਥੀਆਂ ਲਈ ਵੀਜ਼ੇ ਦੀ ਕੋਈ ਉੱਪਰਲੀ ਹੱਦ ਨਿਰਧਾਰਤ ਨਹੀਂ ਕੀਤੀ ਗਈ ਹੈ। ਉਨ੍ਹਾਂ ਨੂੰ ਪੜ੍ਹਾਈ ਦੌਰਾਨ 20 ਘੰਟੇ ਕੰਮ ਕਰਨ ਅਤੇ ਪੜ੍ਹਾਈ ਤੋਂ ਬਾਅਦ ਵੀ ਚਾਰ ਸਾਲਾਂ ਤੱਕ ਪ੍ਰਭਾਵੀ ਵੀਜ਼ਾ ਦਿੱਤਾ ਜਾਵੇਗਾ। ਨਿਊਜ਼ੀਲੈਂਡ ਨੇ ਕਿਸੇ ਐੱਫਟੀਏ ਵਿਚ ਪਹਿਲੀ ਵਾਰ ਇਸ ਤਰ੍ਹਾਂ ਦੀ ਕੋਈ ਵਿਵਸਥਾ ਕੀਤੀ ਹੈ। ਇਕ ਨਵੀਂ ਅਸਥਾਈ ਰੁਜ਼ਗਾਰ ਪ੍ਰਵੇਸ਼ ਸ਼੍ਰੇਣੀ ਤਹਿਤ ਆਈਟੀ, ਸਿਹਤ ਸੇਵਾਵਾਂ ਅਤੇ ਇੰਜੀਨੀਅਰਿੰਗ ਖੇਤਰ ਦੀਆਂ ਪ੍ਰਤਿਭਾਵਾਂ ਲਈ 5,000 ਪ੍ਰੋਫੈਸ਼ਨਲ ਵੀਜ਼ੇ ਵੀ ਯਕੀਨੀ ਬਣਾਏ ਗਏ ਹਨ।

ਇਸ ਵਿਚ ਆਯੁਰਵੈਦਿਕ ਡਾਕਟਰਾਂ, ਯੋਗਾ ਟਰੇਨਰਾਂ, ਭਾਰਤੀ ਰਸੋਈਆਂ ਅਤੇ ਸੰਗੀਤ ਦੇ ਅਧਿਆਪਕਾਂ ਵਰਗੇ ਵਿਸ਼ੇਸ਼ ਖੇਤਰਾਂ ਲਈ ਵੀ ਤਿੰਨ ਸਾਲਾਂ ਤੱਕ ਦੇ ਵੀਜ਼ੇ ਦੀ ਵਿਵਸਥਾ ਹੈ। ਇਹ ਕਦਮ ਲੋਕਾਂ ਵਿਚਕਾਰ ਯਾਨੀ ਪੀਟੂਪੀ ਅਤੇ ਵਪਾਰਕ ਅਦਾਰਿਆਂ ਯਾਨੀ ਬੀਟੂਬੀ ਸਬੰਧਾਂ ਦੀ ਕਾਇਆ ਪਲਟਣ ਦੀ ਸਮਰੱਥਾ ਰੱਖਦੇ ਹਨ।

ਕੱਪੜੇ-ਲਿਬਾਸ ਖੇਤਰ ਨੂੰ ਇਸ ਐੱਫਟੀਏ ਸਦਕਾ ਵੱਡਾ ਹੁਲਾਰਾ ਮਿਲਣ ਜਾ ਰਿਹਾ ਹੈ। ਨਿਊਜ਼ੀਲੈਂਡ ਹਰ ਸਾਲ 1.2 ਅਰਬ ਡਾਲਰ ਦੇ ਲਿਬਾਸ ਦਰਾਮਦ ਕਰਦਾ ਹੈ ਜਿਸ ਵਿਚ ਭਾਰਤ ਦੀ ਹਿੱਸੇਦਾਰੀ ਸਿਰਫ਼ ਚਾਰ ਪ੍ਰਤੀਸ਼ਤ ਹੈ ਜੋ ਕਿ ਇਸ ਐੱਫਟੀਏ ਤੋਂ ਬਾਅਦ ਵਧਦੀ ਦਿਖਾਈ ਦੇਵੇਗੀ।

ਚਮੜੇ ਅਤੇ ਫੁਟਵੀਅਰ ਤੋਂ ਇਲਾਵਾ ਰਤਨ ਅਤੇ ਗਹਿਣਿਆਂ ਵਰਗੇ ਖੇਤਰ ਵੀ ਇਸ ਦੇ ਵੱਡੇ ਲਾਭਪਾਤਰੀ ਬਣ ਕੇ ਉੱਭਰਨਗੇ ਜਿੱਥੇ ਪਹਿਲਾਂ ਵਾਲੇ ਟੈਰਿਫ ਭਾਰਤੀ ਉਤਪਾਦਾਂ ਦੀਆਂ ਸੰਭਾਵਨਾਵਾਂ ਦੇ ਰਾਹ ਵਿਚ ਅੜਿੱਕਾ ਬਣ ਰਹੇ ਸਨ। ਇਸੇ ਤਰ੍ਹਾਂ ਇੰਜੀਨੀਅਰਿੰਗ ਵਸਤਾਂ ਦੇ 6.6 ਅਰਬ ਡਾਲਰ ਦੇ ਬਾਜ਼ਾਰ ਵਿਚ ਭਾਰਤ ਦੀ ਜੋ ਹਿੱਸੇਦਾਰੀ ਸਿਰਫ਼ ਇਕ ਪ੍ਰਤੀਸ਼ਤ ਰਹੀ, ਉਹ ਵੀ ਵਧਣ ਦੇ ਬਹੁਤ ਜ਼ਿਆਦਾ ਆਸਾਰ ਹਨ। ਫਾਰਮਾ ਬਾਜ਼ਾਰ ਵਿਚ ਵੀ ਭਾਰਤ ਦੀ ਸਿਰਫ਼ 5.5 ਪ੍ਰਤੀਸ਼ਤ ਦੀ ਹਿੱਸੇਦਾਰੀ ਨੂੰ ਵੀ ਐੱਫਟੀਏ ਤੋਂ ਬਾਅਦ ਹੋਰ ਵਿਸਥਾਰ ਮਿਲੇਗਾ।

ਸਮਝੌਤੇ ਦੀ ਤਾਕਤ ਇਸ ਦੇ ਸੰਤੁਲਨ ਅਤੇ ਆਪਸੀ ਸੰਵੇਦਨਾਵਾਂ ਦੀ ਮਾਨਤਾ ਵਿਚ ਸ਼ੁਮਾਰ ਹੈ। ਭਾਰਤੀ ਖੇਤੀ ਖੇਤਰ ਦੀਆਂ ਸੰਵੇਦਨਾਵਾਂ ਨੂੰ ਸਮਝਦਿਆਂ ਨਿਊਜ਼ੀਲੈਂਡ ਕੀਵੀ ਫਲ, ਸੇਬ ਅਤੇ ਸ਼ਹਿਦ ਉਤਪਾਦਨ ਲਈ ਕਾਰਜ ਯੋਜਨਾਵਾਂ ਅਤੇ ਐਕਸੀਲੈਂਸ ਸੈਂਟਰਾਂ ਦੀ ਸਥਾਪਨਾ ਵਿਚ ਵੀ ਸਹਿਯੋਗ ਕਰੇਗਾ। ਭੂਗੋਲਿਕ ਸੰਕੇਤਕਾਂ ਯਾਨੀ ਜੀਆਈ ਟੈਗ ਵਾਲੇ ਉਤਪਾਦਾਂ ਨੂੰ ਵੀ ਸਮਝੌਤੇ ਵਿਚ ਸੁਰੱਖਿਆ ਪ੍ਰਦਾਨ ਕੀਤੀ ਗਈ ਹੈ ।ਇਹ ਐੱਫਟੀਏ ਇਹ ਦਰਸਾਉਂਦਾ ਹੈ ਕਿ ਭਾਰਤ ਵਿਸ਼ਵ ਬਾਜ਼ਾਰਾਂ ਨਾਲ ਡੂੰਘੇ ਏਕੀਕਰਨ ਲਈ ਤਿਆਰ ਹੈ ਪਰ ਉਹ ਆਪਣੇ ਹਿੱਤਾਂ ਨੂੰ ਤਰਜੀਹ ਦਿੰਦੇ ਹੋਏ ਸੰਤੁਲਿਤ ਤਰੀਕੇ ਨਾਲ ਹੀ ਇਸ ਰਾਹ 'ਤੇ ਅੱਗੇ ਵਧੇਗਾ। ਇਹ ਸੰਤੁਲਿਤ ਸਮਝੌਤਾ ਖੇਤੀ ਖੇਤਰ ਨੂੰ ਸੁਰੱਖਿਆ ਪ੍ਰਦਾਨ ਕਰਦੇ ਹੋਏ ਸੇਵਾਵਾਂ ਅਤੇ ਨਿਵੇਸ਼ ਲਈ ਬੂਹੇ ਵੀ ਖੋਲ੍ਹਦਾ ਹੈ।

ਤਿੰਨ ਸਾਲਾਂ ਵਿਚ ਦਸਵੇਂ ਐੱਫਟੀਏ ਸਮਝੌਤੇ 'ਤੇ ਭਾਰਤ ਦੇ ਹਸਤਾਖ਼ਰ ਦਰਸਾਉਂਦੇ ਹਨ ਕਿ ਦੇਸ਼ ਵਪਾਰਕ ਮੋਰਚੇ 'ਤੇ ਇਕ ਨਵੇਂ ਯੁੱਗ ਦੀ ਦਹਲੀਜ਼ 'ਤੇ ਖੜ੍ਹਾ ਹੈ। ਇਕ ਅਜਿਹਾ ਯੁੱਗ ਜਿੱਥੇ ਭਾਰਤੀ ਖ਼ਾਹਿਸ਼ਾਂ ਦਾ ਸੰਗਮ ਆਲਮੀ ਮੌਕਿਆਂ ਨਾਲ ਹੋ ਰਿਹਾ ਹੈ ਅਤੇ ਇਸ ਵਿਚ ਨਪੀ-ਤੁਲੀ ਸੁਰੱਖਿਆ ਅਤੇ ਖੁੱਲ੍ਹੇ ਬਾਜ਼ਾਰ ਦੀ ਧਾਰਨਾ ਵਿਚ ਸੰਤੁਲਨ ਕਾਇਮ ਕੀਤਾ ਜਾ ਰਿਹਾ ਹੈ।

**-ਅਨੰਤ ਸਵਰੂਪ, -(ਲੇਖਕ ਫਿੱਕੀ ਦੇ ਜਨਰਲ ਸਕੱਤਰ ਹਨ)।**

ਲੇਖਕ ਆਪਣੀਆਂ ਰਚਨਾਵਾਂ ਸਬੰਧੀ ਕਿਸੇ ਵੀ ਤਰ੍ਹਾਂ ਦੀ ਜਾਣਕਾਰੀ ਲਈ ਮੋਬਾਇਲ ਨੰਬਰ 79860-87886'ਤੇ ਸੰਪਰਕ ਕਰਨ।

ਰੋਜ਼ਾਨਾ ਆਜ਼ਾਦ ਸੋਚ 'ਚ ਛਪਣ ਵਾਲੀ ਲੇਖ ਸਮਗਰੀ ਲੇਖਕਾਂ ਦੇ ਨਿਜੀ ਵਿਚਾਰ ਹੁੰਦੇ ਹਨ। ਇੰਨਾਂ ਨਾਲ ਅਖਬਾਰ ਦਾ ਕੋਈ ਲੈਣਾ ਦੇਣਾ ਨਹੀਂ ਹੈ। ਪਾਠਕ ਸਾਹਿਬਾਨ ਨੋਟ ਕਰਨ। ਪ੍ਰਕਾਸ਼ਤ ਸਮੱਗਰੀ ਬਾਰੇ ਕੋਈ ਵੀ ਇਤਰਾਜ਼ ਸਬੰਧਤ ਲੇਖਕ ਕੋਲ ਹੀ ਉਠਾਇਆ ਜਾਵੇ। - ਸੰਪਾਦਕ

# ਡੇਰਾ ਸੱਚਾ ਸੌਦਾ ਦੀ ਸਾਧ ਸੰਗਤ ਨੇ ਜ਼ਰੂਰਤਮੰਦ ਪਰਿਵਾਰ ਨੂੰ ਮਕਾਨ ਬਣਾ ਕੇ ਦਿੱਤਾ



**ਆਜ਼ਾਦ ਸੋਚ, ਬਠਿੰਡਾ, 28 ਅਪ੍ਰੈਲ:**

ਡੇਰਾ ਸੱਚਾ ਸੌਦਾ ਬਲਾਕ ਬਠਿੰਡਾ ਦੀ ਸਾਧ ਸੰਗਤ ਨੇ ਪਿੰਡ ਜੋਗਾ ਨੰਦ ਵਿਖੇ ਇੱਕ ਜ਼ਰੂਰਤਮੰਦ ਪਰਿਵਾਰ ਦਾ ਮਕਾਨ ਬਣਾ ਕੇ ਉਸਦੀ ਮੱਦਦ ਕੀਤੀ ਹੈ। ਸੇਵਾਦਾਰਾਂ ਦੇ ਇਸ ਉਪਰਾਲੇ ਦੀ ਪਿੰਡ ਵਿਚ ਭਰਪੂਰ ਪ੍ਰਸੰਸ਼ਾ ਹੋ ਰਹੀ ਹੈ। ਵੇਰਵਿਆਂ ਮੁਤਾਬਿਕ ਏਰੀਆ ਸ੍ਰੀ ਗੁਰੂ ਗੋਬਿੰਦ ਸਿੰਘ ਨਗਰ ਵਿੱਚ ਕਿਰਾਏ ਦੇ ਮਕਾਨ ਵਿਚ ਰਹਿਣ ਵਾਲਾ ਗੁਰਮਿੰਦਰ ਸਿੰਘ ਸਰਹਿੰਦ ਨਹਿਰ ਲਾਗੇ ਇੱਕ ਚਾਹ-ਦੁੱਧ ਦਾ ਖੋਖਾ ਲਗਾ ਕੇ ਆਪਣਾ ਅਤੇ ਪਰਿਵਾਰ ਦਾ ਗੁਜਾਰਾ ਮੁਸ਼ਿਕਲ ਨਾਲ ਕਰਦਾ ਹੈ। ਉਸਦੀਆਂ 2 ਭੈਣਾਂ ਵਿਆਹੀਆਂ ਹੋਈਆਂ ਹਨ ਅਤੇ ਇੱਕ ਕੁਆਰੀ ਭੈਣ ਜੋ ਕਿ ਮੰਦਬੁੱਧੀ ਹੈ ਤੋਂ ਇਲਾਵਾ ਬਜੁਰਗ ਮਾਂ ਅਤੇ ਸੁਨਣ ਤੋਂ ਅਸਮਰੱਥ ਪਿਤਾ ਦਾ ਇੱਕੋ ਸਹਾਰਾ ਹੈ ਗੁਰਮਿੰਦਰ। ਉਸਦੇ ਦੇ ਘਰ ਦੇ ਤਰਸਯੋਗ ਹਲਾਤਾਂ ਦਾ ਪਤਾ ਜਦੋਂ ਸੱਚੀ ਬਾਗਬਾਨੀ ਸੰਮਤੀ ਦੇ ਜਿੰਮੇਵਾਰ ਸੇਵਾਦਾਰ ਕ੍ਰਿਸ਼ਨ ਇੰਸਾਂ ਨੂੰ ਪਤਾ ਚੱਲਿਆ ਤਾਂ ਉਨਾਂ ਬਲਾਕ ਬਠਿੰਡਾ ਦੇ ਜਿੰਮੇਵਾਰ ਸੇਵਾਦਾਰਾਂ ਨਾਲ ਸੰਪਰਕ ਕਰਕੇ ਜ਼ਰੂਰਤਮੰਦ ਪਰਿਵਾਰ ਦੀ ਮੱਦਦ ਕਰਨ ਲਈ ਕਿਹਾ ਅਤੇ ਡੇਰਾ ਸੱਚਾ ਸੌਦਾ ਸਰਸਾ ਵਿਖੇ ਹੈਲਪਾਈਨ ਤੇ ਸੰਪਰਕ ਕੀਤਾ। ਘਰੇਲੂ ਆਰਥਿਕ ਤੰਗੀ ਨੂੰ ਦੇਖਦਿਆਂ ਬਲਾਕ ਬਠਿੰਡਾ ਦੇ ਏਰੀਆ ਥਰਮਲ ਕਲੋਨੀ ਅਤੇ ਸ੍ਰੀ ਗੁਰੂ ਗੋਬਿੰਦ ਸਿੰਘ ਨਗਰ ਦੀ ਸਾਧ ਸੰਗਤ ਦੀ ਅਗਵਾਈ ਵਿਚ ਬਲਾਕ ਬਠਿੰਡਾ ਦੇ ਵੱਖ-ਵੱਖ ਏਰੀਆ ਦੇ ਸੇਵਾਦਾਰਾਂ ਨੇ ਉਸਦੇ ਮਕਾਨ ਦੀ ਉਸਾਰੀ ਕੀਤੀ ਹੈ। ਇਸ ਮੌਕੇ ਗੁਰਮਿੰਦਰ ਸਿੰਘ ਅਤੇ ਉਸਦੇ ਪਰਿਵਾਰਕ ਮੈਂਬਰਾਂ ਨੇ ਪੂਜਨੀਕ ਗੁਰੂ ਸੰਤ ਡਾ. ਗੁਰਮੀਤ ਰਾਮ ਰਹੀਮ ਸਿੰਘ ਜੀ ਇੰਸਾਂ ਅਤੇ ਸੇਵਾਦਾਰਾਂ ਦਾ ਇਸ ਨੇਕ ਕਾਰਜ ਲਈ ਤਹਿਦਿਲੋਂ ਧੰਨਵਾਦ ਕੀਤਾ। ਇਸ ਮੌਕੇ ਸੇਵਾਦਾਰਾਂ ਦੀ ਅਗਵਾਈ ਕਰ ਰਹੇ ਸਟੇਟ ਕਮੇਟੀ ਮੈਂਬਰ ਕੁਲਬੀਰ ਸਿੰਘ ਇੰਸਾਂ ਅਤੇ ਰਜਿੰਦਰ ਗੋਇਲ ਇੰਸਾਂ ਨੇ ਕਿਹਾ ਕਿ ਸਾਰੇ ਹੀ ਸੇਵਾਦਾਰਾਂ ਨੇ ਬੜੇ ਹੀ ਜਜਬੇ ਨਾਲ ਸੇਵਾ ਕਾਰਜਾ 'ਚ ਹਿੱਸਾ ਲੈਂਦਿਆਂ ਬਲਾਕ ਬਠਿੰਡਾ ਦੇ ਏਰੀਆ ਥਰਮਲ ਕਲੋਨੀ ਦੇ ਅਧੀਨ ਪੈਂਦੇ ਪਿੰਡ ਜੋਗਾ ਨੰਦ ਵਿਚ 10 ਮਿਸਤਰੀਆਂ ਅਤੇ ਲਗਭਗ 50-55 ਦੇ ਕਰੀਬ ਸੇਵਾਦਾਰਾਂ ਨੇ ਮਿਲ ਕੇ ਗੁਰਮਿੰਦਰ ਸਿੰਘ ਦੇ ਮਕਾਨ ਦੀ ਉਸਾਰੀ ਕੀਤੀ ਹੈ ਜਿਸ ਵਿਚ ਉਸ ਨੂੰ 2 ਕਮਰੇ, ਰਸੋਈ, ਟੁਆਇਲੈਟ ਅਤੇ ਬਾਥਰੂਮ ਬਣਾ ਕੇ ਦਿੱਤਾ ਗਿਆ ਹੈ।

ਬਲਜਿੰਦਰ ਸਿੰਘ ਵਾਸੀ ਜੋਗਾ ਨੰਦ, ਪੈਨਸ਼ਨ ਯੂਨੀਅਨ ਸਰਕਲ ਪ੍ਰਧਾਨ, ਪੰਜਾਬ ਰਾਜ ਬਿਜਲੀ ਬੋਰਡ ਨੇ ਕਿਹਾ ਕਿ ਡੇਰਾ ਸੱਚਾ ਸੌਦਾ ਵੱਲੋਂ ਜੋ ਗਰੀਬ ਪਰਿਵਾਰਾਂ ਨੂੰ ਮਕਾਨ ਪਾ ਕੇ ਦੇਣ ਦੀ ਇਹ ਸੇਵਾ ਕੀਤੀ ਜਾਂਦੀ ਹੈ ਇਨਾਂ ਦਾ ਤਹਿਦਿਲੋਂ ਆਦਰ ਸਤਿਕਾਰ ਕਰਦੇ ਹਾਂ। ਅੱਜ-ਕੱਲ ਦੇ ਜਮਾਨੇ ਦੀ ਮਹਿੰਗਾਈ 'ਚ ਆਮ ਬੰਦੇ ਨੂੰ ਆਪਣਾ ਮਕਾਨ ਬਣਾਉਣਾ ਬਹੁਤ ਔਖਾ ਹੈ ਤੇ ਅਜਿਹੀ ਮੁਸ਼ਕਿਲ ਦੀ ਘੜੀ 'ਚ ਇਸ ਗਰੀਬ ਪਰਿਵਾਰ ਦੀ ਡੇਰਾ ਸੱਚਾ ਸੌਦਾ ਨੇ ਬਾਂਹ ਫੜਦਿਆਂ ਸਿਰ ਤੇ ਛੱਤ ਪਾਈ ਹੈ, ਇਨਾਂ ਦੇ ਯਤਨਾਂ ਲਈ ਬਹੁਤ-ਬਹੁਤ ਧੰਨਵਾਦ ਕਰਦੇ ਹਾਂ ਤੇ ਆਉਣ ਵਾਲੇ ਸਮੇਂ 'ਚ ਵੀ ਡੇਰਾ ਸੱਚਾ ਸੌਦਾ ਗਰੀਬਾਂ ਦੀ ਮੱਦਦ ਕਰਦਾ ਰਹੇ ਤਾਂ ਅਸੀਂ ਇਨਾਂ ਦੇ ਦਿਲੋਂ ਰਿਣੀ ਰਹਾਂਗੇ।

# ਮੁੱਖ ਮੰਤਰੀ ਦੀ ਤੀਰਥ ਯਾਤਰਾ ਯੋਜਨਾ ਨਾਲ ਜੁੜਿਆ ਰਾਜਪੁਰਾ

## ਨੀਨਾ ਮਿੱਤਲ ਦੀ ਟੀਮ ਨੇ ਜੰਡੋਲੀ ਤੋਂ ਸੰਗਤਾਂ ਨੂੰ ਅੰਮ੍ਰਿਤਸਰ ਰਵਾਨਾ ਕਰਕੇ ਬਣਾਇਆ ਮਾਹੌਲ ਗਰਮ



**ਆਜ਼ਾਦ ਸੋਚ, ਭਾਗ ਸਿੰਘ ਅੰਟਾਲ, ਅਭਿਸ਼ੇਕ ਸੂਦ, ਘਨੌਰ, 28 ਅਪ੍ਰੈਲ:**

ਪੰਜਾਬ ਸਰਕਾਰ ਵੱਲੋਂ ਚਲਾਈ ਜਾ ਰਹੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਹੇਠ ਹਲਕਾ ਰਾਜਪੁਰਾ ਦੇ ਪਿੰਡ ਜੰਡੋਲੀ ਵਿੱਚ ਵੱਡਾ ਧਾਰਮਿਕ ਅਤੇ ਸਿਆਸੀ ਰੰਗ ਵੇਖਣ ਨੂੰ ਮਿਲਿਆ, ਜਿੱਥੇ ਸ: ਰਘਵੀਰ ਸਿੰਘ ਗੋਪਾਲਪੁਰ, ਜ਼ਿਲ੍ਹਾ ਪ੍ਰਧਾਨ ਵਿਰਾਸਤ ਸੇਵਾ ਸੰਗਠਨ ਪਟਿਆਲਾ ਵੱਲੋਂ ਸੰਗਤਾਂ ਨਾਲ ਭਰੀ ਬੱਸ ਨੂੰ ਹਰੀ ਝੰਡੀ ਦੇ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਦੇ ਗੁਰੂਧਾਮਾਂ ਦੇ ਦਰਸ਼ਨਾਂ ਲਈ ਰਵਾਨਾ ਕੀਤਾ ਗਿਆ।

ਇਸ ਮੌਕੇ ਹਲਕੇ ਦੀ ਸਿਆਸੀ ਸਰਗਰਮੀ ਵੀ ਚਰਮ 'ਤੇ ਨਜ਼ਰ ਆਈ, ਕਿਉਂਕਿ $*1 ਮੈਡਮ ਨੀਨਾ ਮਿੱਤਲ ਦੀ ਟੀਮ ਦੇ ਅਹਿਮ ਆਗੂ—ਸ਼੍ਰੀ ਅਜੇ ਚੌਧਰੀ (ਹਲਕਾ ਕੋਆਰਡੀਨੇਟਰ), ਬਲਾਕ ਪ੍ਰਧਾਨ ਚਾਰੂ ਚੌਧਰੀ, ਡਾ. ਚਰਨ ਕਮਲ ਸਿੰਘ, ਸ: ਧਨਵੰਤ ਸਿੰਘ ਹਰਪਾਲਪੁਰ, ਸ: ਸੰਤ ਸਿੰਘ ਢਕਾਂਨਸੂ, ਸਰਪੰਚ ਜੰਡੋਲੀ, ਸ਼੍ਰੀ ਲੱਲੀਤ ਜੀ ਸਮੇਤ ਕਈ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਦੀ ਹਾਜ਼ਰੀ ਨੇ ਪ੍ਰੋਗਰਾਮ ਨੂੰ ਵਿਸ਼ੇਸ਼ ਮਹੱਤਤਾ ਬਖ਼ਸ਼ੀ।

ਸੰਗਤਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਲੋਕਾਂ ਨੇ ਪੰਜਾਬ ਸਰਕਾਰ ਦੀ ਇਸ ਯੋਜਨਾ ਦੀ ਸਰਾਹਨਾ ਕਰਦਿਆਂ ਕਿਹਾ ਕਿ ਇਸ ਤਰ੍ਹਾਂ ਦੀਆਂ ਸਕੀਮਾਂ ਨਾਲ ਆਮ ਲੋਕਾਂ ਨੂੰ ਧਾਰਮਿਕ ਯਾਤਰਾਵਾਂ ਦਾ ਲਾਭ ਮਿਲ ਰਿਹਾ ਹੈ। ਨਾਲ ਹੀ, ਸਿਆਸੀ ਤੌਰ 'ਤੇ ਵੀ ਇਹ ਪ੍ਰੋਗਰਾਮ ਹਲਕੇ ਵਿੱਚ ਸਰਕਾਰ ਦੀ ਮਜ਼ਬੂਤ ਪਕੜ ਅਤੇ ਆਉਣ ਵਾਲੇ ਸਮੇਂ ਲਈ ਤਿਆਰੀ ਦਾ ਸੰਕੇਤ ਦੇ ਰਿਹਾ ਹੈ।

ਸਥਾਨਕ ਆਗੂਆਂ ਨੇ ਕਿਹਾ ਕਿ ਮੁੱਖ ਮੰਤਰੀ ਦੀਆਂ ਲੋਕ-ਭਲਾਈ ਯੋਜਨਾਵਾਂ ਨੂੰ ਜ਼ਮੀਨੀ ਪੱਧਰ ਤੱਕ ਪਹੁੰਚਾਉਣ ਲਈ ਟੀਮ ਪੂਰੀ ਤਰ੍ਹਾਂ ਵਚਨਬੱਧ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਇਸ ਤਰ੍ਹਾਂ ਦੇ ਹੋਰ ਪ੍ਰੋਗਰਾਮ ਕਰਵਾਏ ਜਾਣਗੇ।

# ਸਰਕਾਰੀ ਸਮਾਰਟ ਸਕੂਲ ਸਕਰੌਦੀ ਵਿਖੇ ਕੰਪਿਊਟਰ ਲੈਬ ਅਤੇ ਸਕੂਲ ਦੇ ਨਵੀਨੀਕਰਨ ਦਾ ਉਦਘਾਟਨ ਹੋਇਆ



**ਆਜ਼ਾਦ ਸੋਚ, ਸੋਹਨ ਸਿੰਘ ਸੋਢੀ, ਭਵਾਨੀਗੜ੍ਹ, 28 ਅਪ੍ਰੈਲ:**

ਪੰਜਾਬ ਸਰਕਾਰ ਵਲੋਂ ਸਿੱਖਿਆ ਕ੍ਰਾਂਤੀ ਤਹਿਤ ਇੱਥੋਂ ਨੇੜਲੇ ਸੀਨੀਅਰ ਸੈਕੰਡਰੀ ਸਮਾਰਟ ਸਕੂਲ ਸਕਰੌਦੀ ਵਿਖੇ ਨਵੇਂ ਕੰਪਿਊਟਰ ਲੈਬ ਅਤੇ ਸਕੂਲ ਦੇ ਨਵੀਨੀਕਰਨ ਦਾ ਉਦਘਾਟਨ ਸ਼੍ਰੀ ਗੁਰਵਿੰਦਰ ਸਿੰਘ ਚੱਠਾ ਓ. ਐਸ. ਡੀ. ਹਲਕਾ ਵਿਧਾਇਕ ਸੰਗਰੂਰ ਨੇ ਆਪਣੇ ਕਰ ਕਮਲਾ ਨਾਲ ਕੀਤਾ। ਇਸ ਮੌਕੇ ਸਕੂਲ ਪ੍ਰਿੰਸੀਪਲ ਮੈਡਮ ਸ਼੍ਰੀਮਤੀ ਦਰਸ਼ਨਾ ਦੇਵੀ ਨੇ ਮੁੱਖ ਮਹਿਮਾਨ ਨੂੰ ਜੀ ਆਇਆਂ ਕਿਹਾ।ਇਸ ਮੌਕੇ ਸ਼੍ਰੀ ਚੱਠਾ ਨੇ ਬੋਲਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਿੱਖਿਆ ਕ੍ਰਾਂਤੀ ਲਈ ਚਲਾਈ ਮੁਹਿੰਮ ਤਹਿਤ 13 ਲੱਖ ਰੁਪਏ ਦੀ ਲਾਗਤ ਨਾਲ 7 ਨਵੇਂ ਕੰਪਿਊਟਰ ਅਤੇ 2 ਨਵੇਂ ਪੈਨਲ ਖਰੀਦ ਕੀਤੇ। ਜਿਸ ਨਾਲ ਨੌਵੀਂ ਕਲਾਸ ਤੋਂ ਬਾਰਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਕੰਪਿਊਟਰ ਦੀ ਸਿਖਲਾਈ ਦਿੱਤੀ ਜਾਵੇਗੀ। ਉਹਨਾਂ ਕਿਹਾ ਕਿ ਸਰਕਾਰ ਨੇ ਕੰਪਿਊਟਰ ਦੀ ਪੜ੍ਹਾਈ ਲਈ ਵਿਦਿਆਰਥੀਆਂ ਨੂੰ ਸਿਖਲਾਈ ਦੇਣ ਲਈ ਸਪੈਸ਼ਲ ਟੀਚਰ ਸ਼੍ਰੀ ਗੁਰਮੇਹਰ ਸਿੰਘ ਦੀ ਨਿਯੁਕਤੀ ਕੀਤੀ ਹੈ।ਇਸ ਮੌਕੇ ਸਕੂਲ ਦੇ ਵਿਦਿਆਰਥੀਆਂ ਹਰਜੀਤ ਸਿੰਘ, ਮਨਵਿੰਦਰ ਕੌਰ, ਸਹਿਜਪ੍ਰੀਤ ਕੌਰ, ਮਨਪ੍ਰੀਤ ਕੌਰ, ਸ਼ਗਨਪ੍ਰੀਤ ਕੌਰ ਅਤੇ ਅੰਸਦੀਪ ਸਿੰਘ ਨੇ ਆਪਣੇ ਗੀਤਾਂ ਰਾਹੀਂ ਸੁਨੇਹਾ ਦਿੱਤਾ ਕਿ ਹਿੰਮਤ, ਜਿੰਦਗੀ ਵਿਚ ਅਪਨਾਉਣ ਨਾਲ ਉਚੀਆਂ ਬੁਲੰਦੀਆਂ ਤੇ ਪਹੁੰਚਿਆ ਜਾ ਸਕਦਾ ਹੈ।ਸਿੱਖਿਆ ਕੋਆਰਡੀਨੇਟਰ ਪੰਕਜ ਗਰਗ, ਮੈਡਮ ਜਸਵੀਰ ਕੌਰ, ਸਾਬਕਾ ਪ੍ਰਿੰਸੀਪਲ ਸਤਪਾਲ ਬਲਾਸੀ, ਸਕੂਲ ਦੇ ਚੇਅਰਮੈਨ ਲਖਵੀਰ ਸਿੰਘ, ਸਰਪੰਚ ਸ਼੍ਰੀਮਤੀ ਜਸਵਿੰਦਰ ਕੌਰ, ਸਾਬਕਾ ਚੇਅਰਮੈਨ ਗੁਰਮਿੰਦਰ ਸਿੰਘ ਬਬਲਾ, ਸਲਾਮਦੀਨ ਪੰਚ, ਜੁਗਰਾਜ ਸਿੰਘ, ਤਜਿੰਦਰ ਸਿੰਘ ਬਲਾਕ ਪ੍ਰਧਾਨ, ਪੂਰਨ ਸਿੰਘ ਗਰੇਵਾਲ, ਜਸਕਰਨ ਸਿੰਘ ਕਲੱਬ ਪ੍ਰਧਾਨ, ਇੰਦਰਜੀਤ ਸਿੰਘ, ਪਿੰਦਰ ਸਿੰਘ, ਬਿੰਦਰ ਕੌਰ ਪੰਚ ਤੋਂ ਇਲਾਵਾ ਸਕੂਲ ਦਾ ਸਟਾਫ, ਵਿਦਿਆਰਥੀਆਂ ਤੋਂ ਇਲਾਵਾ ਪਤਵੰਤੇ ਸੱਜਣ ਹਾਜਰ ਸਨ। ਸਟੇਜ ਸੰਚਾਲਕ ਦੀ ਜਿੰਮੇਵਾਰੀ ਲੈਕਚਰਾਰ ਗੁਰਮੀਤ ਸਿੰਘ ਨੇ ਬਾਖੂਬੀ ਨਿਭਾਈ।

# ਬਿਜਲੀ ਕੱਟਾਂ ਦੇ ਵਿਰੋਧ ਵਿੱਚ ਅਕਾਲੀ ਦਲ ਕਰੇਗਾ ਪ੍ਰਦਰਸ਼ਨ: ਢਿੱਲੋਂ

## ਬਠਿੰਡਾ ਵਿੱਚ ਐਸਡੀਐਮ ਦਫ਼ਤਰ ਦੇ ਸਾਹਮਣੇ ਦੇਣਗੇ ਧਰਨਾ, ਰੋਸ ਮਾਰਚ ਵੀ ਕੱਢਣਗੇ

**ਆਜ਼ਾਦ ਸੋਚ, ਗੌਰਵ ਕਾਲੜਾ, ਬਠਿੰਡਾ, 28 ਅਪ੍ਰੈਲ:**

ਸੂਬੇ ਵਿੱਚ ਵੱਧ ਰਹੇ ਅਘੋਸ਼ਿਤ ਬਿਜਲੀ ਕੱਟਾਂ ਨੂੰ ਲੈ ਕੇ ਸ਼ਿਰੋਮਣੀ ਅਕਾਲੀ ਦਲ ਨੇ ਆਮ ਆਦਮੀ ਪਾਰਟੀ ਸਰਕਾਰ ਦੇ ਖ਼ਿਲਾਫ਼ ਮੋਰਚਾ ਖੋਲ੍ਹਦੇ ਹੋਏ 30 ਅਪ੍ਰੈਲ ਨੂੰ ਬਠਿੰਡਾ ਵਿੱਚ ਰੋਸ ਮਾਰਚ ਅਤੇ ਧਰਨਾ-ਪ੍ਰਦਰਸ਼ਨ ਕਰਨ ਦਾ ਐਲਾਨ ਕੀਤਾ ਹੈ। ਇਹ ਫੈਸਲਾ ਪਾਰਟੀ ਦੀ ਸ਼ਹਿਰੀ ਹਲਕਾ ਇਕਾਈ ਦੀ ਮੀਟਿੰਗ ਵਿੱਚ ਲਿਆ ਗਿਆ, ਜਿਸ ਦੀ ਅਗਵਾਈ ਹਲਕਾ ਇੰਚਾਰਜ ਇਕਬਾਲ ਸਿੰਘ ਬਬਲੀ ਢਿੱਲੋਂ ਨੇ ਕੀਤੀ। ਉਨ੍ਹਾਂ ਦੱਸਿਆ ਕਿ ਸੂਬੇ ਵਿੱਚ ਲਗਾਤਾਰ ਲੰਬੇ ਬਿਜਲੀ ਕੱਟ ਲਗ ਰਹੇ ਹਨ, ਜਿਸ ਨਾਲ ਆਮ ਜਨ ਜੀਵਨ ਬੁਰੀ ਤਰ੍ਹਾਂ ਪ੍ਰਭਾਵਿਤ ਹੋ ਰਿਹਾ ਹੈ। ਖ਼ਾਸ ਕਰਕੇ ਪਿੰਡਾਂ ਵਿੱਚ ਸ਼ਾਮ ਤੋਂ ਲੈ ਕੇ ਦੇਰ ਰਾਤ ਤੱਕ 6 ਘੰਟਿਆਂ ਤੱਕ ਬਿਜਲੀ ਗ਼ਾਇਬ ਰਹਿਣ ਕਾਰਨ ਲੋਕਾਂ ਨੂੰ ਭਿਆਨਕ ਗਰਮੀ ਵਿੱਚ ਭਾਰੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।ਢਿੱਲੋਂ ਨੇ ਦੋਸ਼ ਲਗਾਇਆ ਕਿ ਅਕਾਲੀ ਦਲ ਦੀ ਸਰਕਾਰ ਦੇ ਕਾਰਜਕਾਲ ਦੌਰਾਨ ਸੂਬੇ ਨੂੰ ਬਿਜਲੀ ਦੇ ਖੇਤਰ ਵਿੱਚ ਆਤਮਨਿਰਭਰ ਬਣਾਇਆ ਗਿਆ ਸੀ ਅਤੇ ਕਈ ਉਤਪਾਦਨ ਇਕਾਈਆਂ ਰਾਹੀਂ ਸੂਬੇ ਨੂੰ ਸਰਪਲਸ ਬਿਜਲੀ ਦੀ ਸਥਿਤੀ ਵਿੱਚ ਪਹੁੰਚਾਇਆ ਗਿਆ ਸੀ। ਪਰ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਦੀਆਂ ਨੀਤੀਆਂ ਦੇ ਚਲਦੇ ਅੱਜ ਸੂਬਾ ਬਿਜਲੀ ਸੰਕਟ ਨਾਲ ਜੂਝ ਰਿਹਾ ਹੈ।ਉਨ੍ਹਾਂ ਕਿਹਾ ਕਿ ਪਾਰਟੀ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਦੇ ਨਿਰਦੇਸ਼ਾਂ 'ਤੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਜਗਾਉਣ ਲਈ ਇਹ ਪ੍ਰਦਰਸ਼ਨ ਕੀਤਾ ਜਾ ਰਿਹਾ ਹੈ। 30 ਅਪ੍ਰੈਲ ਨੂੰ ਐਸਡੀਐਮ ਦਫ਼ਤਰ ਦੇ ਸਾਹਮਣੇ ਧਰਨਾ ਦਿੱਤਾ ਜਾਵੇਗਾ ਅਤੇ ਸ਼ਹਿਰ ਵਿੱਚ ਰੋਸ ਮਾਰਚ ਵੀ ਕੱਢਿਆ ਜਾਵੇਗਾ। ਜ਼ਿਲ੍ਹਾ ਪ੍ਰੈਸ ਸਕੱਤਰ ਓਮ ਪ੍ਰਕਾਸ਼ ਸ਼ਰਮਾ ਨੇ ਦੱਸਿਆ ਕਿ ਮੀਟਿੰਗ ਵਿੱਚ ਗੁਰਸੇਵਕ ਸਿੰਘ ਮਾਨ, ਯਾਦਵਿੰਦਰ ਸਿੰਘ ਯਾਦੀ, ਚਮਕੌਰ ਸਿੰਘ ਮਾਨ, ਰਾਜਬਿੰਦਰ ਸਿੰਘ ਸਿੱਧੂ, ਸੁਖਦੇਵ ਸਿੰਘ ਬਰੜ, ਰੋਸ਼ਨ ਗਿਆਨਾ, ਜਗਦੀਪ ਗਹਿਰੀ, ਜੰਗੀਰ ਸਿੰਘ, ਨਛੱਤਰ ਸਿੰਘ, ਬਿੱਟੂ ਮਹਾਰਾਜ ਬਸਤੀ, ਨਾਇਬ ਸਿੰਘ ਬਰੜ, ਇਕਬਾਲ ਸਿੰਘ ਮਿੱਠੜੀ, ਬਲਵਿੰਦਰ ਸਿੰਘ ਬੱਲੀ, ਹਰਤਾਰ ਸੰਧੂ, ਪ੍ਰੀਤਪਾਲ ਸਿੰਘ, ਰਵਿੰਦਰ ਸਿੰਘ ਚੀਮਾ, ਸੁਨੀਲ ਫੌਜੀ, ਨਰਿੰਦਰ ਪਾਲ ਸਿੰਘ ਲਾਡੀ, ਹਰਮਨ ਪਾਲ ਸਿੰਘ ਰਿੰਕਾ, ਭੋਲਾ ਸਿੰਘ, ਮਨਿੰਦਰ ਸੋਢੀ, ਗੁਰਬਚਨ ਖੁੱਬਣ, ਮੱਖਣ ਐਮਸੀ, ਰੇਸ਼ਮ ਪ੍ਰੀਤ ਸਿੰਘ, ਲਵਪ੍ਰੀਤ ਸਿੰਘ, ਰਾਮਪਾਲ, ਟਿੰਕੂ ਵਰਮਾ, ਬੰਤ ਐਮਸੀ, ਗੁਰਵਿੰਦਰ ਸਿੰਘ, ਜਸਵਿੰਦਰ ਸਿੰਘ, ਬਲਕਾਰ ਸਿੰਘ, ਮਨਦੀਪ ਲਾਡੀ, ਕਰਮਜੀਤ ਪੰਮਾ, ਕੁਲਦੀਪ ਸਿੰਘ, ਸੁਰਜੀਤ ਸਿੰਘ, ਪ੍ਰਦੀਪ ਜੌੜਾ, ਪ੍ਰਦੀਪ ਚੋਪੜਾ ਆਦਿ ਵੀ ਮੌਜੂਦ ਸਨ।

# ਲਾਹਣ ਬਰਾਮਦ

**ਅਜਾਦ ਸੋਚ, ਸ਼ੰਭੂ ਗੋਇਲ, ਲਹਿਰਾਗਾਗਾ 28 ਅਪ੍ਰੈਲ:**

ਥਾਣਾ ਲਹਿਰਾ ਦੀ ਪੁਲਿਸ ਨੇ ਨਸ਼ਿਆਂ ਵਿਰੁੱਧ ਚਲਾਈ ਮੁਹਿੰਮ ਤਹਿਤ ਇੱਕ ਵਿਅਕਤੀ ਕੋਲੋਂ 300 ਲੀਟਰ ਲਾਹਣ ਬਰਾਮਦ ਕੀਤਾ ਹੈ। ਇਸ ਸਬੰਧੀ ਥਾਣਾ ਮੁਖੀ ਇੰਸਪੈਕਟਰ ਮਨਪ੍ਰੀਤ ਸਿੰਘ ਨੇ ਦੱਸਿਆ, ਕਿ ਸਹਾਇਕ ਥਾਣੇਦਾਰ ਸਤਿਗੁਰ ਸਿੰਘ ਸਮੇਤ ਸਾਥੀ ਕਰਮਚਾਰੀਆਂ ਦੇ ਗਸ਼ਤ ਅਤੇ ਚੈਕਿੰਗ ਸੰਬੰਧੀ ਬੱਸ ਅੱਡਾ ਜਲੂਰ ਮੌਜੂਦ ਸਨ। ਉਸ ਸਮੇਂ ਮੁਖਰ ਖਾਸ ਨੇ ਇਤਲਾਹ ਦਿੱਤੀ ਕਿ ਰਾਮ ਸਿੰਘ ਵਾਸੀ ਢੀਡਸਾ ਰੋਡ, ਜਲੂਰ ਥਾਣਾ ਲਹਿਰਾ ਆਪਣੇ ਘਰ ਵਿੱਚ ਗੁੜ ਦੇ ਲਾਹਣ ਤੋਂ ਨਜਾਇਜ਼ ਸ਼ਰਾਬ ਕੱਢ ਕੇ ਵੇਚਣ ਦਾ ਆਦੀ ਹੈ।

# ਉੱਘੇ ਸਮਾਜ ਸੇਵੀ ਸੰਦੀਪ ਬਾਂਸਲ ਨੇ ਚੋਣਾਂ ਲਈ ਖਿੱਚੀ ਤਿਆਰੀ

**ਆਜ਼ਾਦ ਸੋਚ, ਸੁਰਿੰਦਰ ਗਰਗ, ਧੂਰੀ, 28 ਅਪ੍ਰੈਲ:**



ਪੰਜਾਬ ਵਿੱਚ ਹੋਣ ਵਾਲੀਆਂ ਨਗਰ ਕੌਂਸਲ ਦੀਆਂ ਚੋਣਾਂ ਨਜ਼ਦੀਕ ਆ ਰਹੀਆਂ ਹਨ ਇਸੇ ਉੱਘੇ ਸਮਾਜ ਸੇਵੀ ਸੰਦੀਪ ਬਾਂਸਲ ਵੱਲੋਂ ਵਾਰਡ 14 ਤੋਂ ਚੋਣ ਲੜਨ ਲਈ ਉਹਨਾਂ ਦੱਸਿਆ ਕਿ ਮੈਂ ਆਰੀਆ ਸਮਾਜ ਬਲੌਕ ਲਿਆ ਹੈ ਉਹ ਆਪਣੇ ਸਪੋਟਰਾਂ ਨੂੰ ਆਪਣੇ ਲੜੀ ਤਹਿਤ ਧੂਰੀ ਵਿਖੇ ਅਤੇ ਸ਼ਹਿਰ ਵਿੱਚ ਆਪਣਾ ਮੁੱਖ ਦਫਤਰ ਬਲਾਕ ਧੂਰੀ ਵਿਖੇ ਖੋਲ ਦਿੱਤਾ ਹੈ ਵਾਰਡ ਦੇ ਵੋਟਰਾਂ ਨੂੰ ਦਫਤਰ ਵਿੱਚ ਮਿਲਿਆ ਕਰਨਗੇ ਇੱਥੇ ਇਹ ਵਰਨਣਯੋਗ ਹੈ ਕਿ ਸੰਦੀਪ ਬਾਂਸਲ ਪਹਿਲਾਂ ਵੀ ਨਗਰ ਕੌਂਸਲ ਦੀ ਚੋਣ ਲੜ ਚੁੱਕੇ ਹਨ


**ICICI Bank** | ਰੀਜਨਲ ਅਫਿਸ : ਆਈਸੀਆਈਸੀਆਈ ਬੈਂਕ ਲਿਮਟਿਡ ਪਹਿਲੀ ਮੰਜਿਲ, ਐਮਸੀ ਇੰਟਰਨੈਸ਼ਨਲ, ਦ ਮਾਲ, ਮਾਲ ਰੋਡ ਅੰਮ੍ਰਿਤਸਰ 143001

**ਜਨਤਕ ਸੂਚਨਾ - ਸੁਰੱਖਿਅਤ ਸੰਪਤੀ ਦੀ ਵਿਕਰੀ ਲਈ ਟੈਂਡਰ ਸਹਿ ਨਿਲਾਮੀ ਨੋਟਿਸ**

(ਰੂਲ 8(6) ਦੀਆਂ ਹਦਾਇਤਾਂ ਦੇਖੋ)
ਅਚੱਲ ਸੰਪਤੀਆਂ ਦੀ ਵਿੱਕਰੀ ਦਾ ਨੋਟਿਸ

ਸਕਿਓਰਾਈਟਾਈਜੇਸ਼ਨ ਐਂਡ ਰੀਕੰਸਟਰਕਸ਼ਨ ਆਫ ਫਾਈਨਾਂਸ਼ੀਅਲ ਐਸੇਟਸ ਐਂਡ ਇਨਫੋਰਸਮੈਂਟ ਆਫ ਸਕਿਓਰਿਟੀ ਇੰਟਰਸਟ ਐਕਟ, 2002 ਦੇ ਨਾਲ ਪੜ੍ਹੇ ਜਾਂਦੇ ਸਕਿਊਰਿਟੀ ਇੰਟਰਸਟ (ਇਨਫੋਰਸਮੈਂਟ) ਰੂਲਜ਼ 2002 ਦੇ ਰੂਲ 8 (6) ਦੀਆਂ ਹਦਾਇਤਾਂ ਅਨੁਸਾਰ ਅਚੱਲ ਸੰਪਤੀਆਂ ਦੀ ਈ-ਆਕਸ਼ਨ ਵਿੱਕਰੀ ਨੋਟਿਸ।

ਇਸ ਨੋਟਿਸ ਰਾਹੀਂ ਆਮ ਜਨਤਾ ਅਤੇ ਖਾਸ ਤੌਰ 'ਤੇ ਕਰਜ਼ਦਾਰਾਂ ਅਤੇ ਗਰੰਟਰਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਹੇਠਾਂ ਦਰਸਾਈ ਅਚੱਲ ਸੰਪਤੀ ਸਕਿਊਰਡ ਕ੍ਰੇਡਿਟਰ ਕੋਲ ਮੋਰਟਗੇਜ/ਚਾਰਜਡ ਹੈ, ਜਿਸਦਾ ਭੌਤਿਕ ਕਬਜ਼ਾ ਆਈਸੀਆਈਸੀਆਈ ਬੈਂਕ ਲਿਮ. ਦੇ ਅਧਿਕਾਰਤ ਅਫਸਰ ਨੇ ਲੈ ਲਿਆ ਹੈ, ਨੂੰ ਹੇਠਾਂ ਦਰਸਾਏ ਵੇਰਵਿਆਂ ਅਨੁਸਾਰ 'ਜਿਵੇਂ ਹੈ', 'ਜੋ ਹੈ' ਅਤੇ 'ਜੋ ਵੀ ਮੌਜੂਦ ਹੈ' ਅਧਾਰ 'ਤੇ ਵੇਚੀਆਂ ਜਾਣਗੀਆਂ।

| ਲੜੀ ਨੰ. | ਕਰਜ਼ਦਾਰ (ਾਂ)/ਸਹਿ-ਕਰਜ਼ਦਾਰ/ਜ਼ਾਮਨਾਂ ਦੇ ਨਾਂ/ਕਰਜ਼ ਖਾਤਾ ਨੰਬਰ | ਸੁਰੱਖਿਅਤ ਸੰਪਤੀ ਦੇ ਵੇਰਵੇ ਅਤੇ ਭਾਰ ਜੇ ਕੋਈ ਹੋਵੇ | ਬਕਾਇਆ ਰਕਮ (ਰੁਪਏ 'ਚ) | ਰਾਖਵੀਂ ਕੀਮਤ ਤੇ ਬਿਆਨਾ ਰਕਮ (ਰੁ.ਚ) | ਸੰਪਤੀ ਦੀ ਜਾਂਚ ਦੀ ਮਿਤੀ ਤੇ ਸਮਾਂ | ਨਿਲਾਮੀ ਦੀ ਮਿਤੀ ਤੇ ਸਮਾਂ |
|---|---|---|---|---|---|---|
| (ੳ) | (ਅ) | (ੲ) | (ਸ) | (ਹ) | (ਕ) | (ਖ) |
| 1 | ਅਮਨਦੀਪ ਕੌਰ (ਬਿਨੈਕਾਰ), ਦੀਪਕ ਸਿੰਘ, ਕਰਮਜੀਤ ਸਿੰਘ (ਸਹਿ ਬਿਨੈਕਾਰ), ਲੋਨ ਨੰ. LBJAL00006213851 LBJAL00006277612 | ਸੰਪਤੀ ਪਲਾਟ ਦਾ ਮਾਪ 6 ਮਰਲੇ, ਖੇਵਟ ਨੰ.363, ਖਤੌਨੀ ਨੰ. 422, ਖਸਰਾ ਨੰ. 164//14/2(3-2), 15/2 (0-15), 16(8-0), 17(6-10), 24(6-6), 25(7-7), 26(0-13), 187//4(5-2), 5(7-2), 6(8-0), 7(3-0), 15(6-18), 27(0-18), 188//1/1 (5-16), 10 (8-16), ਅਨੁਸਾਰ ਜਮਾਂਬੰਦੀ ਸਾਲ 2016-2017, ਸਥਿਤ ਕਰਤਾਰਪੁਰ-3, ਜਿਲ੍ਹਾ ਜਲੰਧਰ, ਪੰਜਾਬ (ਏਰੀਏ ਦਾ ਮਾਪ 6 ਮਰਲੇ) | ਰੁ. 24,93,733/ ਮਿਤੀ 21-04-2026 ਨੂੰ | ਰੁ. 17,00, 000/- ਰੁ. 1,70, 000/- | ਮਈ 06, 2026 ਦੁਪਹਿਰ ਬਾਅਦ 03:00 ਵਜੇ ਤੋਂ ਸ਼ਾਮ 4:00 ਵਜੇ ਤੱਕ | ਮਈ 20, 2026 ਸਵੇਰੇ 11:00 ਵਜੇ ਤੋਂ ਦੁਪਹਿਰ 12:00 ਵਜੇ ਤੱਕ |
| 2 | ਹਰਵਿੰਦਰ ਸਿੰਘ (ਬਿਨੈਕਾਰ), ਦਰਸ਼ਨ ਸਿੰਘ (ਸਹਿ ਬਿਨੈਕਾਰ), ਲੋਨ ਨੰ. TBMDW00006886281, LBMDW00006912783 | ਦੁਕਾਨ ਸਥਿਤ ਨੇੜੇ ਡੇਰਾ ਬਾਬਾ ਗੰਢਾ ਸਿੰਘ ਕਲਗੀਧਰ ਗੁਰਦੁਆਰਾ ਰੋਡ ਤਹਿਸੀਲ ਅਤੇ ਜਿਲ੍ਹਾ ਬਰਨਾਲਾ ਪੰਜਾਬ 148101 (ਏਰੀਏ ਦਾ ਮਾਪ 33.73 ਵਰਗ ਗਜ) | ਰੁ. 28,30,878/ ਮਿਤੀ 21-04-2026 ਨੂੰ | ਰੁ. 18,00, 000/- ਰੁ. 1,80, 000/- | ਮਈ 06,2026 ਦੁਪ ਬਾਅਦ 03:00 ਵਜੇ ਤੋਂਸ਼ਾਮ 4:00 ਵਜੇ ਤੱਕ | ਮਈ 20, 2026 ਸਵੇਰੇ 11:00 ਵਜੇ ਤੋਂ ਦੁਪਹਿਰ 12:00 ਵਜੇ ਤੱਕ |
| 3 | ਮੁਨੀਸ਼ ਕੁਮਾਰ (ਬਿਨੈਕਾਰ), ਮਨੋਹਰ ਲਾਲ, ਸੀਮਾ ਰਾਣੀ (ਸਹਿ ਬਿਨੈਕਾਰ), ਲੋਨ ਨੰ. LBBTN00006818436, LBBTN00006883855, TBBTN00006802627, TBBTN00006802628 | ਸੰਪਤੀ ਦਾ ਮਾਪ 0 ਕਨਾਲ 15 ਮਰਲੇ ਵਿੱਚੋਂ ਸੰਪਤੀ ਦਾ ਮਾਪ 0 ਕਨਾਲ 9-1/2 ਮਰਲੇ 9/32 ਸੰਪਤੀ ਦੇ ਹਿੱਸੇ ਦਾ ਮਾਪ 1 ਕਨਾਲ 14 ਮਰਲੇ ਖੇਵਟ ਨੰ.471, ਖਤੌਨੀ ਨੰ. 781 ਤੋਂ 783, ਖਸਰਾ ਨੰ.705/1 ਮਿਨ (0-14) 705/2 ਮਿਨ (0-11) 705/1 ਮਿਨ (0-9), ਅਤੇ ਸੰਪਤੀ ਦਾ ਮਾਪ 0 ਕਨਾਲ 4-1/2 ਮਰਲੇ 1/2 ਸੰਪਤੀ ਦੇ ਹਿੱਸੇ ਦਾ ਮਾਪ 0 ਕਨਾਲ 9 ਮਰਲੇ ਖੇਵਟ ਨੰ.471, ਖਤੌਨੀ ਨੰ. 783, ਖਸਰਾ ਨੰ. 705/1 ਮਿਨ (0-9), ਅਤੇ ਸੰਪਤੀ ਦਾ ਮਾਪ 0 ਕਨਾਲ 1 ਮਰਲਾ 1/2 ਸੰਪਤੀ ਦੇ ਹਿੱਸੇ ਦਾ ਮਾਪ 0 ਕਨਾਲ 2 ਮਰਲੇ, ਖੇਵਟ ਨੰ.470, ਖਤੌਨੀ ਨੰ. 779, ਖਸਰਾ ਨੰ.299//4 ਮਿਨ (0-2), ਅਨੁਸਾਰ ਜਮਾਂਬੰਦੀ ਸਾਲ 2017-2018, ਸਥਿਤ ਤਲਵੰਡੀ ਸਾਬੋ-2, ਤਹਿਸੀਲ ਤਲਵੰਡੀ ਸਾਬੋ, ਜਿਲ੍ਹਾ ਬਠਿੰਡਾ, ਪੰਜਾਬ-151302, ਨਾਂਅ ਸੀਮਾ ਰਾਣੀ ਸੇਲ ਡੀਡ ਨੰ.2022 23/75/1/2059, ਮਿਤੀ 09.08.2022 (ਏਰੀਏ ਦਾ ਮਾਪ 0 ਕਨਾਲ 15 ਮਰਲੇ (4080 ਵਰਗ ਫੁੱਟ) | ਰੁ. 47,11,331/ ਮਿਤੀ 20-04-2026 ਨੂੰ | ਰੁ. 73,00, 000/- ਰੁ. 7,30, 000/- | ਮਈ 08,2026 ਦੁਪ ਬਾਅਦ 03:00 ਵਜੇ ਤੋਂਸ਼ਾਮ 4:00 ਵਜੇ ਤੱਕ | ਮਈ 20, 2026 ਸਵੇਰੇ 11:00 ਵਜੇ ਤੋਂ ਦੁਪਹਿਰ 12:00 ਵਜੇ ਤੱਕ |
| 4 | ਗਗਨ ਦੀਪ (ਬਿਨੈਕਾਰ), ਸੁਮਨ ਲਤਾ (ਸਹਿ ਬਿਨੈਕਾਰ), ਲੋਨ ਨੰ. LBHPR00005682733 , LBJAL00005793487 | ਫਲੈਟ ਨੰ. 25, ਟਾਈਪ-ਬੀ, ਤੀਜੀ ਮੰਜਿਲ, ਕਾਰਪੇਟ ਏਰੀਏ ਦਾ ਮਾਪ 1500 ਵਰਗ ਫੁੱਟ, ਬਿਨ੍ਹਾਂ ਛੱਤ ਦੇ ਅਧਿਕਾਰ ਤੋਂ, ਖਸਰਾ ਨੰ.1276/495, 1277/496, 1285/504, 1267/484, ਸਥਿਤ ਪਿੰਡ ਕਿੰਗਰਾ, ਅਬਾਦੀ ਸਿਲਵਰ ਪ੍ਰਾਈਮ ਅਪਾਰਟਮੈਂਟ, ਰਵਿੰਦਰ ਨਗਰ, ਤਹਿਸੀਲ ਅਤੇ ਜਿਲ੍ਹਾ ਜਲੰਧਰ, ਪੰਜਾਬ-144001, ਨਾਂਅ ਗਗਨ ਦੀਪ ਅਤੇ ਸੁਮਨ ਲਤਾ ਸੇਲ ਡੀਡ ਵਸੀਕਾ ਨੰ. 2021-22/186/1/7833, ਮਿਤੀ 18/10/2021 (ਏਰੀਏ ਦਾ ਮਾਪ 1500 ਵਰਗ ਫੁੱਟ) | ਰੁ. 41,39,683/ ਮਿਤੀ 20-04-2026 ਨੂੰ | ਰੁ. 40,00, 000/- ਰੁ. 4,00, 000/- | ਮਈ 06,2026 ਦੁਪ ਬਾਅਦ 01:00 ਵਜੇ ਤੋਂਸ਼ਾਮ 2:00 ਵਜੇ ਤੱਕ | ਮਈ 20, 2026 ਸਵੇਰੇ 11:00 ਵਜੇ ਤੋਂ ਦੁਪਹਿਰ 12:00 ਵਜੇ ਤੱਕ |
| 5 | ਮੁਨੀ (ਬਿਨੈਕਾਰ), ਪੂਨਮ, ਪਵਨ ਕੁਮਾਰ ਬਾਬਾ (ਸਹਿ ਬਿਨੈਕਾਰ), ਲੋਨ ਨੰ. TBPTK00006942821, TBPTK00006942822 | ਸੰਪਤੀ ਦਾ ਮਾਪ 10 ਮਰਲੇ 5/66 ਭੂਮੀ ਦੇ ਹਿੱਸੇ ਦਾ ਮਾਪ 6 ਕਨਾਲਾਂ 12 ਮਰਲੇ ਖੇਵਟ ਨੰ.420, ਖਤੌਨੀ ਨੰ. 566, ਖਸਰਾ ਨੰ. 374 (6-12), ਅਨੁਸਾਰ ਜਮਾਂਬੰਦੀ ਸਾਲ 2009-10, ਹਦਬਸਤ ਨੰ. 343, ਸਥਿਤ ਪਿੰਡ ਮਨਵਾਲ, ਤਹਿਸੀਲ ਅਤੇ ਜਿਲ੍ਹਾ ਪਠਾਨਕੋਟ, ਪੰਜਾਬ-145001 (ਏਰੀਏ ਦਾ ਮਾਪ 10 ਮਰਲੇ) | ਰੁ. 51,24,046/ ਮਿਤੀ 20-04-2026 ਨੂੰ | ਰੁ. 40,00, 000/- ਰੁ. 4,00, 000/- | ਮਈ 07,2026 ਦੁਪ ਬਾਅਦ 01:00 ਵਜੇ ਤੋਂਸ਼ਾਮ 2:00 ਵਜੇ ਤੱਕ | ਮਈ 20, 2026 ਸਵੇਰੇ 11:00 ਵਜੇ ਤੋਂ ਦੁਪਹਿਰ 12:00 ਵਜੇ ਤੱਕ |

ਆਨਲਾਈਨ ਬੋਲੀ ਵੈਬਸਾਈਟ (URL.Link-https://www.disposalhub.com) ਸਾਡੀ ਬੋਲੀ ਏਜੰਸੀ ਮੈਸ: ਨੈਕਸਕਸਨ ਸਲਿਊਸ਼ਨਜ਼ ਪ੍ਰਾ. ਲਿਮ. 'ਤੇ ਕੀਤੀ ਜਾਵੇਗੀ। ਰਹਿਣਨਾਮਾਕਾਰਾਂ/ਨੋਟਿਸੀ ਨੂੰ ਆਖਿਰੀ ਮੌਕਾ ਦਿੱਤਾ ਜਾਂਦਾ ਹੈ ਕਿ ਉਹ ਮਈ 19,2026 ਨੂੰ ਸ਼ਾਮ 05.00 ਵਜੇ ਤੋਂ ਪਹਿਲਾਂ ਰਹਿੰਦੀ ਸਾਰੀ ਅਦਾਇਗੀ ਸਮੇਤ ਵਿਆਜ਼ ਕਰ ਦੇਣ ਨਹੀਂ ਤਾਂ ਇਹ ਸੁਰੱਖਿਅਤ ਅਸਾਸੇ ਦੱਸੇ ਸ਼ਡਿਊਅਲ ਮੁਤਾਬਕ ਨਿਲਾਮ ਕਰ ਦਿੱਤੇ ਜਾਣਗੇ।

ਇਛੁਕ ਬੋਲੀਕਾਰ (ਾਂ) ਨੂੰ "ਸੰਪਤੀ ਦੀ ਖਰੀਦ ਲਈ ਉਕਤ ਦਰਸਾਈ ਬਿਆਨਾ ਰਕਮ (ਈਐਮਡੀ), ਡਿਮਾਂਡ ਡਰਾਫਟ (ਡੀਡੀ) (ਕਾਲਮ 'ਹ' ਵਿਚ ਦਿੱਤੇ ਹਵਾਲੇ ਅਨੁਸਾਰ) ਆਈਸੀਆਈਸੀਆਈ ਬੈਂਕ ਲਿਮ. ਪਹਿਲੀ ਮੰਜਿਲ, ਐਮਸੀ ਇੰਟਰਨੈਸ਼ਨਲ, ਦ ਮਾਲ, ਮਾਲ ਰੋਡ ਅੰਮ੍ਰਿਤਸਰ-143001 'ਤੇ ਮਈ 19,2026 ਨੂੰ ਸ਼ਾਮ 05.00 ਵਜੇ ਤੋਂ ਪਹਿਲਾਂ ਅਤੇ ਉਸ ਤੋਂ ਬਾਅਦ ਆਪਣੀ ਪੇਸ਼ਕਸ ਸਮੇਤ ਈਐਮਡੀ ਰਕਮ ਦੇ ਪਰੂਫ ਵਜੋਂ ਬੈਂਕ ਵੱਲੋਂ ਜਾਰੀ ਡੀਡੀ ਦੀ ਸਕੈਨ ਕਾਪੀ ਕੇਵਲ ਉਕਤ ਦਰਸ਼ਾਈ ਵੈਬਸਾਈਟ ਰਾਹੀਂ ਹੀ ਮਈ 19, 2026 ਨੂੰ ਸ਼ਾਮ 05.00 ਵਜੇ ਤੋਂ ਪਹਿਲਾਂ ਜਮਾਂ ਕਰਵਾਉਣੀ ਹੋਵੇਗੀ। ਕ੍ਰਿਪਾ ਨੋਟ ਕਰੋ, ਜੇਕਰ ਇਛੁਕ ਬੋਲੀਕਾਰ ਵੈਬਸਾਈਟ ਰਾਹੀਂ ਉਨ੍ਹਾਂ ਦੀ ਪੇਸ਼ਕਸ ਜਮ੍ਹਾਂ ਕਰਨ ਵਿੱਚ ਅਸਫਲ ਰਹਿੰਦੇ ਹਨ ਤਾਂ ਉਨ੍ਹਾਂ ਨੂੰ ਟੈਂਡਰ ਡਾਕੂਮੈਂਟਸ ਦੀ ਸਹੀਬੱਧ ਕਾਪੀ ਆਈਸੀਆਈਸੀਆਈ ਬੈਂਕ ਲਿਮ. ਪਹਿਲੀ ਮੰਜਿਲ ਐਮਸੀ ਇੰਟਰਨੈਸ਼ਨਲ, ਦ ਮਾਲ, ਮਾਲ ਰੋਡ ਅੰਮ੍ਰਿਤਸਰ-143001 ਵਿਖੇ ਮਈ 19 ,2026 ਨੂੰ ਸ਼ਾਮ 05.00 ਵਜੇ ਤੋਂ ਪਹਿਲਾਂ ਜਮਾਂ ਕਰਵਾਉਣੀ ਪਵੇਗੀ। ਬਿਆਨਾ ਰਕਮ ਦਾ ਈਐਮਡੀ ਡੀਡੀ/ਪੀਓ ਅੰਮ੍ਰਿਤਸਰ ਵਿਖੇ ਅਦਾਇਗੀਯੋਗ "ਆਈਸੀਆਈਸੀਆਈ ਬੈਂਕ ਲਿਮਟਿਡ ਦੇ ਪੱਖ ਵਿਚ ਕਿਸੇ ਕੌਮੀਕ੍ਰਿਤ/ਸੂਚੀਬਧ ਬੈਂਕ ਵਲੋਂ ਹੋਣਾ ਚਾਹੀਦਾ ਹੈ।

ਜਾਂਚ, ਨਿਲਾਮੀ ਦੇ ਨਿਯਮ ਤੇ ਸ਼ਰਤਾਂ ਜਾਂ ਟੈਂਡਰਾਂ ਦੀ ਪੇਸ਼ਕਸ਼ ਸਬੰਧੀ ਕਿਸੇ ਵੀ ਵਧੇਰੇ ਸਪਸ਼ਟੀਕਰਨ ਲਈ ਕ੍ਰਿਪਾ ਕਰਕੇ ਆਈਸੀਆਈਸੀਆਈ ਬੈਂਕ ਇੰਪਲਾਈ ਦੇ ਮੁਬਾਇਲ ਨੰਬਰ 9780139915/7304914763 'ਤੇ ਸੰਪਰਕ ਕਰੋ।

ਜਿਕਰਯੋਗ ਹੈ ਕਿ ਮਾਰਕੀਟਿੰਗ ਏਜੰਸੀ 1.ਮੈਸ: ਵੈਲਿਯੂ ਟਰੱਸ਼ਟ ਪ੍ਰਾਈਵੇਟ ਲਿਮ , 2.ਔਜਿਓ ਐਸੇਟ ਮੈਨੇਜਮੈਂਟ ਪ੍ਰਾਈਵੇਟ ਲਿਮ (Augeo Asset Management Pvt. Ltd.) , 3 ਹੇਕਟਾ ਪ੍ਰੋਪਟੈਕ ਪ੍ਰਾਈਵੇਟ ਲਿਮ. 4. ਗਿਰਨਾਰ ਸੋਫਟ ਪ੍ਰਾ ਲਿਮ.ਵੀ ਉਕਤ ਸੰਪਤੀ ਨੂੰ ਆਪਣੀ ਸਹੂਲਤ ਦੇਣ ਸਬੰਧੀ ਯਤਨਸੀਲ ਹਨ। ਅਧਿਕਾਰਤ ਅਧਿਕਾਰੀ ਕੋਲ ਕਿਸੇ ਵੀ ਜਾਂ ਸਾਰੀਆਂ ਬੋਲੀਆਂ ਬਿਨਾਂ ਕੋਈ ਵੀ ਕਾਰਨ ਦੱਸੇ ਰੱਦ ਕਰਨ ਦਾ ਹੱਕ ਰਾਖਵਾਂ ਹੈ।

ਕਿਰਪਾ ਕਰਕੇ ਬੋਲੀ ਦੀਆਂ ਹੋਰ ਵਿਸਥਾਰਤ ਨਿਯਮ ਤੇ ਸ਼ਰਤਾਂ ਲਈ ਆਈਸੀਆਈਸੀਆਈ ਬੈਂਕ ਲਿਮ. ਦੀ ਵੈਬਸਾਈਟ ਦੇਖੋ।

ਵਿਕਰੀ ਸਬੰਧੀ ਸ਼ਰਤਾਂ ਅਤੇ ਹੋਰ ਜਾਣਕਾਰੀ ਲਈ www.icicibank.com/n4p4s 'ਤੇ ਸੰਪਰਕ ਕਰੋ।

ਮਿਤੀ : ਅਪ੍ਰੈਲ 29, 2026, ਸਥਾਨ : ਜਲੰਧਰ

ਅਧਿਕਾਰਤ ਅਧਿਕਾਰੀ
ਆਈਸੀਆਈਸੀਆਈ ਬੈਂਕ ਲਿਮ.



## ਬੇਦਖਲੀ ਸੂਚਨਾ

ਮੈ, ਅਨਪੂਰਨਾ ਪਤਨੀ ਸ੍ਰੀ ਮੂਨਾ ਲਾਲ ਵਾਸੀ ਮਕਾਨ ਨੰ. 65, ਇੰਦਰਾ ਕਲੋਨੀ ਪਟਿਆਲਾ ਦਾ ਰਹਿਣ ਵਾਲੀ ਹਾਂ ਅਤੇ ਹਲਫ ਨਾਲ ਬਿਆਨ ਕਰਦੀ ਹਾਂ ਕਿ ਮੇਰਾ ਲੜਕਾ ਦੀਪਕ ਸਿੰਘ ਜੋ ਕਿ ਮੇਰੇ ਕਹਿਣੇ ਤੋਂ ਬਾਹਰ ਹੈ, ਜਿਸਨੇ ਆਪਣੀ ਮਰਜੀ ਨਾਲ ਇਕ ਲੜਕੀ ਅਨਮੋਲਦੀਪ ਕੌਰ ਨਾਲ ਮੇਰੀ ਤੇ ਮੇਰੇ ਪਰਿਵਾਰ ਦੇ ਖਿਲਾਫ ਜਾ ਕੇ ਵਿਆਹ ਕਰਵਾਇਆ ਹੈ ਅਤੇ ਜਿਸ ਦਾ ਸਾਡੇ ਪ੍ਰਤੀ ਵਿਵਹਾਰ ਠੀਕ ਨਹੀਂ ਹੈ ਅਤੇ ਅਕਸਰ ਸਾਡੇ ਨਾਲ ਲੜਾਈ-ਝਗੜਾ ਕਰਦੇ ਰਹਿੰਦੇ ਹਨ ਤੇ ਸਾਡੇ ਕਹਿਣੇ ਤੋਂ ਬਾਹਰ ਹਨ। ਇਸ ਕਰਕੇ ਮੈ ਇਸ ਨੂੰ ਆਪਣੀ ਹਰ ਕਿਸਮ ਦੀ ਚੱਲ ਵਾ ਅਚੱਲ ਜਾਈਦਾਦ ਤੋਂ ਬੇਦਖਲ ਕਰਦੀ ਹਾਂ।ਅੱਜ ਤੋਂ ਬਾਅਦ ਮੈ ਅਤੇ ਮੇਰੇ ਪਰਿਵਾਰਿਕ ਮੈਬਰਾਨ ਉਕਤ ਦੀਪਕ ਸਿੰਘ ਅਤੇ ਅਨਮੋਲਦੀਪ ਕੌਰ ਦੇ ਚੰਗੇ-ਮਾੜੇ ਕੰਮਾਂ ਅਤੇ ਉਨਾ ਦੇ ਆਪਸੀ ਲੜਾਈ ਝਗੜਿਆਂ ਦੇ ਜਿੰਮਵਾਰ ਨਹੀਂ ਹੋਵਾਂਗੇ। ਅੱਜ ਤੋਂ ਬਾਅਦ ਮੇਰਾ ਲੜਕਾ ਦੀਪਕ ਸਿੰਘ ਅਤੇ ਅਨਮੋਲਦੀਪ ਕੌਰ ਆਪਣੇ ਚੰਗੇ ਮਾੜੇ-ਕੰਮਾਂ ਦਾ ਅਤੇ ਆਪਸੀ ਝਗੜਿਆਂ ਦੀ ਖੁਦ ਜਿੰਮੇਵਾਰ ਹੋਵੇਗਾ ਅਤੇ ਜੋ ਕੋਈ ਵੀ ਮੇਰੇ ਲੜਕੇ ਦੀਪਕ ਸਿੰਘ ਅਤੇ ਅਨਮੋਲਦੀਪ ਕੌਰ ਨਾਲ ਕਿਸੇ ਕਿਸਮ ਦਾ ਲੈਣ-ਦੇਣ ਜਾਂ ਕੋਈ ਸਬੰਧ ਰੱਖਦਾ ਹੈ, ਤਾਂ ਉਹ ਆਪਣੇ ਹਰ ਤਰ੍ਹਾਂ ਦੇ ਨਫੇ-ਨੁਕਸਾਨ ਦਾ ਜਿੰਮੇਵਾਰ ਆਪ ਖੁਦ ਹੋਵੇਗਾ। ਇਸ ਵਿਚ ਮੇਰੀ ਅਤੇ ਮੇਰੇ ਪਰਿਵਾਰਿਕ ਮੈਬਰਾਨ ਦੀ ਕੋਈ ਜਿੰਮੇਵਾਰੀ ਨਹੀਂ ਹੋਵੇਗੀ।



## Court Notice

**(U/o 5 Rule 20 CPC)**
**(SUCCESSION CASE)**
**IN THE COURT OF Sh. Gurbhinder Singh Johal Additional Civil Judge (Senior Division), Phillaur**
**GURNAM DASS S/O THAKAR DASS R/O VILLAGE ADE KALI TEHSIL PHILLAUR DISTT JALANDHAR**
**Vs.**
**GENERAL PUBLIC**
**CNR No. PBJLB0-000117-2026**
**Next Date:-30-05-2026**
**NOTICE TO:**
**GENERAL PUBLIC**
In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on **30-05-2026 at 10 a.m.**
**For details logon to https://highcourtchd.gov.in/?mod=district/notice&district Jalandhar**
Dated, this day of 29-04-2026
**Additional Civil Judge (Senior Division) Phillaur**



## Court Notice

**(U/o 5 Rule 20 CPC)**
**In the Court of Ms. Dipti Goyal, Principal Judge Family Court, Sardulgarh**
**GURMUKII SINGII**
**Vs.**
**GENERAL PUBLIC**
**GW/4/2026**
**CNR No. PBMNF3-000012-2026**
**Next Date:-18-05-2026**
**PUBLICATION ISSUED TO: GENERAL PUBLIC**
In above titled case, the defendant(s) /respondent(s) could not be served. It is ordered that defendant(s)/ respondent(s) should appear in person or through counsel on **18-05-2026 at 10:00 a.m.**
**For details logon to https://highcourtchd.gov.in/?mod=district notice&district-mogacourt**
Dated, this day of 27-04-2026
**Principal Judge Family Court Sardulgarh**



## Court Notice

**(U/o 5 Rule 20 CPC)**
**IN THE COURT OF Sh. Gurbhinder Singh Johal Additional Civil Judge (Senior Division), Phillaur**
**GURMAN SINGH S/O AJMER SINGH THROUGH HIS MOTHER/GUARDIAN KULWINDER KAUR W/O AJMER SINGH BOTH R/O VILLAGE BARA PIND TEHSIL PHILLAUR DISTRICT JALANDHAR**
**Vs.**
**AJMER SINGH S/O IQBAL SINGH R/O VILLAGE BARA PIND TEHSIL PHILLAUR DISTRICT JALANDHAR**
**CNR No. PBJLB0-000583-2024**
**Next Date:-20-05-2026**
**The Plaintiff prays for declaration that**
**PUBLICATION ISSUED TO:**
**AJMER SINGH S/O IQBAL SINGH R/O VILLAGE BARA PIND, TEHSIL PHILLAUR, DISTT. JALANDHAR**
In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on **20-05-2026 at 10:00 a.m.**
**For details logon to https://highcourtchd.gov.in/?mod=district notice&district Jalandhar**
Dated, this day of 28-04-2026
**Additional Civil Judge (Senior Division) Phillaur**



## ਬੇਦਖਲੀ ਰੱਦ

ਮੈਂ, ਜੋਗਿੰਦਰ ਸਿੰਘ ਕੇਅਰ ਆਫ ਕੇਸਰ ਸਿੰਘ ਵਾਸੀ ਪਿੰਡ ਜਗਤਪੁਰਾ, ਜੋੜੀਆਂ ਸੜਕਾਂ ਪਟਿਆਲਾ ਬਿਆਨ ਕਰਦਾ ਹਾਂ ਕਿ ਮੈਂ ਮਿਤੀ 25/05/2023 ਨੂੰ ਪੰਜਾਬੀ ਟ੍ਰਿਬਿਊਨ ਲੋਕ ਆਵਾਜ (ਪੰਜਾਬੀ ਅਖਬਾਰ) ਵਿੱਚ ਨੋਟਿਸ/ਇਸਤਿਹਾਰ ਰਾਹੀਂ ਕੁਲਵਿੰਦਰ ਸਿੰਘ ਪੁੱਤਰ ਜੋਗਿੰਦਰ ਸਿੰਘ ਜੋ ਕਿ ਮੇਰੇ ਅਤੇ ਮੇਰੀ ਪਤਨੀ ਦੇ ਕਹਿਣੇ ਤੋਂ ਬਾਹਰ ਸੀ ।ਇਸ ਲਈ ਇਸ ਉਪਰੋਕਤ ਨੂੰ ਮੈਂ ਆਪਣੀ ਚੱਲ ਵਾ ਅਚੱਲ ਜਾਇਦਾਦ ਤੋਂ ਬੇਦਖਲ ਕਰ ਦਿੱਤਾ ਸੀ ਹੁਣ ਇਹ ਮਸਲਾ ਸੁਲਝ ਗਿਆ ਹੈ ਅਤੇ ਇਸ ਬਿਆਨ ਹਲਫੀਆ ਰਾਹੀਂ ਮੈਂ ਆਪਣੇ ਲੜਕੇ ਕੁਲਵਿੰਦਰ ਸਿੰਘ ਦੇ ਖਿਲਾਫ ਦਿੱਤੀ ਬੇਦਖਲੀ ਰੱਦ ਕਰਦਾ ਹਾਂ।ਹੁਣ ਮੇਰਾ ਆਪਣੇ ਲੜਕੇ ਕੁਲਵਿੰਦਰ ਸਿੰਘ ਨਾਲ ਕੋਈ ਰੰਜਿਸ ਜਾਂ ਗਿਲਾ ਸਿਕਵਾ ਨਹੀਂ ਹੈ ਅਤੇ ਹੁਣ ਇਸ ਦਾ ਮੇਰੀ ਚੱਲ ਅਤੇ ਅਚੱਲ ਜਾਇਦਾਦ ਤੇ ਪਹਿਲਾਂ ਦੀ ਤਰ੍ਹਾਂ ਪੂਰਾ ਹੱਕ ਹੈ।



## Court Notice

**(U/o 5 Rule 20 CPC)**
**IN THE COURT OF Ms. Ravneet,Civil Judge (Junior Division), Jalandhar**
**M/S INNOCENT HEARTS SCHOOL, GREEN MODEL TOWN, JALANDHAR WORKING UNDER M/S BOWRY MEMORIAL EDUCATIONAL AND MEDICAL TRUST, 72 SHAHEED UDHAM SINGH NAGAR, JALANDHAR THROUGH ITS AUTHORIZED REPRESENTATIVE MR. UDIT JAIN**
**Vs.**
**1. PRINCE BAJAJ**
**2. SHWETA BAJAJ W/O PRINCE BAJAJ BOTH R/O BABA BUDHAJI ENCLAVE, JALANDHAR CANTT. JALANDHAR**
**CNR No. PBJL02-001986-2024**
**Next Date:-25-05-2026**
**PUBLICATION ISSUED TO:**
**1. PRINCE BAJAJ**
**2. SHWETA BAJAJ W/O PRINCE BAJAJ BOTH R/O BABA BUDHAJI ENCLAVE, JALANDHAR CANTT. JALANDHAR**
In above titled case, the defendant(s)/respondent(s) could not be served. It is ordered that defendant(s)/ respondent(s) should appear in person or through counsel on **25-05-2026 at 10:00 a.m.**
**For details logon to https://highcourtchd.gov.in/?mod=district_notice&district Jalandhar**
Dated, this day of 23-04-2026
**Civil Judge (Junior Division) Jalandhar**



ਫਾਰਮ ਨੰ.14
(ਦੇਖੋ ਰੈਗੂਲੇਸ਼ਨ-33 (2)) ਰਾਹੀਂ ਪਬਲੀਕੇਸ਼ਨ
ਦਫਤਰ ਰਿਕਵਰੀ ਆਫਿਸਰ-I/II
ਕਰਜ਼ ਰਿਕਵਰੀ ਟ੍ਰਿਬਿਊਨਲ, ਚੰਡੀਗੜ੍ਹ (ਡੀਆਰਟੀ-3)
ਗਰਾਉਂਡ ਫਲੋਰ , ਐਸਸੀਓ 33-34-35 ਸੈਕਟਰ-17 ਏ, ਚੰਡੀਗੜ੍ਹ-160017
ਡਿਮਾਂਡ ਨੋਟਿਸ
(ਰਾਹੀਂ ਪਬਲਕੀਕੇਸ਼ਨ)
ਨੋਟਿਸ ਅੰਡਰ ਸੈਕਸ਼ਨ 25 ਤੋਂ 28 ਕਰਜ਼ ਦੀ ਰਿਕਵਰੀ ਅਤੇ ਬੈਂਕ ਆਰ ਯੂ ਪੀ ਟੀ ਸੀ ਵਾਈ ਐਕਟ 1993 ਅਤੇ ਰੂਲ 2 ਇਨਕਮ ਟੈਕਸ ਐਕਟ 1961 ਦੇ ਦੂਜੇ ਸ਼ਡਿਊਲ ਅਧੀਨ
RC/412/2025
22-04-2026
ਆਈਸੀਆਈਸੀਆਈ ਬੈਂਕ ਲਿਮ.
ਬਨਾਮ
ਸ੍ਰੀ. ਰਾਕੇਸ਼ ਜੈਨ
ਨੂੰ
(ਸੀਡੀ 1) ਸ੍ਰੀ. ਰਾਕੇਸ਼ ਜੈਨ ਪੁੱਤਰ ਸ੍ਰੀ. ਨਰਿੰਦਰ ਕੁਮਾਰ ਜੈਨ, ਵਾਸੀ ਐਚ. ਨੰ.108/ਡੀ, ਵਾਰਡ ਨੰ.54, ਕਿਚਲੂ ਨਗਰ, ਜਿਲ੍ਹਾ ਲੁਧਿਆਣਾ-141001 (ਪੰਜਾਬ)
(ਸੀਡੀ 2) ਸ੍ਰੀਮਤੀ ਨੀਤਾ ਜੈਨ ਪਤਨੀ ਸ੍ਰੀ. ਰਾਕੇਸ਼ ਜੈਨ, ਵਾਸੀ ਮ. ਨੰ.108/ਡੀ, ਵਾਰਡ ਨੰ. 54, ਕਿਚਲੂ ਨਗਰ, ਜਿਲ੍ਹਾ ਲੁਧਿਆਣਾ-141001 (ਪੰਜਾਬ)
(ਸੀਡੀ 3) ਸ੍ਰੀ. ਰਾਹੁਲ ਜੈਨ, ਵਾਸੀ ਐਚ. ਨੰ.108/ਡੀ, ਵਾਰਡ ਨੰ.54, ਕਿਚਲੂ ਨਗਰ, ਜਿਲ੍ਹਾ ਲੁਧਿਆਣਾ-141001 (ਪੰਜਾਬ)
ਇਹ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰੋਸਾਈਡਿੰਗ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 3) ਦੁਆਰਾ ਪਾਸ ਕੀਤੇ ਗਏ ਆਦੇਸ਼ਾਂ ਮੁਤਾਬਿਕ ਜਾਰੀ ਕੀਤੇ ਗਏ ਰਿਕਵਰੀ ਸਰਟੀਫਿਕੇਟ ਓਏ/1703/2021 ਮੁਤਾਬਿਕ ਤੁਹਾਡੇ ਵੱਲ ਰੁ. 2,04,76,718.96/-(ਰੁ. ਦੋ ਕਰੋੜ ਚਾਰ ਲੱਖ ਛਿਹੱਤਰ ਹਜਾਰ ਸੱਤ ਸੌ ਅਠਾਰਾਂ ਤੇ ਛਿਆਨਵੇਂ ਪੈਸੇ ਕੇਵਲ) ਮਿਤੀ 31-07-2021 ਤੋਂ ਜਾਰੀ ਹੋਣ ਤੱਕ ਸਣੇ ਪੈਂਡੇਟਲਾਈਟ ਅਤੇ ਅਗਾਊਂ ਵਿਆਜ@ 07.60 % ਸਮੇਤ ਅਤੇ ਰੁ. 1,50,000 (ਰੁ. ਇਕ ਲੱਖ ਪੰਜਾਹ ਹਜਾਰ ਕੇਵਲ) ਦੇ ਖਰਚੇ ਤੁਹਾਡੇ ਵੱਲ ਬਕਾਇਆ ਹਨ।(ਸਾਂਝੇ ਤੌਰ 'ਤੇ ਅਤੇ ਵੱਖਰੇ ਤੌਰ 'ਤੇ / ਪੂਰੀ ਤਰ੍ਹਾਂ/ ਸੀਮਤ)।
2. ਤੁਹਾਨੂੰ ਨਿਰਦੇਸ਼ਿਤ ਕੀਤਾ ਜਾਂਦਾ ਹੈ ਕਿ ਇਸ ਨੋਟਿਸ ਦੀ ਰਸੀਦ ਦੇ 15 ਦਿਨਾਂ ਦੇ ਅੰਦਰ ਅੰਦਰ ਉਪਰੋਕਤ ਰਕਮ ਅਦਾ ਕੀਤੀ ਜਾਵੇ, ਨਹੀਂ ਤਾਂ ਬੈਂਕਸ ਅਤੇ ਫਾਈਨੈਸ਼ੀਅਲ ਇੰਸਟੀਚਿਊਸ਼ਨਜ਼ ਐਕਟ, 1993 ਅਤੇ ਰੂਲਾਂ ਅਧੀਨ ਕਰਜੇ ਦੀ ਵਸੂਲੀ ਕੀਤੀ ਜਾਵੇਗੀ।
3. ਇਸ ਟ੍ਰਿਬਿਊਨਲ ਦੀ ਤਸੱਲੀ ਲਈ ਇਹ ਦਰਸਾਇਆ ਜਾ ਚੁੱਕਾ ਹੈ ਕਿ ਤੁਹਾਨੂੰ ਸਧਾਰਨ ਤਰੀਕੇ ਨਾਲ ਤਾਮੀਲ ਕਰਨਾ ਸੰਭਵ ਨਹੀਂ ਹੈ। ਇਸ ਲਈ ਇਸ ਪ੍ਰਕਾਸ਼ਨ ਦੇ ਮਾਧਿਅਮ ਦੁਆਰਾ ਤੁਹਾਨੂੰ 29.05.2026 ਨੂੰ ਸਵੇਰੇ 10:30 ਵਜੇ ਪੇਸ਼ ਹੋਣ ਲਈ ਨਿਰਦੇਸ਼ਿਤ ਕੀਤਾ ਜਾਂਦਾ ਹੈ ।
4. ਤੁਹਾਨੂੰ ਆਦੇਸ਼ ਦਿੱਤਾ ਜਾਂਦਾ ਹੈ ਕਿ ਅਗਲੀ ਸੁਣਵਾਈ ਦੀ ਮਿਤੀ ਨੂੰ ਜਾਂ ਉਸ ਤੋਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵੇ ਸਬੰਧੀ ਇੱਕ ਹਲਫਨਾਮਾ ਦਾਖਿਲ ਕੀਤਾ ਜਾਵੇ।
5. ਉਪਰੋਕਤ ਰਕਮ ਤੋਂ ਇਲਾਵਾ ਤੁਸੀਂ ਹੇਠ ਲਿਖੇ ਸਬੰਧੀ ਵੀ ਦੇਣਦਾਰ ਹੋਵੋਂਗੇ।
(ੳ) ਅਜਿਹਾ ਵਿਆਜ ਜਿਹੜਾ ਇਸ ਨੋਟਿਸ ਦੇ ਸਰਟੀਫਿਕੇਟ/ ਐਗਜੀਕਿਊਸ਼ਨਜ਼ ਕਾਰਵਾਈਆਂ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੇ ਅਰਸੇ ਵਿੱਚ ਹੋਵੇਗਾ।
(ਅ) ਇਸ ਨੋਟਿਸ ਦੀ ਸੇਵਾ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਕੀਤੀ ਗਈਆਂ ਹੋਰ ਸਾਰੀਆਂ ਕਾਰਵਾਈਆਂ ਦੇ ਸਬੰਧ ਵਿੱਚ ਕੀਤੇ ਗਏ ਸਾਰੇ ਖਰਚੇ ਵੀ।
ਮੇਰੇ ਹਸਤਾਖਰ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 22/04/2026 ਨੂੰ ਜਾਰੀ
ਸਹੀ/-
ਰਿਕਵਰੀ ਆਫਿਸਰ,
ਕਰਜ਼ ਰਿਕਵਰੀ ਟ੍ਰਿਬਿਊਨਲ
ਚੰਡੀਗੜ੍ਹ (ਡੀਆਰਟੀ 3)



## Court Notice

**(U/o 5 Rule 20 CPC)**
**IN THE COURT OF Ms. Ravneet Civil Judge (Junior Division) Jalandhar**
**M/S INNOCENT HEARTS SCHOOL, GREEN MODEL TOWN, JALANDHAR WORKING UNDER M/S BOWRY MEMORIAL EDUCATIONALAND MEDICAL TRUST. 72 SHAHEED UDHAM SINGH NAGAR, JALANDHAR THROUGH ITS AUTHORIZED REPRESENTATIVE MR. UDIT JAIN**
**Vs.**
**1. SANJAY THAKUR**
**2. SEEMA DEVI W/D SANJAY THAKUR BOTH R/O NURPUR COLONY, JALANDHAR**
**CNR No. PBJL02-001982-2024**
**Next Date:-25-05-2026**
**Suit for grant of decree for recovery of Rs.35560/- alongwith Interest as prayed for.**
**PUBLICATION ISSUED TO:**
**1. SANJAY THAKUR**
**2. SEEMA DEVI W/O SANJAY THAKUR**
**BOTH R/O NURPUR COLONY JALANDHAR**
In above titled case, the defendant(s)/respondent(s) could not be served. It is ordered that deferdam(s)/ respondent(s) should appear in person or through counsel on **25-05-2026 at 10:00 a.m.**
**For details logou to https://highcourtchd.gov.in/?mod=district_notice&district-Jalandhar**
Dated, this day of 23-04-2026
**Civil Judge (Junior Division) Jalandhar**



ਫਾਰਮ ਨੰ.14
(ਦੇਖੋ ਰੈਗੂਲੇਸ਼ਨ-33 (2)) ਰਾਹੀਂ ਦਸਤੀ ਮੋਡ/ ਪਬਲੀਕੇਸ਼ਨ
ਦਫਤਰ ਰਿਕਵਰੀ ਆਫਿਸਰ-I/II
ਕਰਜ਼ ਰਿਕਵਰੀ ਟ੍ਰਿਬਿਊਨਲ, ਚੰਡੀਗੜ੍ਹ (ਡੀਆਰਟੀ-1)
ਗਰਾਉਂਡ ਫਲੋਰ , ਐਸਸੀਓ 33-34-35 ਸੈਕਟਰ-17 ਏ, ਚੰਡੀਗੜ੍ਹ-160017
ਡਿਮਾਂਡ ਨੋਟਿਸ
ਨੋਟਿਸ ਅੰਡਰ ਸੈਕਸ਼ਨ 25 ਤੋਂ 28 ਕਰਜ਼ ਦੀ ਰਿਕਵਰੀ ਅਤੇ ਬੈਂਕ ਆਰ ਯੂ ਪੀ ਟੀ ਸੀ ਵਾਈ ਐਕਟ 1993 ਅਤੇ ਰੂਲ 2 ਇਨਕਮ ਟੈਕਸ ਐਕਟ 1961 ਦੇ ਦੂਜੇ ਸ਼ਡਿਊਲ ਅਧੀਨ
RC/957/2025
04-04-2026
ਆਈਸੀਆਈਸੀਆਈ ਬੈਂਕ ਲਿਮ.
ਬਨਾਮ
ਗੁਰਪ੍ਰਤਾਪ ਸਿੰਘ
ਨੂੰ
(ਸੀਡੀ 1) ਗੁਰਪ੍ਰਤਾਪ ਸਿੰਘ ਪੁੱਤਰ ਨਿਰਪਾਲ ਸਿੰਘ, ਵਾਸੀ ਬਾਜਾ ਖਾਨਾ ਰੋਡ, ਤਰਕਸ਼ੀਲ ਚੌਂਕ, ਬਰਨਾਲਾ ਬਰਨਾਲਾ, ਪੰਜਾਬ।
(ਸੀਡੀ 2) ਨਿਰਪਾਲ ਸਿੰਘ ਪੁੱਤਰ ਬਲਦੇਵ ਸਿੰਘ, ਵਾਸੀ ਬਾਜਾ ਖਾਨਾ ਰੋਡ, ਤਰਕਸ਼ੀਲ ਚੌਂਕ, ਬਰਨਾਲਾ, ਪੰਜਾਬ।
ਇਹ ਸੂਚਿਤ ਕੀਤਾ ਜਾਂਦਾ ਹੈ ਕਿ ਪ੍ਰੋਸਾਈਡਿੰਗ ਅਫਸਰ, ਕਰਜ਼ਾ ਵਸੂਲੀ ਟ੍ਰਿਬਿਊਨਲ ਚੰਡੀਗੜ੍ਹ (ਡੀਆਰਟੀ 1) ਦੁਆਰਾ ਪਾਸ ਕੀਤੇ ਗਏ ਆਦੇਸ਼ਾਂ ਮੁਤਾਬਿਕ ਜਾਰੀ ਕੀਤੇ ਗਏ ਰਿਕਵਰੀ ਸਰਟੀਫਿਕੇਟ ਓਏ/728/2020 ਮੁਤਾਬਿਕ ਤੁਹਾਡੇ ਵੱਲ ਰੁ. 31,37,147(ਰੁ. ਇਕੱਤੀ ਲੱਖ ਸੈਂਤੀ ਹਜਾਰ ਇੱਕ ਸੌ ਸੰਤਾਲੀ ਕੇਵਲ) ਮਿਤੀ 13-03-2020 ਤੋਂ ਜਾਰੀ ਹੋਣ ਤੱਕ ਸਣੇ ਪੈਂਡੇਂਟਲਾਈਟ ਅਤੇ ਅਗਾਊਂ ਵਿਆਜ@ 09.50 % ਸਮੇਤ ਅਤੇ ਰੁ. 36,005 (ਰੁ. ਛੱਤੀ ਹਜਾਰ ਪੰਜ ਕੇਵਲ) ਦੇ ਖਰਚੇ ਤੁਹਾਡੇ ਵੱਲ ਬਕਾਇਆ ਹਨ।(ਸਾਂਝੇ ਤੌਰ 'ਤੇ ਅਤੇ ਵੱਖਰੇ ਤੌਰ 'ਤੇ / ਪੂਰੀ ਤਰ੍ਹਾਂ/ ਸੀਮਤ)।
2. ਤੁਹਾਨੂੰ ਨਿਰਦੇਸ਼ਿਤ ਕੀਤਾ ਜਾਂਦਾ ਹੈ ਕਿ ਇਸ ਨੋਟਿਸ ਦੀ ਰਸੀਦ ਦੇ 15 ਦਿਨਾਂ ਦੇ ਅੰਦਰ ਅੰਦਰ ਉਪਰੋਕਤ ਰਕਮ ਅਦਾ ਕੀਤੀ ਜਾਵੇ, ਨਹੀਂ ਤਾਂ ਬੈਂਕਸ ਅਤੇ ਫਾਈਨੈਸ਼ੀਅਲ ਇੰਸਟੀਚਿਊਸ਼ਨਜ਼ ਐਕਟ, 1993 ਅਤੇ ਰੂਲਾਂ ਅਧੀਨ ਕਰਜੇ ਦੀ ਵਸੂਲੀ ਕੀਤੀ ਜਾਵੇਗੀ।
3. ਇਸ ਟ੍ਰਿਬਿਊਨਲ ਦੀ ਤਸੱਲੀ ਲਈ ਇਹ ਦਰਸਾਇਆ ਜਾ ਚੁੱਕਾ ਹੈ ਕਿ ਤੁਹਾਨੂੰ ਸਧਾਰਨ ਤਰੀਕੇ ਨਾਲ ਤਾਮੀਲ ਕਰਨਾ ਸੰਭਵ ਨਹੀਂ ਹੈ। ਇਸ ਲਈ ਇਸ ਪ੍ਰਕਾਸ਼ਨ ਦੇ ਮਾਧਿਅਮ ਦੂਆਰਾ ਤੁਹਾਨੂੰ 08.06.2026 ਨੂੰ ਸਵੇਰੇ 10:30 ਵਜੇ ਪੇਸ਼ ਹੋਣ ਲਈ ਨਿਰਦੇਸ਼ਿਤ ਕੀਤਾ ਜਾਂਦਾ ਹੈ ।
4. ਤੁਹਾਨੂੰ ਆਦੇਸ਼ ਦਿੱਤਾ ਜਾਂਦਾ ਹੈ ਕਿ ਅਗਲੀ ਸੁਣਵਾਈ ਦੀ ਮਿਤੀ ਨੂੰ ਜਾਂ ਉਸ ਤੋਂ ਪਹਿਲਾਂ ਆਪਣੇ ਅਸਾਸਿਆਂ ਦੇ ਵੇਰਵੇ ਸਬੰਧੀ ਇੱਕ ਹਲਫਨਾਮਾ ਦਾਖਿਲ ਕੀਤਾ ਜਾਵੇ।
5. ਉਪਰੋਕਤ ਰਕਮ ਤੋਂ ਇਲਾਵਾ ਤੁਸੀਂ ਹੇਠ ਲਿਖੇ ਸਬੰਧੀ ਵੀ ਦੇਣਦਾਰ ਹੋਵੋਂਗੇ।
(ੳ) ਅਜਿਹਾ ਵਿਆਜ ਜਿਹੜਾ ਇਸ ਨੋਟਿਸ ਦੇ ਸਰਟੀਫਿਕੇਟ/ ਐਗਜੀਕਿਊਸ਼ਨਜ਼ ਕਾਰਵਾਈਆਂ ਤੋਂ ਤੁਰੰਤ ਬਾਅਦ ਸ਼ੁਰੂ ਹੋਣ ਵਾਲੇ ਅਰਸੇ ਵਿੱਚ ਹੋਵੇਗਾ।
(ਅ) ਇਸ ਨੋਟਿਸ ਦੀ ਸੇਵਾ ਅਤੇ ਵਾਰੰਟਾਂ ਅਤੇ ਹੋਰ ਪ੍ਰਕਿਰਿਆਵਾਂ ਅਤੇ ਬਕਾਇਆ ਰਕਮ ਦੀ ਵਸੂਲੀ ਲਈ ਕੀਤੀ ਗਈਆਂ ਹੋਰ ਸਾਰੀਆਂ ਕਾਰਵਾਈਆਂ ਦੇ ਸਬੰਧ ਵਿੱਚ ਕੀਤੇ ਗਏ ਸਾਰੇ ਖਰਚੇ ਵੀ।
ਮੇਰੇ ਹਸਤਾਖਰ ਅਤੇ ਟ੍ਰਿਬਿਊਨਲ ਦੀ ਮੋਹਰ ਨਾਲ ਮਿਤੀ 04/04/2026 ਨੂੰ ਜਾਰੀ
ਸਹੀ/-
ਰਿਕਵਰੀ ਆਫਿਸਰ,
ਕਰਜ਼ ਰਿਕਵਰੀ ਟ੍ਰਿਬਿਊਨਲ
ਚੰਡੀਗੜ੍ਹ (ਡੀਆਰਟੀ 1)



## Court Notice

**IN THE COURT OF Sh. Upinder Singh Jandu, Additional District and Sessions Judge Sangrur**
**Next Date, Purpose of case, Orders and Judgments as well as other case Information is available on http://ecourts.gov.in**
**Hardeep Khan**
**Vs**
**Amandeep Kumar**
**Case No.:- CRA/423/2025**
**PBSG01-007524-2025**
**NEXT DATE: 26-05-2026**
**POLICE STATION/FIR NO. // 138 of Negotiable Instruments Act**
**PROCLAMATION REQUIRING THE APPEARANCE OF A PERSON ACCUSED**
**Detail of offence:-**
**NOTICE TO:**
**Amandeep Kumar**
**Father:- RAMESH SON OF HANS RAJ**
**R/O NEAR BIBI BHATAL DI KOTHI, WARD NO. 1, LEHRA, TEHSIL LEHRA, DISTRICT SANGRUR.**
WHEREAS complaint/case has been made before me that **Amandeep Kumar Father ::- RAMESH SON OF HANS RAJ R/O R/O NEAR BIBI BHATAL DI KOTHI, WARD NO. 1, LEHRA, TEHSIL LEHRA, DISTRICT SANGRUR.** has committed (or is suspected to have committed) the offence punishable under section 138 of Negotiable Instruments Act and it has been returned to a warrant of arrest thereupon issued that the said **Amandeep Kumar** cannot be found, and whereas it has been shown to my satisfaction that the said **Amandeep Kumar** has absconded (or is concealing himself/herself to avoid the service of the said warrant); Proclamation is hereby made that the said **Amandeep Kumar** is required to appear before this Court (or before me) on **26-05-2026 a.m.** to answer the said complaint/case.
Dated, this day of 23-04-2026.
**Additional District-and Sessions Judge Sangrur**

# ਘਨੌਰ ਦੇ ਯੂਨੀਵਰਸਿਟੀ ਕਾਲਜ ਵਿੱਚ ਆਈ.ਏ.ਐਸ. ਅਧਿਕਾਰੀਆਂ ਨਾਲ ਰੂ-ਬ-ਰੂ ਹੁੰਦਿਆਂ ਵਿਦਿਆਰਥੀਆਂ ਨੂੰ ਮਿਲੀ ਪ੍ਰੇਰਣਾ



**ਆਜ਼ਾਦ ਸੋਚ, ਅਭਿਸ਼ੇਕ ਸੂਦ, ਭਾਗ ਸਿੰਘ ਅੰਟਾਲ, ਘਨੌਰ, 28 ਅਪ੍ਰੈਲ:**

ਯੂਨੀਵਰਸਿਟੀ ਕਾਲਜ, ਘਨੌਰ ਵਿਖ ਕਾਲਜ ਪ੍ਰਿੰਸੀਪਲ ਡਾ. ਲਖਵੀਰ ਸਿੰਘ ਦੀ ਯੋਗ ਅਗਵਾਈ ਹੇਠ ਅਤੇ ਕਰੀਅਰ ਗਾਈਡੈਂਸ ਤੇ ਪਲੇਸਮੈਂਟ ਸੈੱਲ ਦੀ ਦੇਖ-ਰੇਖ ਵਿੱਚ ਇੱਕ ਪ੍ਰੇਰਣਾਦਾਇਕ ਸਮਾਗਮ ਕਰਵਾਇਆ ਗਿਆ। ਇਸ ਦੌਰਾਨ ਪਟਿਆਲਾ ਜ਼ਿਲ੍ਹੇ ਤੋਂ ਇਸ ਸਾਲ ਯੂ.ਪੀ.ਐਸ.ਸੀ. ਪ੍ਰੀਖਿਆ ਪਾਸ ਕਰਕੇ ਆਈ.ਏ.ਐਸ. ਲਈ ਚੁਣੀਆਂ ਗਈਆਂ ਦੋ ਨੌਜਵਾਨ ਅਧਿਕਾਰੀਆਂ ਮਿਸ ਸਿਮਰਨਦੀਪ ਕੌਰ ਅਤੇ ਮਿਸ ਰਸਨੀਤ ਕੌਰ ਨੇ ਵਿਦਿਆਰਥੀਆਂ ਨਾਲ ਰੂ-ਬ-ਰੂ ਹੋ ਕੇ ਆਪਣੇ ਅਨੁਭਵ ਸਾਂਝੇ ਕੀਤੇ। ਸਮਾਗਮ ਦੀ ਸ਼ੁਰੂਆਤ ਦੌਰਾਨ ਪ੍ਰਿੰਸੀਪਲ ਡਾ. ਲਖਵੀਰ ਸਿੰਘ ਨੇ ਮਹਿਮਾਨਾਂ ਦਾ ਸਨਮਾਨ ਕਰਦੇ ਹੋਏ ਕਿਹਾ ਕਿ ਵਿਦਿਆਰਥੀਆਂ ਲਈ ਇਹ ਇਕ ਸੁਨਹਿਰੀ ਮੌਕਾ ਹੈ ਕਿ ਉਹ ਸਫਲ ਨੌਜਵਾਨ ਅਧਿਕਾਰੀਆਂ ਤੋਂ ਸਿੱਖ ਕੇ ਆਪਣਾ ਭਵਿੱਖ ਨਿਖਾਰ ਸਕਣ। ਮਿਸ ਸਿਮਰਨਦੀਪ ਕੌਰ ਨੇ ਦੱਸਿਆ ਕਿ ਉਨ੍ਹਾਂ ਨੇ ਆਪਣੀ ਐਮ.ਏ. ਖਾਲਸਾ ਕਾਲਜ, ਪਟਿਆਲਾ ਤੋਂ ਪੂਰੀ ਕੀਤੀ ਅਤੇ ਪੜ੍ਹਾਈ ਦੇ ਦੌਰਾਨ ਹੀ ਆਪਣੇ ਪਿੰਡ ਬਿਰੜਵਾਲ (ਨਾਭਾ) ਵਿੱਚ ਰਹਿ ਕੇ ਯੂ.ਪੀ.ਐਸ.ਸੀ. ਦੀ ਤਿਆਰੀ ਕੀਤੀ। ਉਨ੍ਹਾਂ ਨੇ ਵਿਦਿਆਰਥੀਆਂ ਨਾਲ ਤਿਆਰੀ ਦੇ ਤਰੀਕਿਆਂ, ਸਟੱਡੀ ਮੈਟੀਰੀਅਲ ਅਤੇ ਸਮੇਂ ਦੇ ਸਹੀ ਪ੍ਰਬੰਧ ਬਾਰੇ ਵਿਸਥਾਰ ਨਾਲ ਗੱਲ ਕੀਤੀ ਅਤੇ ਕਿਹਾ ਕਿ ਲਗਨ, ਮਿਹਨਤ ਅਤੇ ਸਕਾਰਾਤਮਕ ਸੋਚ ਨਾਲ ਹਰ ਮੁਸ਼ਕਲ ਨੂੰ ਪਾਰ ਕੀਤਾ ਜਾ ਸਕਦਾ ਹੈ। ਮਿਸ ਰਸਨੀਤ ਕੌਰ ਨੇ ਆਪਣੇ ਸੰਬੋਧਨ ਵਿੱਚ ਦੱਸਿਆ ਕਿ ਉਨ੍ਹਾਂ ਨੇ ਆਪਣੀ ਗ੍ਰੈਜੂਏਸ਼ਨ ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ ਤੋਂ ਕੀਤੀ ਅਤੇ ਆਨਲਾਈਨ ਸਾਧਨਾਂ, ਕਿਤਾਬਾਂ, ਜਰਨਲਾਂ ਅਤੇ ਅਖਬਾਰਾਂ ਦੀ ਮਦਦ ਨਾਲ ਤਿਆਰੀ ਕਰਕੇ ਇਸ ਮੁਕਾਬਲੇਦਾਰ ਪ੍ਰੀਖਿਆ ਵਿੱਚ ਕਾਮਯਾਬੀ ਹਾਸਲ ਕੀਤੀ। ਉਨ੍ਹਾਂ ਨੇ ਇਹ ਵੀ ਜ਼ੋਰ ਦੇ ਕੇ ਕਿਹਾ ਕਿ ਦ੍ਰਿੜ ਇਰਾਦੇ ਨਾਲ ਬਿਨਾਂ ਮਹਿੰਗੇ ਕੋਚਿੰਗ ਸੈਂਟਰਾਂ ਦੇ ਵੀ ਉੱਚ ਰੈਂਕ ਪ੍ਰਾਪਤ ਕੀਤਾ ਜਾ ਸਕਦਾ ਹੈ। ਵਿਦਿਆਰਥੀਆਂ ਨੇ ਵੀ ਇਸ ਦੌਰਾਨ ਆਪਣੇ ਸਵਾਲ ਪੁੱਛ ਕੇ ਪ੍ਰੀਖਿਆ ਨਾਲ ਸੰਬੰਧਿਤ ਕੀਮਤੀ ਜਾਣਕਾਰੀ ਹਾਸਲ ਕੀਤੀ। ਸਮਾਗਮ ਦੌਰਾਨ ਕਰੀਅਰ ਗਾਈਡੈਂਸ ਸੈੱਲ ਦੀ ਕੋਆਰਡੀਨੇਟਰ ਡਾ. ਗੁਰਲੀਨ ਆਹਲੂਵਾਲੀਆ ਨੇ ਸਟੇਜ ਸੰਚਾਲਨ ਬਹੁਤ ਸੁਚੱਜੇ ਢੰਗ ਨਾਲ ਨਿਭਾਇਆ, ਜਦਕਿ ਡਾ. ਰੋਹਿਤ ਕੁਮਾਰ ਨੇ ਆਏ ਹੋਏ ਮਹਿਮਾਨਾਂ ਦਾ ਧੰਨਵਾਦ ਕੀਤਾ। ਇਸ ਮੌਕੇ ਕੋ-ਕੋਆਰਡੀਨੇਟਰ ਸ੍ਰੀ ਗੁਰਤੇਜ ਸਿੰਘ ਸਮੇਤ ਅਸਿਸਟੈਂਟ ਪ੍ਰੋਫੈਸਰ ਆਦਰਸ਼ਪਾਲ, ਵਰਿੰਦਰ ਸਿੰਘ, ਡਾ. ਤਰਨਜੀਤ ਕੌਰ, ਮੈਡਮ ਪੁਨੀਤ ਕੌਰ, ਅਸਿਸਟੈਂਟ ਪ੍ਰੋਫੈਸਰ ਕਵਰਜੀਤ ਸਿੰਘ, ਮਨਜੀਤ ਕੌਰ, ਡਾ. ਊਸ਼ਾ ਰਾਣੀ, ਮੈਡਮ ਜੈਮਨੀ, ਡਾ. ਸੰਜੀਵ ਕੁਮਾਰ, ਡਾ. ਅਰਵਿੰਦਰ ਸਿੰਘ ਅਤੇ ਹੋਰ ਸਟਾਫ ਮੈਂਬਰ ਹਾਜ਼ਰ ਸਨ। ਇਹ ਸਮਾਗਮ ਵਿਦਿਆਰਥੀਆਂ ਲਈ ਪ੍ਰੇਰਣਾ ਦਾ ਸਰੋਤ ਬਣਿਆ ਅਤੇ ਉਨ੍ਹਾਂ ਨੂੰ ਆਪਣੇ ਟੀਚਿਆਂ ਵੱਲ ਅੱਗੇ ਵੱਧਣ ਲਈ ਨਵਾਂ ਹੌਸਲਾ ਮਿਲਿਆ।

# ਡੇਂਗੂ, ਮਲੇਰੀਆ, ਚਿਕਨਗੁਨੀਆ ਨੂੰ ਮੁੱਖ ਰੱਖਦੇ ਹੋਏ ਅਰਬਨ ਭਵਾਨੀਗੜ੍ਹ ਦਾ ਮਾਸ ਫੀਵਰ ਸਰਵੇ ਸ਼ੁਰੂ



**ਆਜ਼ਾਦ ਸੋਚ, ਸੋਹਨ ਸਿੰਘ ਸੋਢੀ, ਭਵਾਨੀਗੜ੍ਹ, 28 ਅਪ੍ਰੈਲ:**

ਸਿਵਲ ਸਰਜਨ ਸੰਗਰੂਰ ਡਾ. ਅਮਰਜੀਤ ਕੌਰ ਅਤੇ ਐਸ.ਐਮ.ਓ. ਭਵਾਨੀਗੜ੍ਹ ਡਾ. ਮਹੀਪ ਕੌਰ ਦੀ ਯੋਗ ਅਗਵਾਈ ਹੇਠ ਭਵਾਨੀਗੜ੍ਹ ਸ਼ਹਿਰ ਵਿੱਚ ਡੇਂਗੂ, ਮਲੇਰੀਆ, ਚਿਕਨਗੁਨੀਆ ਬਿਮਾਰੀਆਂ ਤੋਂ ਬਚਾਓ ਸੰਬੰਧੀ ਸਿਹਤ ਵਿਭਾਗ ਦੇ ਕਰਮਚਾਰੀਆਂ ਦੀਆਂ ਵੱਖ ਵੱਖ ਟੀਮਾਂ ਬਣਾ ਕੇ ਮਾਸ ਫੀਵਰ ਸਰਵੇ ਸ਼ੁਰੂ ਕੀਤਾ ਗਿਆ। ਜਿਲ੍ਹਾ ਐਪੀਡੀਮੋਲੋਜਿਸਟ ਸੰਗਰੂਰ ਪਾਸੋਂ ਪ੍ਰਾਪਤ ਹਦਾਇਤਾਂ ਮੁਤਾਬਿਕ ਸ਼ਹਿਰ ਵਾਸੀਆਂ ਨੂੰ ਇਹਨਾਂ ਬਿਮਾਰੀਆਂ ਸੰਬੰਧੀ ਅਗਾਉ ਜਾਣਕਾਰੀ ਦਿੱਤੀ ਗਈ ਅਤੇ ਡੋਰ ਟੂ ਡੋਰ ਸਰਵੇ ਕਰਕੇ ਮੱਛਰਾਂ ਦੇ ਲਾਰਵੇ ਦੀ ਜਾਂਚ ਕੀਤੀ ਗਈ। ਜਿੱਥੇ ਕਿਤੇ ਵੀ ਲਾਰਵਾ ਮਿਲਿਆ ਮੌਕੇ ਤੇ ਹੀ ਨਸ਼ਟ ਕਰਵਾਇਆ ਗਿਆ ਤੇ ਡੇਂਗੂ ਚਾਲਾਨ ਦੀ ਵਾਰਨਿੰਗ ਦਿੱਤੀ ਗਈ।

ਮਾਈਗਰੇਟਰੀ ਅਬਾਦੀ ਅਤੇ ਸਲੱਮ ਖੇਤਰਾਂ ਵਿੱਚ ਬਾਰੀਕੀ ਨਾਲ ਮਾਸ ਫੀਵਰ ਸਰਵੇ ਕੀਤਾ ਗਿਆ। ਬੁਖਾਰ ਵਾਲੇ ਮਰੀਜ਼ਾਂ ਦਾ ਆਰ.ਡੀ.ਟੀ. ਕਿੱਟ ਨਾਲ ਬੁਖਾਰ ਟੈਸਟ ਕੀਤਾ ਗਿਆ। ਇਸ ਮੌਕੇ ਲੋਕਾਂ ਨੂੰ ਦੱਸਿਆ ਗਿਆ ਕਿ ਡੇਂਗੂ ਅਤੇ ਮਲੇਰੀਆ ਦੀ ਬੀਮਾਰੀ ਮਾਦਾ ਮੱਛਰ ਦੇ ਕੱਟਣ ਕਾਰਨ ਹੁੰਦੀ ਹੈ ਅਤੇ ਇਹ ਮੱਛਰ ਹਮੇਸ਼ਾਂ ਸਾਫ਼ ਖੜ੍ਹੇ ਪਾਣੀ ਵਿੱਚ ਪੈਦਾ ਹੁੰਦਾ ਹੈ। ਇਸ ਲਈ ਟੋਇਆਂ ਨੂੰ ਭਰਿਆ ਜਾਵੇ, ਘਰਾਂ ਵਿਚ ਲੱਗੇ ਕੂਲਰ, ਗਮਲਿਆਂ, ਕਟੋਰਿਆਂ, ਟਾਇਰਾਂ ਤੇ ਫਰਿੱਜ ਦੀਆਂ ਟਰੇਆ ਨੂੰ ਹਫ਼ਤੇ ਵਿਚ ਇਕ ਵਾਰ ਜ਼ਰੂਰ ਸੁੱਕਾ ਦਿੱਤਾ ਜਾਵੇ। ਮੱਛਰਾਂ ਤੋਂ ਛੁਟਕਾਰਾ ਪਾਉਣ ਲਈ ਮੱਛਰਦਾਨੀ ਅਤੇ ਮੱਛਰ ਭਜਾਉਣ ਵਾਲੀਆਂ ਕਰੀਮਾਂ ਦੀ ਵਰਤੋਂ ਕਰਨੀ ਚਾਹੀਦੀ ਹੈ, ਪੂਰੇ ਸਰੀਰ ਨੂੰ ਢੱਕਣ ਵਾਲੇ ਕੱਪੜੇ ਪਹਿਨਣੇ ਚਾਹੀਦੇ ਹਨ, ਘਰਾਂ ਦੇ ਆਲੇ-ਦੁਆਲੇ ਖੜ੍ਹੇ ਪਾਣੀ ਨੂੰ ਸਾਫ਼ ਕਰਨਾ ਚਾਹੀਦਾ ਹੈ ਅਤੇ ਜੇਕਰ ਕਿਸੇ ਵਿਅਕਤੀ ਨੂੰ ਬੁਖ਼ਾਰ ਹੋਣ ਦਾ ਸ਼ੱਕ ਹੋਵੇ ਤਾਂ ਤੁਰੰਤ ਟੈਸਟ ਅਤੇ ਇਲਾਜ ਕਰਵਾਉਣਾ ਚਾਹੀਦਾ ਹੈ, ਜੋ ਕਿ ਪੰਜਾਬ ਦੇ ਸਾਰੇ ਸਰਕਾਰੀ ਹਸਪਤਾਲਾਂ ਵਿੱਚ ਮੁਫ਼ਤ ਕੀਤਾ ਜਾਂਦਾ ਹੈ।

# ਪੋਸ਼ਣ ਪਖਵਾੜਾ 2026 ਤਹਿਤ ਬੀ.ਐਫ.ਸੀ.ਈ.ਟੀ. ਵੱਲੋਂ 4 ਦਿਨਾਂ ਵਿਸ਼ੇਸ਼ ਸਿਹਤ ਜਾਗਰੂਕਤਾ ਕੈਂਪ ਆਯੋਜਿਤ

**ਆਜ਼ਾਦ ਸੋਚ, ਗੌਰਵ ਕਾਲੜਾ, ਬਠਿੰਡਾ, 28 ਅਪ੍ਰੈਲ:**




ਬਾਬਾ ਫਰੀਦ ਕਾਲਜ ਆਫ਼ ਇੰਜਨੀਅਰਿੰਗ ਐਂਡ ਟੈਕਨਾਲੋਜੀ (ਬੀ.ਐਫ.ਸੀ.ਈ.ਟੀ.) ਦੇ ਐਨ.ਐੱਸ. ਐੱਸ. ਯੂਨਿਟ ਵੱਲੋਂ ਸਕੂਲ ਆਫ਼ ਕੰਪਿਊਟਰ ਐਪਲੀਕੇਸ਼ਨਜ਼ ਦੇ ਉੱਨਤ ਭਾਰਤ ਅਭਿਆਨ (ਯੂ.ਬੀ.ਏ.) ਕਲੱਬ ਅਤੇ ਡਿਪਾਰਟਮੈਂਟ ਆਫ਼ ਬਾਇਓ ਮੈਡੀਕਲ ਅਤੇ ਅਲਾਈਡ ਹੈਲਥ ਸਾਇੰਸਜ਼ ਦੇ ਸਹਿਯੋਗ ਨਾਲ ਪੋਸ਼ਣ ਪਖਵਾੜਾ 2026 ਤਹਿਤ 4 ਦਿਨਾਂ ਵਿਸ਼ੇਸ਼ ਸਿਹਤ ਜਾਗਰੂਕਤਾ ਕੈਂਪ ਸਫਲਤਾਪੂਰਵਕ ਆਯੋਜਿਤ ਕੀਤਾ ਗਿਆ। ਇਸ ਕੈਂਪ ਵਿੱਚ 100 ਤੋਂ ਵੱਧ ਵਿਦਿਆਰਥੀਆਂ ਨੇ ਸਰਗਰਮੀ ਨਾਲ ਭਾਗ ਲਿਆ।ਇਹ ਕੈਂਪ ਐਨ.ਐਸ.ਐਸ. ਯੂਨਿਟ ਦੇ ਪ੍ਰੋਗਰਾਮ ਅਫਸਰ ਮਿਸ ਸੁਖਜਿੰਦਰ ਕੌਰ ਅਤੇ ਕੋਆਰਡੀਨੇਟਰ ਮਿਸ ਪਵਨਪ੍ਰੀਤ ਕੌਰ ਦੀ ਰਹਿਨੁਮਾਈ ਹੇਠ ਆਯੋਜਿਤ ਕੀਤਾ ਗਿਆ। ਇਸ ਕੈਂਪ ਦੌਰਾਨ ਡਾ. ਅਪਰਨਾ ਬਰਾੜੀਆ ਨੇ ਮੁੱਖ ਮਹਿਮਾਨ ਅਤੇ ਸਰੋਤ ਵਿਅਕਤੀ ਵਜੋਂ ਸ਼ਿਰਕਤ ਕੀਤੀ। ਵਿਦਿਆਰਥੀਆਂ ਦੀ ਅਗਵਾਈ ਕਰਦਿਆਂ ਐਨ.ਐਸ.ਐਸ.ਯੂਨਿਟ ਦੇ ਅਨੂਰ ਕਮਲ (ਪ੍ਰਧਾਨ), ਸੇਬੇਨ ਸਿੰਘ (ਉਪ ਪ੍ਰਧਾਨ ), ਅਰਸ਼ਦੀਪ ਸਿੰਘ ਅਤੇ ਸੁਪਨਦੀਪ ਕੌਰ (ਜਨਰਲ ਸਕੱਤਰ) ਨੇ ਇਸ ਕੈਂਪ ਦੀਆਂ ਵੱਖ-ਵੱਖ ਗਤੀਵਿਧੀਆਂ ਦੇ ਪ੍ਰਬੰਧਨ ਨੂੰ ਸੁਚੱਜੇ ਢੰਗ ਨਾਲ ਚਲਾਉਣ ਵਿੱਚ ਮੋਹਰੀ ਭੂਮਿਕਾ ਨਿਭਾਈ।ਕੈਂਪ ਦਾ ਮੁੱਖ ਵਿਸ਼ਾ 'ਜੀਵਨ ਦੇ ਪਹਿਲੇ 6 ਸਾਲਾਂ ਵਿੱਚ ਦਿਮਾਗੀ ਵਿਕਾਸ ਨੂੰ ਵੱਧ ਤੋਂ ਵੱਧ ਕਰਨਾ' ਸੀ ਜੋ ਮਾਂ ਅਤੇ ਬੱਚੇ ਦੇ ਪੋਸ਼ਣ, ਬਚਪਨ ਦੇ ਵਿਕਾਸ ਅਤੇ ਸਿਹਤਮੰਦ ਜੀਵਨ ਸ਼ੈਲੀ ਦੇ ਅਭਿਆਸਾਂ ਬਾਰੇ ਜਾਗਰੂਕਤਾ ਫੈਲਾਉਣ 'ਤੇ ਕੇਂਦ੍ਰਿਤ ਸੀ।

ਇਸ ਕੈਂਪ ਦੇ ਚਾਰ ਦਿਨਾਂ ਦੌਰਾਨ ਐਨ.ਐੱਸ.ਐੱਸ. ਵਲੰਟੀਅਰਾਂ ਨੇ ਵੱਖ-ਵੱਖ ਪਿੰਡਾਂ ਜਿਵੇਂ ਦਿਆਲਪੁਰਾ ਮਿਰਜਾ, ਭਾਈਰੂਪਾ, ਬੁਰਜ ਗਿੱਲ, ਜੱਜਲ, ਬਰਗਾੜੀ, ਸੰਧਵਾਂ, ਦਿਓਣ, ਬਠਿੰਡਾ ਸਿਵਲ ਹਸਪਤਾਲ , ਬਹਿਮਣ ਦਿਵਾਨਾ, ਭਾਈ ਬਖਤੌਰ, ਅਤੇ ਬੁਲਾਡੇਵਾਲਾ ਆਦਿ ਵਿੱਚ ਜਾ ਕੇ ਲੋਕਾਂ ਨੂੰ ਜਾਗਰੂਕ ਕੀਤਾ।

ਵਿਦਿਆਰਥੀਆਂ ਨੇ ਪਿੰਡ ਵਾਸੀਆਂ, ਮਾਵਾਂ ਅਤੇ ਬੱਚਿਆਂ ਨਾਲ ਸੰਤੁਲਿਤ ਖੁਰਾਕ, ਜਨਮ ਤੋਂ ਪਹਿਲਾਂ ਦੀ ਦੇਖਭਾਲ, ਖੇਡ-ਅਧਾਰਿਤ ਸਿੱਖਿਆ ਅਤੇ ਬੱਚਿਆਂ ਵਿੱਚ ਸਕ੍ਰੀਨ ਸਮਾਂ ਘਟਾਉਣ ਬਾਰੇ ਜਾਗਰੂਕ ਕਰਨ ਲਈ ਸਰਗਰਮੀ ਨਾਲ ਗੱਲਬਾਤ ਕੀਤੀ।

ਕੈਂਪ ਦਾ ਇੱਕ ਮੁੱਖ ਆਕਰਸ਼ਣ ਪੋਸ਼ਣ ਜਾਗਰੂਕਤਾ ਰੈਲੀਆਂ ਸਨ, ਜਿੱਥੇ ਵਿਦਿਆਰਥੀਆਂ ਨੇ 'ਸਿਹਤਮੰਦ ਮਾਵਾਂ, ਸਿਹਤਮੰਦ ਬੱਚੇ, ਮਜ਼ਬੂਤ ਰਾਸ਼ਟਰ' ਅਤੇ 'ਪੋਸ਼ਣ ਸੇ ਪ੍ਰਗਤੀ' ਅਤੇ ਭਾਈਚਾਰਿਆਂ ਵਿੱਚ ਜਾਗਰੂਕਤਾ ਫੈਲਾਉਣਾ ਆਦਿ ਪ੍ਰਭਾਵਸ਼ਾਲੀ ਨਾਅਰੇ ਲਗਾਏ ।ਕੈਂਪ ਦੇ ਆਖਰੀ ਦਿਨ ਵਲੰਟੀਅਰਾਂ ਨੇ ਬਠਿੰਡਾ ਸਿਵਲ ਹਸਪਤਾਲ, ਭਾਈ ਬਖਤੌਰ ਅਤੇ ਬਹਿਮਨ ਦੀਵਾਨਾ ਵਿਖੇ ਲੋਕਾਂ ਨਾਲ ਸੰਪਰਕ ਕਰਕੇ ਜਾਗਰੂਕਤਾ ਫੈਲਾਈ। ਮਾਤਾਵਾਂ, ਬੱਚਿਆਂ ਅਤੇ ਮਰੀਜ਼ਾਂ ਨੂੰ ਸਿਹਤ ਅਤੇ ਪੋਸ਼ਣ ਸੰਬੰਧੀ ਜਾਣਕਾਰੀ ਦਿੱਤੀ ਗਈ।ਸੰਪੂਰਨ ਕੈਂਪ ਦੌਰਾਨ ਵਿਦਿਆਰਥੀਆਂ ਨੇ ਉੱਚ ਕੋਟੀ ਦੇ ਟੀਮ ਵਰਕ, ਅਨੁਸ਼ਾਸਨ ਅਤੇ ਸਮਾਜ ਸੇਵਾ ਦੀ ਭਾਵਨਾ ਦਿਖਾਈ। ਕੈਂਪ ਦੇ ਅੰਤ ਵਿੱਚ ਸਰਵੋਤਮ ਵਲੰਟੀਅਰਾਂ ਨੂੰ ਸਨਮਾਨਿਤ ਕਰਨ ਦਾ ਐਲਾਨ ਵੀ ਕੀਤਾ ਗਿਆ।ਇਸ ਕੈਂਪ ਨੇ ਨਾ ਸਿਰਫ਼ ਪਿੰਡਾਂ ਵਿੱਚ ਸਿਹਤ ਅਤੇ ਪੋਸ਼ਣ ਬਾਰੇ ਜਾਗਰੂਕਤਾ ਵਧਾਈ, ਸਗੋਂ ਵਿਦਿਆਰਥੀਆਂ ਵਿੱਚ ਨੇਤ੍ਰਿਤਵ, ਸੰਚਾਰ ਅਤੇ ਸਮਾਜਿਕ ਜ਼ਿੰਮੇਵਾਰੀ ਦੇ ਗੁਣਾਂ ਨੂੰ ਵੀ ਮਜ਼ਬੂਤ ਕੀਤਾ।

# ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਜ਼ਮੀਨੀ ਪੱਧਰ ਤੱਕ ਲੈ ਕੇ ਜਾਣ ਲਈ ਸੰਗਰੂਰ ਪ੍ਰਸ਼ਾਸਨ ਤੇ ਪੁਲਿਸ ਦਾ ਸਾਂਝਾ ਹੰਭਲਾ

## ਡਿਪਟੀ ਕਮਿਸ਼ਨਰ ਤੇ ਐਸ ਐਸ ਪੀ ਵੱਲੋਂ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਦਾ ਲਿਆ ਗਿਆ ਜਾਇਜ਼ਾ



**ਆਜ਼ਾਦ ਸੋਚ, ਅਮਨਜੋਤ ਸਿੰਘ, ਸੰਗਰੂਰ, 28 ਅਪ੍ਰੈਲ :**

ਡਿਪਟੀ ਕਮਿਸ਼ਨਰ ਸੰਗਰੂਰ ਰਾਹੁਲ ਚਾਬਾ ਅਤੇ ਐਸ ਐਸ ਪੀ ਸਰਤਾਜ ਸਿੰਘ ਚਾਹਲ ਨੇ ਪੰਜਾਬ ਸਰਕਾਰ ਵੱਲੋਂ ਅਰੰਭੀ 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਨੂੰ ਘਰ-ਘਰ ਤੱਕ ਪਹੁੰਚਾ ਕੇ ਜ਼ਿਲ੍ਹੇ ਨੂੰ ਨਸ਼ਾ ਮੁਕਤ ਕਰਨ ਲਈ ਮਿਲਜੁਲ ਕੇ ਹੰਭਲਾ ਮਾਰਨ ਦੀ ਲੋੜ 'ਤੇ ਜ਼ੋਰ ਦਿੱਤਾ ਹੈ। ਅੱਜ ਇੱਥੇ ਜ਼ਿਲ੍ਹਾ ਅਧਿਕਾਰੀਆਂ ਨਾਲ ਇੱਕ ਜਾਇਜ਼ਾ ਮੀਟਿੰਗ ਕਰਦਿਆਂ ਡਿਪਟੀ ਕਮਿਸ਼ਨਰ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਲਿਆ ਅਹਿਦ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਪਿੰਡ ਤੇ ਵਾਰਡ ਡਿਫੈਂਸ ਕਮੇਟੀਆਂ ਦੇ ਸਹਿਯੋਗ ਨਾਲ ਹੇਠਲੇ ਪੱਧਰ ਤੱਕ ਪਹੁੰਚਾਉਣ ਲਈ ਹਰ ਸੰਭਵ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਕੂਲਾਂ, ਕਾਲਜਾਂ ਅਤੇ ਪਿੰਡ ਪੱਧਰ 'ਤੇ ਜਾਗਰੂਕਤਾ ਮੁਹਿੰਮਾਂ ਰਾਹੀਂ ਨੌਜਵਾਨਾਂ ਨੂੰ ਨਸ਼ਿਆਂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ। ਐਸ ਐਸ ਪੀ ਸਰਤਾਜ ਸਿੰਘ ਚਾਹਲ ਨੇ ਦੱਸਿਆ ਕਿ ਪੁਲਿਸ ਵੱਲੋਂ ਜਿੱਥੇ ਪ੍ਰਸ਼ਾਸਨ ਦੀ ਨਸ਼ਿਆਂ ਦੇ ਤਸਕਰਾਂ ਵੱਲੋਂ ਨਜਾਇਜ਼ ਕਬਜ਼ੇ ਕਰਕੇ ਕੀਤੀਆਂ ਉਸਾਰੀਆਂ ਨੂੰ ਢਾਹੁਣ ਦੀ ਕਾਰਵਾਈ ਵਿੱਚ ਸਹਿਯੋਗ ਕੀਤਾ ਜਾ ਰਿਹਾ ਹੈ, ਉਥੇ ਹੀ ਨਸ਼ਾ ਤਸਕਰਾਂ ਵਿਰੁੱਧ ਲਗਾਤਾਰ ਸਖ਼ਤ ਕਾਨੂੰਨੀ ਕਾਰਵਾਈ ਵੀ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਨਸ਼ਿਆਂ ਦੇ ਗੈਰਕਾਨੂੰਨੀ ਕਾਰੋਬਾਰ 'ਤੇ ਪੂਰੀ ਤਰ੍ਹਾਂ ਨਕੇਲ ਪਾਉਣ ਲਈ ਪੁਲਿਸ ਵੱਲੋਂ ਖਾਸ ਮੁਹਿੰਮ ਚਲਾਈ ਜਾ ਰਹੀ ਹੈ।ਸਰਤਾਜ ਸਿੰਘ ਚਾਹਲ ਨੇ ਹੋਰ ਦੱਸਿਆ ਕਿ ਜ਼ਿਲ੍ਹਾ ਵਾਸੀਆਂ ਨੂੰ ਨਸ਼ਾ ਤਸਕਰਾਂ ਦੀ ਜਾਣਕਾਰੀ ਗੁਪਤ ਤੌਰ 'ਤੇ ਪੁਲਿਸ ਨਾਲ ਸਾਂਝੀ ਕਰਨ ਲਈ ਪ੍ਰੇਰਿਤ ਕੀਤਾ ਜਾ ਰਿਹਾ ਹੈ, ਤਾਂ ਜੋ ਸਮਾਜ ਵਿਰੋਧੀ ਤੱਤਾਂ ਦਾ ਖੁਰਾ ਖੋਜ ਮਿਟਾਇਆ ਜਾ ਸਕੇ। ਡਿਪਟੀ ਕਮਿਸ਼ਨਰ ਅਤੇ ਐਸ ਐਸ ਪੀ ਨੇ ਇਸ ਦੌਰਾਨ ਵੀਡੀਸੀਜ਼ ਦੇ ਮੈਂਬਰਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸੰਗਰੂਰ ਜ਼ਿਲ੍ਹੇ ਨੂੰ ਨਸ਼ਾ ਮੁਕਤ ਬਣਾਉਣ ਲਈ ਆਮ ਲੋਕਾਂ ਦਾ ਵੱਡਾ ਸਮਰਥਨ ਮਿਲ ਰਿਹਾ ਹੈ, ਜੋ ਇਸ ਮੁਹਿੰਮ ਦੀ ਸਫਲਤਾ ਲਈ ਬਹੁਤ ਜ਼ਰੂਰੀ ਹੈ। ਉਨ੍ਹਾਂ ਸਾਰੇ ਵਰਗਾਂ ਨੂੰ ਅਪੀਲ ਕੀਤੀ ਕਿ ਨਸ਼ਿਆਂ ਵਿਰੁੱਧ ਇਸ ਜੰਗ ਨੂੰ ਜਿੱਤਣ ਲਈ ਹਰ ਨਾਗਰਿਕ ਆਪਣਾ ਯੋਗਦਾਨ ਪਾਏ ਅਤੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰੱਖਣ ਲਈ ਅੱਗੇ ਆਵੇ। ਮੀਟਿੰਗ ਦੌਰਾਨ ਏਡੀਸੀ (ਦਿਹਾਤੀ ਵਿਕਾਸ) ਸੁਖਚੈਨ ਸਿੰਘ ਪਾਪੜਾ ਸਮੇਤ ਸਮੂਹ ਐਸ ਡੀ ਐਮਜ਼, ਡੀਐਸਪੀਜ਼ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀ ਵੀ ਹਾਜ਼ਰ ਸਨ।

# ਇਕਾਈ ਪ੍ਰਧਾਨ ਬੌਰੀਆ ਸਿੰਘ ਨਹੀਂ ਰਹੇ, ਭੋਗ ਇੱਕ ਮਈ ਨੂੰ

**ਅਜਾਦ ਸੋਚ, ਸ਼ੰਭੂ ਗੋਇਲ, ਲਹਿਰਾਗਾਗਾ, 28 ਅਪ੍ਰੈਲ:**

ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਪਿੰਡ ਇਕਾਈ ਰਾਏਧਰਾਣਾ ਦੇ ਪ੍ਰਧਾਨ ਬੌਰੀਆ ਸਿੰਘ ਦਾ ਪਿਛਲੇ ਦਿਨੀ ਦਿਹਾਂਤ ਹੋ ਗਿਆ ਸੀ। ਜ਼ਿਕਰਯੋਗ ਹੈ ਕਿ ਬੌਰੀਆ ਸਿੰਘ ਨੇ ਲੰਮੇ ਸਮੇਂ ਤੱਕ ਪਿੰਡ ਰਾਏਧਰਾਣਾ ਇਕਾਈ ਦੇ ਪ੍ਰਧਾਨ ਵਜੋਂ ਆਪਣੀਆਂ ਜ਼ਿੰਮੇਵਾਰੀਆਂ ਨੂੰ ਇਮਾਨਦਾਰੀ, ਲਗਨ ਅਤੇ ਮਿਹਨਤ ਨਾਲ ਨਿਭਾਇਆ।ਬੌਰੀਆ ਸਿੰਘ ਨੇ ਜਥੇਬੰਦੀ ਲਈ ਬੇਮਿਸਾਲ ਸੇਵਾਵਾਂ ਦਿੱਤੀਆਂ ਅਤੇ ਹਰ ਵੇਲੇ ਜਥੇਬੰਦੀ ਦੇ ਕੰਮਾਂ ਲਈ ਤਿਆਰ ਰਹਿੰਦੇ ਸਨ। ਬੌਰੀਆ ਸਿੰਘ ਨੇ ਦਿਨ-ਰਾਤ ਇਕ ਕਰਕੇ ਜਥੇਬੰਦੀ ਨੂੰ ਮਜ਼ਬੂਤ ਕਰਨ ਵਿੱਚ ਵੱਡੀ ਭੂਮਿਕਾ ਨਿਭਾਈ,ਜਿੰਨ੍ਹਾਂ ਦਾ ਯੋਗਦਾਨ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਆਗੂਆਂ ਨੇ ਦੱਸਿਆ ਕਿ ਬੌਰੀਆ ਸਿੰਘ ਆਪਣੀ ਸੇਵਾ ਅਤੇ ਨੇਕ ਕੰਮਾਂ ਨਾਲ ਲੋਕਾਂ ਦੇ ਦਿਲਾਂ ਵਿੱਚ ਸਦਾ ਲਈ ਵਸ ਗਏ ਹਨ। ਜਿਨਾਂ ਨੂੰ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ। ਆਗੂਆਂ ਦੇ ਦੱਸਣ ਮੁਤਾਬਕ ਉਨਾਂ ਦੀ ਆਤਮਿਕ ਸ਼ਾਂਤੀ ਲਈ ਭੋਗ ਤੇ ਸ਼ਰਧਾਂਜਲੀ ਸਮਾਗਮ 1 ਮਈ ਸ਼ੁੱਕਰਵਾਰ ਨੂੰ ਪਿੰਡ ਰਾਏਧਰਾਣਾ ਦੇ ਵੱਡੇ ਗੁਰੂ ਘਰ ਵਿਖੇ ਹੋਵੇਗਾ। ਭੋਗ ਸਮੇਂ ਧਾਰਮਿਕ, ਰਾਜਨੀਤਿਕ, ਸਮਾਜਿਕ ਜਥੇਬੰਦੀਆਂ ਤੋਂ ਇਲਾਵਾ ਸਾਰੇ ਪਿੰਡ ਇਕਾਈਆਂ ਦੇ ਪ੍ਰਧਾਨ, ਵਰਕਰ, ਬਲਾਕ ਅਤੇ ਜ਼ਿਲ੍ਹਾ ਆਗੂ, ਪਹੁੰਚ ਕੇ ਪ੍ਰਧਾਨ ਬੌਰੀਆ ਸਿੰਘ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨਗੇ।



# ਭਲਕੇ ਭਾਜਪਾ ਵਿੱਚ ਸ਼ਾਮਿਲ ਹੋਏ ਸਰਾਓ ਵੱਲੋਂ ਸਰਗਰਮੀਆਂ ਤੇਜ਼

**ਅਜਾਦ ਸੋਚ, ਸ਼ੰਭੂ ਗੋਇਲ, ਲਹਿਰਾਗਾਗਾ, 28 ਅਪ੍ਰੈਲ:**



ਰਿਟਾਇਰਡ ਏਡੀਸੀ ਅਤੇ ਭਾਜਪਾ ਵਿੱਚ ਭਲਕੇ ਸ਼ਾਮਿਲ ਹੋਏ ਆਗੂ ਸਤਵੰਤ ਸਿੰਘ ਸਰਾਓ ਵੱਲੋਂ ਹਲਕੇ ਵਿੱਚ ਪਾਰਟੀ ਸਰਗਰਮੀਆਂ ਨੂੰ ਤੇਜ਼ ਕਰਦੇ ਹੋਏ ਸਿਆਸੀ ਮਿਲਣੀਆਂ ਅਤੇ ਲੋਕ ਸੰਪਰਕ ਮੁਹਿੰਮ ਦੀ ਸ਼ੁਰੂਆਤ ਕਰ ਦਿੱਤੀ ਗਈ ਹੈ। ਜ਼ਿਕਰਯੋਗ ਹੈ ਕਿ ਉਨ੍ਹਾਂ ਦੇ ਭਰਾ ਗਿਆਨੀ ਨਿਰੰਜਣ ਸਿੰਘ ਭੁਟਾਲ 2002 ਵਿਚ ਅਤੇ ਖੁਦ ਸੁਖਵੰਤ ਸਿੰਘ ਸਰਾਓ ਰਿਟਾਇਰਡ ਏਡੀਸੀ 2012 ਅਕਾਲੀ ਦਲ ਬਾਦਲ ਦੀ ਟਿਕਟ ਉੱਤੇ ਲਹਿਰਾਗਾਗਾ ਤੋਂ ਚੋਣ ਲੜ ਚੁੱਕੇ ਹਨ। ਇਸੇ ਲੜੀ ਦੇ ਤਹਿਤ ਸੁਖਵੰਤ ਸਿੰਘ ਸਰਾਓ ਅਤੇ ਗੁਰਬਿੰਦਰ ਸਿੰਘ ਜੋ ਪਿਛਲੇ ਹਫਤੇ ਹੀ ਭਾਜਪਾ ਵਿੱਚ ਸ਼ਾਮਿਲ ਹੋਏ ਹਨ, ਨੇ ਜਿਥੇ ਪਿੰਡ ਆਲਮਪੁਰ ਵਿਖੇ ਇਕ ਭੋਗ ਸਮਾਗਮ ਵਿੱਚ ਉਚੇਚੇ ਤੌਰ ਉੱਪਰ ਸ਼ਿਰਕਤ ਕੀਤੀ, ਉਥੇ ਉਨ੍ਹਾਂ ਗੁਰਬਿੰਦਰ ਸਿੰਘ ਰਿਟਾਇਰਡ ਏਡੀਸੀ ਦੀ ਮੌਜੂਦਗੀ ਵਿਚ ਭਾਜਪਾ ਆਗੂ ਭਾਜਪਾ ਆਗੂ ਕੇਵਲ ਸਿੰਗਲਾ, ਸਤਪਾਲ ਸਿੰਗਲਾ ਨਾਲ ਭਾਜਪਾ ਆਗੂ ਕੇਵਲ ਸਿੰਗਲਾ, ਸਤਪਾਲ ਸਿੰਗਲਾ ਨਾਲ ਵੀ ਮੁਲਾਕਾਤ ਕੀਤੀ ਅਤੇ ਇਲਾਕੇ ਦੇ ਲੋਕਾਂ ਨੂੰ ਆ ਰਹੀਆਂ ਸਮੱਸਿਆਵਾਂ ਬਾਰੇ ਵਿਚਾਰ ਵਟਾਂਦਰਾ ਕੀਤਾ। ਇਸ ਮੌਕੇ ਉਨ੍ਹਾਂ ਨੇ ਭਾਜਪਾ ਦੀਆਂ ਲੋਕ-ਹਿਤੈਸ਼ੀ ਨੀਤੀਆਂ ਬਾਰੇ ਵੀ ਗੱਲਬਾਤ ਕੀਤੀ।ਇਸ ਉਪਰੰਤ ਸੁਖਵੰਤ ਸਿੰਘ ਸਰਾਓ ਨੇ ਸਾਡੇ ਪੱਤਰਕਾਰ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਭਾਰਤੀ ਜਨਤਾ ਪਾਰਟੀ ਹਮੇਸ਼ਾ ਲੋਕਾਂ ਦੀ ਭਲਾਈ ਲਈ ਕੰਮ ਕਰਦੀ ਆਈ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਵੀ ਵਿਕਾਸ ਦੇ ਕੰਮ ਹੋਰ ਤੇਜ਼ੀ ਨਾਲ ਕੀਤੇ ਜਾਣਗੇ। ਉਨ੍ਹਾਂ ਨੇ ਕਿਹਾ ਕਿ ਪਾਰਟੀ ਦੇ ਹੋਰਨਾਂ ਆਗੂਆਂ ਅਤੇ ਵਰਕਰਾਂ ਨੂੰ ਨਾਲ ਲੈਕੇ ਅਸੀਂ ਪਾਰਟੀ ਦੀਆਂ ਨੀਤੀਆਂ ਨੂੰ ਘਰ-ਘਰ ਤੱਕ ਪਹੁੰਚਾਵਾਂਗੇ ਤਾਂ ਜੋ ਜ਼ਿਆਦਾ ਤੋਂ ਜ਼ਿਆਦਾ ਲੋਕ ਭਾਜਪਾ ਦੀਆਂ ਨੀਤੀਆਂ ਤੋਂ ਜਾਣੂ ਹੋਕੇ ਪਾਰਟੀ ਨਾਲ ਜੁੜ ਸਕਣ।

# ਰਾਜ ਪੱਧਰੀ ਮੁਕਾਬਲੇ ਦੇ ਨੌਜਵਾਨ ਜੇਤੂਆਂ ਨੂੰ ਨਕਦ ਇਨਾਮਾਂ ਅਤੇ ਸਾਈਕਲਾਂ ਨਾਲ ਸਨਮਾਨਿਤ ਕੀਤਾ

**ਆਜ਼ਾਦ ਸੋਚ, ਰਮਨਦੀਪ ਕੁੱਲਗੜ੍ਹੀ, ਫ਼ਿਰੋਜ਼ਪੁਰ, 28 ਅਪ੍ਰੈਲ:**

ਫ਼ਿਰੋਜ਼ਪੁਰ ਵਿੱਚ ਸ਼ਾਨਦਾਰ 12ਵਾਂ ਆਈਡੀ ਅਬੈਕਸ ਰਾਜ-ਪੱਧਰੀ ਮੁਕਾਬਲਾ ਅਤੇ ਕਨਵੋਕੇਸ਼ਨ 2026 ਸਫਲਤਾਪੂਰਵਕ ਸਮਾਪਤ ਹੋਇਆ। ਵੱਖ-ਵੱਖ ਪੱਧਰਾਂ ਦੇ ਵਿਦਿਆਰਥੀਆਂ ਨੇ ਇਸ ਪ੍ਰੋਗਰਾਮ ਵਿੱਚ ਉਤਸ਼ਾਹ ਨਾਲ ਹਿੱਸਾ ਲਿਆ, ਪ੍ਰਭਾਵਸ਼ਾਲੀ ਢੰਗ ਨਾਲ ਆਪਣੀਆਂ ਤਿੱਖੀਆਂ ਮਾਨਸਿਕ ਗਣਨਾ ਯੋਗਤਾਵਾਂ, ਇਕਾਗਰਤਾ ਅਤੇ ਵਿਸ਼ਵਾਸ ਦਾ ਪ੍ਰਦਰਸ਼ਨ ਕੀਤਾ।ਵਿਜ਼ੂਅਲ ਆਰਟਸ ਮੁਕਾਬਲਾ ਇਸ ਪ੍ਰੋਗਰਾਮ ਦਾ ਇੱਕ ਮੁੱਖ ਆਕਰਸ਼ਣ ਸੀ, ਜਿਸ ਵਿੱਚ ਵਿਦਿਆਰਥੀਆਂ ਨੂੰ ਸਿਰਫ਼ 8 ਮਿੰਟਾਂ ਵਿੱਚ 200 ਸਵਾਲ ਹੱਲ ਕਰਨ ਦੀ ਚੁਣੌਤੀ ਦਿੱਤੀ ਗਈ ਸੀ। ਭਾਗੀਦਾਰਾਂ ਨੇ ਇਸ ਚੁਣੌਤੀਪੂਰਨ ਚੁਣੌਤੀ ਨੂੰ ਸ਼ਾਨਦਾਰ ਗਤੀ ਅਤੇ ਸ਼ੁੱਧਤਾ ਨਾਲ ਪੂਰਾ ਕਰਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ। ਪ੍ਰਿਯਾਂਸ਼ ਗੁਪਤਾ, ਦੇਵਾਂਸ਼ ਕੁਮਾਰ, ਵਿਹਾਨ ਬਾਂਸਲ ਅਤੇ ਯੁਵਾਨ ਗੁਪਤਾ ਨੇ ਇਸ ਸ਼੍ਰੇਣੀ ਵਿੱਚ ਸ਼ਾਨਦਾਰ ਪ੍ਰਦਰਸ਼ਨ ਕੀਤਾ, ਸੁਪਰ ਚੈਂਪੀਅਨ ਦਾ ਖਿਤਾਬ ਹਾਸਲ ਕੀਤਾ। ਜੇਤੂਆਂ ਨੂੰ ?1,100 ਦੇ ਨਕਦ ਇਨਾਮ ਅਤੇ ਟਰਾਫੀ ਨਾਲ ਸਨਮਾਨਿਤ ਕੀਤਾ ਗਿਆ।ਵੱਖ-ਵੱਖ ਪੱਧਰਾਂ 'ਤੇ ਸ਼ਾਨਦਾਰ ਪ੍ਰਦਰਸ਼ਨ ਕਰਨ ਵਾਲੇ ਵਿਦਿਆਰਥੀਆਂ ਨੂੰ ਟਰਾਫੀਆਂ ਵੀ ਦਿੱਤੀਆਂ ਗਈਆਂ। ਬੱਚਿਆਂ ਨੇ ਮੌਖਿਕ ਮੁਕਾਬਲੇ ਵਿੱਚ ਵੀ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕੀਤਾ, ਜਿੱਥੇ ਸੌਮੈ ਗੁਪਤਾ, ਰਿਜ਼ਵਾਨ ਅਤੇ ਦੇਵੇਸ਼ ਤੰਤੀਆ ਸੁਪਰ ਚੈਂਪੀਅਨ ਬਣ ਕੇ ਉਭਰੇ ਅਤੇ ਉਨ੍ਹਾਂ ਨੂੰ ਸਾਈਕਲਾਂ ਅਤੇ ਟਰਾਫੀਆਂ ਨਾਲ ਸਨਮਾਨਿਤ ਕੀਤਾ ਗਿਆ।ਪ੍ਰੋਗਰਾਮ ਦੀ ਮੇਜ਼ਬਾਨੀ ਡਾ: ਵਨੀਤਾ ਕਟਾਰੀਆ ਨੇ ਕੀਤੀ।ਇਹ ਪ੍ਰਭਾਵਸ਼ਾਲੀ ਢੰਗ ਨਾਲ ਕੀਤਾ ਗਿਆ ਸੀ. ਇਸ ਮੌਕੇ ਸ੍ਰੀ ਪਰਮਿੰਦਰ ਥਿੰਦ, ਸਰਦਾਰ ਗੁਰਨਾਮ ਭੁੱਲਰ, ਸ੍ਰੀ ਸੰਨੀ ਸਚਦੇਵਾ, ਸ੍ਰੀ ਸ਼ਿਵਮ ਕੱਕੜ, ਸ੍ਰੀ ਅਮਿਤ ਬੱਤਰਾ, ਡਾ: ਅਲੋਕ ਬੱਤਰਾ, ਸ੍ਰੀ ਸੂਰਜ ਮਹਿਤਾ, ਡਾ: ਕੁਲਵਿੰਦਰ ਨੰਦਾ ਅਤੇ ਸ੍ਰੀ ਨਿਰਮਲਜੀਤ ਅਰੋੜਾ ਸਮੇਤ ਕਈ ਪਤਵੰਤੇ ਹਾਜ਼ਰ ਸਨ। ਇਸ ਕਨਵੋਕੇਸ਼ਨ ਸਮਾਰੋਹ ਨੇ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੋਵਾਂ ਨੂੰ ਸਨਮਾਨਿਤ ਕੀਤਾ। ਇਸ ਸਮਾਗਮ ਨੇ ਦਿਖਾਇਆ ਕਿ ਸਹੀ ਮਾਰਗਦਰਸ਼ਨ ਅਤੇ ਅਭਿਆਸ ਨਾਲ, ਬੱਚੇ ਛੋਟੀ ਉਮਰ ਵਿੱਚ ਹੀ ਅਸਾਧਾਰਨ ਚੀਜ਼ਾਂ ਪ੍ਰਾਪਤ ਕਰ ਸਕਦੇ ਹਨ।







# ਧੂਰੀ ਦੀ ਜਿਆਂਸ਼ੀ ਸ਼ਰਮਾ ਨੇ ਪੰਜਾਬ ਚੋ ਤੀਜਾ ਰੈਂਕ ਹਾਸਲ ਕਰ ਧੂਰੀ ਦਾ ਨਾਂਅ ਚਮਕਾਇਆ



**ਆਜ਼ਾਦ ਸੋਚ, ਤਰਸੇਮ ਵਰਮਾ, ਧੂਰੀ, 28 ਅਪ੍ਰੈਲ:**

ਬੈਡਮਿੰਟਨ ਕੋਚ ਸੰਜੀਵ ਗੋਇਲ ਨੇ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਉਹਨਾਂ ਕੋਲ ਬੈਡਮਿੰਟਨ ਦੀ ਟ੍ਰੇਨਿੰਗ ਲੈ ਰਹੀ ਧੂਰੀ ਦੀ ਜਿਆਂਸ਼ੀ ਸ਼ਰਮਾਂ ਪੁੱਤਰੀ ਗਗਨ ਸ਼ਰਮਾ ਨੇ ਜਲੰਧਰ ਵਿਖੇ 24 ਤੋਂ 26 ਅਪ੍ਰੈਲ ਤੱਕ ਕਰਵਾਈ ਗਏ ਸਿੰਗਲ ਅਤੇ ਡਬਲ ਸਟੇਟ ਰੈਂਕਿੰਗ ਟੂਰਨਾਮੈਂਟ ਵਿੱਚ ਭਾਗ ਲਿਆ। ਇਹਨਾਂ ਮੁਕਾਬਲਿਆਂ ਵਿੱਚ ਸਾਰੇ ਪੰਜਾਬ ਚੋਂ ਕਰੀਬ 350 ਖਿਡਾਰੀਆਂ ਨੇ ਭਾਗ ਲਿਆ। ਜਿਆਂਸ਼ੀ ਸ਼ਰਮਾਂ ਨੇ ਵਧੀਆ ਪ੍ਰਦਰਸ਼ਨ ਕਰਦੇ ਹੋਏ ਅੰਡਰ-13 ਸਿੰਗਲ ਅਤੇ ਡਬਲ ਮੁਕਾਬਲਿਆਂ ਵਿੱਚ ਤੀਜਾ ਸਥਾਨ ਹਾਸਲ ਕੀਤਾ। ਧੂਰੀ ਦੀ ਉਭਰਦੀ ਖਿਡਾਰਨ ਜਿਆਂਸ਼ੀ ਸ਼ਰਮਾ ਰੋਬਿਨ ਮਾਡਲ ਸਕੂਲ ਦੇ ਇੰਡੋਰ ਬੈਡਮਿੰਟਨ ਹਾਲ ਚ ਕੋਚ ਸੰਜੀਵ ਗੋਇਲ ਅਤੇ ਡਾਕਟਰ ਮਨਿੰਦਰ ਧਾਲੀਵਾਲ ਦੀ ਨਿਗਰਾਨੀ ਚ ਨਿਯਮਤ ਅਭਿਆਸ ਕਰ ਰਹੀ ਹੈ। ਇਸ ਪੰਜਾਬ ਪੱਧਰ ਦੀ ਸ਼ਾਨਦਾਰ ਜਿੱਤ ਤੋਂ ਬਾਅਦ ਸ਼ਹਿਰ ਦੇ ਖੇਡ ਪ੍ਰੇਮੀਆਂ, ਪਰਿਵਾਰ ਅਤੇ ਸ਼ਹਿਰ ਨਿਵਾਸੀਆਂ ਚ ਖੁਸ਼ੀ ਦਾ ਮਾਹੌਲ ਹੈ। ਜਿੱਤ ਤੋਂ ਬਾਅਦ ਸਟੇਡੀਅਮ ਚ ਪਹੁੰਚਣ ਤੇ ਕੋਚ ਅਤੇ ਬਾਕੀ ਖਿਡਾਰੀਆਂ ਨੇ ਖਿਡਾਰਨ ਜਿਆਂਸ਼ੀ ਦਾ ਸ਼ਾਨਦਾਰ ਸਵਾਗਤ ਕੀਤਾ, ਰੌਬਿਨ ਮਾਡਲ ਸਕੂਲ ਦੀ ਡਾਇਰੈਕਟਰ ਮਧੂ ਸ਼ਰਮਾ ਨੇ ਇਸ ਜਿੱਤ ਤੇ ਵਧਾਈ ਦਿੰਦੇ ਹੋਏ ਭਵਿੱਖ ਵਿੱਚ ਹੋਰ ਵੱਡੇ ਮੁਕਾਮ ਹਾਸਲ ਕਰਨ ਲਈ ਅਸ਼ੀਰਵਾਦ ਦਿੱਤਾ। ਇਸ ਮੌਕੇ ਹਰਸ਼ ਜਿੰਦਲ ਐਡਵੋਕੇਟ, ਸਰਦਾਰ ਤਰਲੋਚਨ ਸਿੰਘ, ਪੁਨੀਤ ਕੌਸ਼ਲ ਐਡਵੋਕੇਟ, ਸੁਮਿਤ ਗਰਗ ਅਤੇ ਰਾਜੇਸ਼ ਕੁਮਾਰ ਆਰੀਆ ਵੀ ਮੌਜੂਦ ਸਨ।

# 'ਮਾਰੂਥਲ ਦੇ ਬਿਰਖ' ਅਤੇ ਕਾਮਰੇਡ ਜੋਗਾ ਦੀ ਜ਼ਿੰਦਗੀ ਸਬੰਧੀ ਕਿਤਾਬਾਂ ਕੀਤੀਆਂ ਰਲੀਜ਼

**ਅਜਾਦ ਸੋਚ, ਸ਼ੰਭੂ ਗੋਇਲ, ਲਹਿਰਾਗਾਗਾ, 28 ਅਪ੍ਰੈਲ:**



ਸਾਹਿਤਕ ਖੇਤਰ ਵਿੱਚ ਪੰਜਾਬ ਦੇ ਵੱਖ-2 ਸਾਹਿਤਕਾਰਾਂ ਵੱਲੋਂ ਇੱਕ ਅਹਿਮ ਪੁਲਾਂਘ ਪੁੱਟਦਿਆਂ ਡਾ. ਦੇਵ ਰਾਜ ਡੀ.ਏ.ਵੀ. ਪਬਲਿਕ ਸਕੂਲ ਲਹਿਰਾ ਵਿਖੇ ਸਨਮਾਨ ਕਮੇਟੀ ਵੱਲੋਂ 'ਲੋਕ ਅਰਪਣ ਸਮਾਰੋਹ' ਦਾ ਆਯੋਜਨ ਕੀਤਾ ਗਿਆ।ਇਸ ਸਮਾਗਮ ਬਾਰੇ ਵਿਸਥਾਰ ਪੂਰਵਕ ਜਾਣਕਾਰੀ ਦਿੰਦਿਆ ਜਗਜੀਤ ਭੁਟਾਲ, ਪ੍ਰਵੀਨ ਖੋਖਰ, ਸਤਵੰਤ ਸਿੰਘ ਖੰਡੇਬਾਦ, ਲਛਮਣ ਸਿੰਘ ਅਲੀਸ਼ੇਰ, ਰਘਵੀਰ ਸਿੰਘ ਭੁਟਾਲ, ਡਾ. ਸੁਖਜਿੰਦਰ ਲਾਲੀ, ਬਲਦੇਵ ਸਿੰਘ ਚੀਮਾਂ ਨੇ ਦੱਸਿਆ ਕਿ ਇਸ ਪ੍ਰੋਗਰਾਮ ਵਿੱਚ ਪੰਜਾਬ ਦੇ ਵੱਖ-ਵੱਖ ਕੋਨਿਆਂ ਤੋਂ ਪ੍ਰਗਤੀਸ਼ੀਲ ਵਿਚਾਰਾਂ ਦੇ ਧਾਰਨੀ, ਸਾਹਿਤਕਾਰਾਂ, ਬੁੱਧੀਜੀਵੀਆਂ ਤੋਂ ਇਲਾਵਾ ਹੋਰ ਪ੍ਰਮੁੱਖ ਸਖਸ਼ੀਅਤਾਂ ਨੇ ਸ਼ਮੂਲੀਅਤ ਕੀਤੀ । ਇਸ ਸਮੇਂ ਮਾ. ਰਤਨਪਾਲ ਡੂਡੀਆ ਦੁਆਰਾ ਦੇਸ ਰਾਜ ਛਾਜ਼ਲੀ ਦੀ ਪੁਸਤਕ 'ਪ੍ਰਸਿੱਧ ਅਜ਼ਾਦੀਏ ਘੁਲਾਟੀਏ ਕਾਮਰੇਡ ਜੰਗੀਰ ਸਿੰਘ ਜੋਗਾ ਦੀ ਜ਼ਿੰਦਗੀ' 'ਤੇ ਅਧਾਰਿਤ ਪੁਸਤਕ 'ਤੇ ਵਿਚਾਰ-ਵਟਾਂਦਰਾ ਕਰਦਿਆਂ ਕਿਹਾ ਕਿ ਇਹ ਕਾਵਿ-ਕਿੱਸਾ, ਕਾਵਿ ਦੇ ਰੂਪ ਵਿੱਚ ਲਿਖਿਆ ਹੋਇਆ ਹੈ । ਉਨ੍ਹਾਂ ਉੱਘੇ ਲੇਖਕ ਗੁਰਮੇਲ ਸਿੰਘ ਸਨੀ ਦੀ ਪੁਸਤਕ 'ਮਾਰੂਥਲ ਦੇ ਬਿਰਖ' ਬਾਰੇ ਦੱਸਦਿਆ ਕਿਹਾ ਕਿ ਇਸ ਵਿੱਚ ਲੇਖਕ ਨੇ ਖੁਦ ਦੇ ਨਾਲ-ਨਾਲ ਸਮਾਜ ਦਾ ਦਰਦ, ਮਨੁੱਖੀ ਪੀੜ੍ਹਾਂ ਅਤੇ ਸੰਵੇਦਨਾ ਨੂੰ ਚਰਚਾ ਦਾ ਵਿਸ਼ਾ ਬਣਾਇਆ ਅਤੇ ਉਸਦੀ ਕਲਾਤਮਕਤਾ ਪ੍ਰਤੀਕ, ਬਿੰਬ ਅਤੇ ਸ਼ਬਦਾਂ ਦੀ ਜਾਦੂਗਰੀ ਨੂੰ ਉਘਾੜਿਆ ਹੈ । ਇਸ ਤੋਂ ਬਾਅਦ ਮਾ. ਜੀਵਨ ਰਾਮ ਚੋਟੀਆਂ ਜੋ ਜਮਹੂਰੀ ਲਹਿਰ ਦੇ ਆਗੂ ਅਤੇ ਇੱਕ ਚੰਗੇ ਅਧਿਆਪਕ ਵਜੋਂ ਸਮਾਜ ਵਿੱਚ ਵਿਚਰੇ, ਬਾਰੇ ਵੀ ਚਰਚਾ ਕੀਤੀ ਗਈ । ਇਸ ਸਮੇਂ ਪ੍ਰੋ. ਜਗਤਾਰ ਸਿੰਘ ਜੋਗਾ ਨੇ ਵੀ ਦੇਸ਼ ਭਗਤ ਅਤੇ ਅਜ਼ਾਦੀ ਘੁਲਾਟੀਏ ਸਾਥੀ ਜੰਗੀਰ ਸਿੰਘ ਜੋਗਾ ਅਤੇ ਹੋਰ ਸਾਹਿਤਕ, ਸਮਾਜਿਕ ਪਹਿਲੂਆਂ 'ਤੇ ਚਰਚਾ ਕੀਤੀ।ਗੁਰਮੀਤ ਸਿੰਘ ਜੋ ਕਿ ਜੰਗੀਰ ਸਿੰਘ ਜੋਗਾ ਦੇ ਭਤੀਜੇ ਹਨ, ਨੇ ਵੀ ਆਪਣੇ ਪਰਿਵਾਰ ਦੇ ਜੀਵਨ ਸੰਘਰਸ਼ ਅਤੇ ਨਿਭਾਏ ਰੋਲ ਬਾਰੇ ਵਿਸਥਾਰ ਪੂਰਵਕ ਵਿਚਾਰ ਰੱਖੇ । ਸਨਮਾਨ ਕਮੇਟੀ ਵੱਲੋਂ ਦੇਸ ਰਾਜ ਛਾਜ਼ਲੀ, ਗੁਰਮੇਲ ਸਿੰਘ ਸਨੀ ਅਤੇ ਮਾ. ਜੀਵਨ ਰਾਮ ਚੋਟੀਆਂ ਦਾ ਸਨਮਾਨ ਕੀਤਾ ਗਿਆ । ਸਟੇਜ਼ ਸਕੱਤਰ ਦੀ ਭੂਮਿਕਾ ਰਘਵੀਰ ਸਿੰਘ ਭੁਟਾਲ ਨੇ ਨਿਭਾਈ ਜਦੋਂ ਕਿ ਸ੍ਰ ਜਗਜੀਤ ਸਿੰਘ ਭੁਟਾਲ ਨੇ ਵੱਖ-ਵੱਖ ਸਖਸ਼ੀਅਤਾਂ ਦਾ ਪ੍ਰੋਗਰਾਮ ਵਿੱਚ ਸ਼ਿਰਕਤ ਕਰਨ 'ਤੇ ਜੀ ਆਇਆ ਨੂੰ ਆਖਿਆ ਤੇ ਕਾਮਰੇਡ ਸਤਵੰਤ ਸਿੰਘ ਖੰਡੇਬਾਦ ਨੇ ਸਭਨਾਂ ਦਾ ਧੰਨਵਾਦ ਕੀਤਾ । ਪ੍ਰੋਗਰਾਮ ਵਿੱਚ ਐਡਵੋਕੇਟ ਪ੍ਰੇਮਪਾਲ ਅਲੀਸ਼ੇਰ, ਪ੍ਰਵੀਨ ਖੋਖਰ, ਪੂਰਨ ਖਾਈ, ਤਾਰਾ ਸਿੰਘ ਜਵਾਹਰਵਾਲਾ ਦੇ ਪਰਿਵਾਰਕ ਮੈਂਬਰਾਂ ਦੇ ਨਾਲ-ਨਾਲ ਜੰਗੀਰ ਸਿੰਘ ਜੋਗਾ ਦੇ ਪਰਿਵਾਰਕ ਮੈਂਬਰ ਤੋਂ ਇਲਾਵਾ ਦਰਸ਼ਨ ਸਿੰਘ ਢੀਂਡਸਾ, ਗੁਰਪਿਆਰ ਸਿੰਘ ਕਾਲਬੰਜ਼ਾਰਾ, ਰਾਮਫਲ ਰਾਜਲਹੇੜੀ, ਰਾਮਪਾਲ ਸਿੰਘ ਬਹਿਣੀਵਾਲ, ਛੱਜੂ ਸਿੰਘ ਸਰਪੰਚ , ਬਲਦੇਵ ਨਿਮਰ, ਬਲਦੇਵ ਚੀਮਾਂ, ਲਛਮਣ ਅਲੀਸ਼ੇਰ, ਛੱਜੂ ਸਿੰਘ ਕਾਲਬੰਜਾਰਾ, ਡਾ. ਸੁਖਜਿੰਦਰ ਲਾਲੀ, ਡਾ. ਬਿਹਾਰੀ ਮੰਡੇਰ, ਰਾਮਚੰਦਰ ਖਾਈ, ਡਾ. ਬਲਰਾਜ਼, ਬਰਿੰਦਰ ਸਿੰਘ, ਡਾ. ਜਗਦੀਸ਼ ਪਾਪੜਾ, ਜਸਵੀਰ ਚੋਟੀਆਂ, ਜੱਸੀ ਪੇਦਨੀ, ਮੱਖਣ ਸੇਖੂਵਾਸ, ਜੋਗਾ ਸਿੰਘ ਪਟਿਆਲਾ ਸਮੇਤ ਹੋਰ ਵੀ ਪ੍ਰਮੁੱਖ ਸਖਸ਼ੀਅਤਾਂ ਹਾਜ਼ਰ ਸਨ ।

# ਧੂਰੀ ਵਿੱਚ ਗਊ ਨੂੰ ਰਾਸ਼ਟਰੀ ਮਾਤਾ ਦਾ ਦਰਜਾ ਦਿਵਾਉਣ ਲਈ ਮੰਗ ਪੱਤਰ ਸੌਂਪਿਆ

## ਸੰਤ ਸਮਾਜ ਦੀ ਮੁਹਿੰਮ ਤਹਿਤ ਗਊ ਭਗਤਾਂ ਵੱਲੋਂ ਐਸਡੀਐਮ ਨੂੰ ਦਿੱਤੇ ਗਏ 11 ਹਜ਼ਾਰ ਦਸਤਖਤੀ ਮੰਗ ਪੱਤਰ

**ਆਜ਼ਾਦ ਸੋਚ, ਤਰਸੇਮ ਵਰਮਾ, ਧੂਰੀ, 28 ਅਪ੍ਰੈਲ:**

ਭਾਰਤ ਵਰਸ਼ ਸੰਤ ਸਮਾਜ ਵੱਲੋਂ ਸ਼ੁਰੂ ਕੀਤੀ ਗਈ ਗਊ ਨੂੰ ਰਾਸ਼ਟਰੀ ਮਾਤਾ ਦਾ ਦਰਜਾ ਦਿਵਾਉਣ ਲਈ ਚਲ ਰਹੀ ਦੇਸ਼-ਪੱਧਰੀ ਮੁਹਿੰਮ ਤਹਿਤ ਧੂਰੀ ਵਿਖੇ ਵੀ ਵਿਸ਼ੇਸ਼ ਕਾਰਜਕ੍ਰਮ ਆਯੋਜਿਤ ਕੀਤਾ ਗਿਆ। ਇਸ ਦੌਰਾਨ ਪ੍ਰਧਾਨ ਗਊਧਾਮ ਹਸਪਤਾਲ ਕੱਕੜਵਾਲ ਧੂਰੀ ਤੇ ਤਹਿਸੀਲ ਪ੍ਰਭਾਰੀ ਰੋਮੀ ਦੀ ਅਗਵਾਈ ਹੇਠ ਵੱਡੀ ਗਿਣਤੀ ਵਿੱਚ ਗਊ ਭਗਤ ਇਕੱਠੇ ਹੋਏ ਅਤੇ ਦਸਤਖ਼ਤ ਕੀਤੇ ਮੰਗ ਪੱਤਰ ਐਸ ਡੀ.ਐਮ ਧੂਰੀ ਮੈਡਮ ਇਸਮਤ ਵਿਜੈ ਸਿੰਘ ਨੂੰ ਸੌਂਪਿਆ ਗਿਆ। ਇਸ ਮੌਕੇ ਭੁਪਿੰਦਰਪਾਲ ਗੋਇਲ ਮਿੱਠਾ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ 27 ਅਪ੍ਰੈਲ ਨੂੰ ਪੂਰੇ ਭਾਰਤ ਵਿੱਚ ਲਗਭਗ 5000 ਤਹਿਸੀਲਾਂ ਵਿੱਚ ਗਊ ਨੂੰ ਰਾਸ਼ਟਰੀ ਮਾਤਾ ਦਾ ਦਰਜਾ ਦੇਣ ਲਈ ਮੰਗ ਪੱਤਰ ਸੌਂਪਣ ਦੀ ਮੁਹਿੰਮ ਚਲਾਈ ਜਾ ਰਹੀ ਹੈ ਅਤੇ ਧੂਰੀ ਤਹਿਸੀਲ ਵੱਲੋਂ 11000 ਫਾਰਮ ਭਰ ਕੇ ਦਿੱਤੇ ਗਏ। ਇਸੇ ਤਹਿਤ ਧੂਰੀ ਵਿੱਚ ਵੀ ਕਰੀਬ 50 ਗੱਡੀਆਂ ਦੇ ਕਾਫ਼ਿਲੇ ਨਾਲ ਗਊ ਭਗਤ ਐਸ.ਡੀ.ਐਮ ਦਫਤਰ ਪਹੁੰਚੇ ਅਤੇ ਮੰਗ ਪੱਤਰ ਸੌਂਪਣ ਦੀ ਕਾਰਵਾਈ ਸਫਲਤਾਪੂਰਵਕ ਪੂਰੀ ਕੀਤੀ ਗਈ। ਇਸ ਦੌਰਾਨ ਭੁਪਿੰਦਰ ਪਾਲ ਮਿੱਠਾ, ਸੁਮੇਰ ਚੰਦ ਬਾਬਾ ਜੀ, ਆਸ਼ੂ, ਵਿਕਾਸ ਜੈਨ, ਧਰਮਪਾਲ, ਹੰਸ ਰਾਜ, ਦਰਸ਼ਨ ਖੁਰਮੀ, ਅਸ਼ੀਸ਼ ਗਰਗ, ਅੰਕੁਰ ਜਿੰਦਲ, ਉਪੇਸ਼ ਜਿੰਦਲ ਅਤੇ ਬਸੰਤ ਕੁਮਾਰ ਸਮੇਤ ਹੋਰ ਕਈ ਪ੍ਰਮੁੱਖ ਸ਼ਖਸੀਅਤਾਂ ਮੌਜੂਦ ਰਹੀਆਂ। ਇਸ ਮੌਕੇ ਡਾ. ਰਾਕੇਸ਼ ਕੁਮਾਰ, ਸ਼ਾਮ ਪਰਿਵਾਰ ਸੁਸਾਇਟੀ, ਗਊਧਾਮ ਹਸਪਤਾਲ ਕੱਕੜਵਾਲ ਧੂਰੀ ਦੇ ਮੈਂਬਰਾਂ ਅਤੇ ਸ਼ਹਿਰ ਨਿਵਾਸੀਆਂ ਵੱਲੋਂ ਭਰਪੂਰ ਸਹਿਯੋਗ ਦਿੱਤਾ ਗਿਆ। ਹਾਜ਼ਰ ਸਾਰੇ ਲੋਕਾਂ ਵੱਲੋਂ ਗਊ ਦਾ ਸਨਮਾਨ ਕਰਦੇ ਹੋਏ ਗਊ ਨੂੰ ਰਾਸ਼ਟਰੀ ਮਾਤਾ ਦਾ ਦਰਜਾ ਦੇਣ ਲਈ ਪੁਰਜ਼ੋਰ ਮੰਗ ਕੀਤੀ ਗਈ।



# ਸੀਟੂ ਵੱਲੋਂ ਸਪੋਰਟਕਿੰਗ ਦੇ ਵਰਕਰਾਂ ਦੇ ਸੰਘਰਸ਼ ਵਿਚ ਸਮਰਥਨ ਦੇਣ ਦਾ ਐਲਾਨ



**ਆਜ਼ਾਦ ਸੋਚ, ਗੁਰਪ੍ਰੀਤ ਸਿੰਘ ਖਾਲਸਾ, ਲੌਂਗੋਵਾਲ,28 ਅਪ੍ਰੈਲ:**

ਸੈਂਟਰ ਆਫ਼ ਇੰਡੀਅਨ ਟਰੇਡ ਯੂਨੀਅਨਜ (ਸੀਟੂ) ਦੇ ਆਲ ਇੰਡੀਆ ਸਕੱਤਰ ਭੈਣ ਊਸ਼ਾ ਰਾਣੀ ਸੂਬਾਈ ਪ੍ਰਧਾਨ ਸਾਥੀ ਚੰਦਰ ਸ਼ੇਖਰ ਜਨਰਲ ਸਕੱਤਰ ਸਾਥੀ ਮਹਾਂ ਸਿੰਘ ਰੌੜੀ ਨੇ ਸੀਟੂ ਦੀ ਸੂਬਾਈ ਵਰਕਿੰਗ ਕਮੇਟੀ ਵੱਲੋਂ ਸਪੋਰਟਕਿੰਗ - ਜੈਤੋਂ ਦੇ ਵਰਕਰਾਂ ਵੱਲੋਂ ਘੱਟੋ - ਘੱਟ ਉਜ਼ਰਤਾਂ ਦੇ ਵਾਧੇ ਲਈ ,8 ਘੰਟੇ ਦਿਹਾੜੀ ਦੀ ਮੰਗ ਅਤੇ ਲੜਕੀਆਂ ਨਾਲ ਕੀਤੀ ਜਾ ਰਹੀ ਧੱਕੇਸ਼ਾਹੀ ਤੇ ਦੁਰਵਿਵਹਾਰ ਬੰਦ ਕਰਨ ਦੀਆਂ ਮੰਗਾਂ ਅਤੇ ਲੜੇ ਜਾ ਰਹੇ ਸੰਘਰਸ਼ ਦੇ ਸਮਰਥਨ ਦਾ ਐਲਾਨ ਕੀਤਾ । ਸੀਟੂ ਆਗੂਆਂ ਨੇ ਜ਼ਿਲ੍ਹਾ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਹੈ ਕਿ ਵਰਕਰ ਅਪਣੀਆਂ ਹੱਕੀ ਅਤੇ ਜਾਇਜ ਮੰਗਾਂ ਲਈ ਸੰਘਰਸ਼ ਕਰ ਰਹੀਆਂ ਔਰਤਾਂ ਤੇ ਜ਼ਬਰ ਕਰਨਾਂ ਬੰਦ ਕਰਨ ਅਤੇ ਪੰਜਾਬ ਸਰਕਾਰ ਮਿਲ ਮਾਲਕਾਂ ਦੀ ਚਾਕਰ ਬਣਨ ਦੀ ਬਜਾਏ ਵਰਕਰਾਂ ਦੀਆਂ ਜਾਇਜ਼ ਮੰਗਾਂ ਮਨਵਾਉਣ ਦਾ ਗੰਭੀਰਤਾ ਨਾਲ ਯਤਨ ਕਰੇ ਅਤੇ ਅਪਣੀ ਸੰਵਿਧਾਨਕ ਜ਼ਿੰਮੇਵਾਰੀ ਨਿਭਾਉਣਾ ਯਕੀਨੀ ਬਣਾਏ।

# ਬਿਜਲੀ ਦੇ ਕੱਟਾਂ ਤੋਂ ਤੰਗ ਕਿਸਾਨ ਯੂਨੀਅਨ ਨੇ ਕੀਤੀ ਨਾਅਰੇਬਾਜੀ

**ਆਜ਼ਾਦ ਸੋਚ, ਸੋਹਨ ਸਿੰਘ ਸੋਢੀ, ਭਵਾਨੀਗੜ੍ਹ, 28 ਅਪ੍ਰੈਲ :**

ਅੱਜ ਭਾਰਤੀ ਕਿਸਾਨ ਯੂਨੀਅਨ (ਡਕੌਂਦਾ) ਵਲੋਂ ਬਿਜਲੀ ਦੇ ਮਾੜੇ ਪ੍ਰਬੰਧਾਂ ਕਾਰਨ ਐਸ ਡੀ ਓ ਬਿਜਲੀ ਬੋਰਡ ਭਵਾਨੀਗੜ੍ਹ ਦੇ ਦਫਤਰ ਅੱਗੇ ਰੋਸ ਧਰਨਾ ਦਿੱਤਾ ਗਿਆ। ਧਰਨੇ ਨੂੰ ਸੰਬੋਧਨ ਕਰਦਿਆਂ ਯੂਨੀਅਨ ਦੇ ਸੂਬਾ ਆਗੂ ਗੁਰਮੀਤ ਸਿੰਘ ਭੱਟੀਵਾਲ ਨੇ ਕਿਹਾ ਕਿ ਗਰਮੀ ਦਾ ਸੀਜਨ ਸ਼ੁਰੂ ਹੁੰਦਿਆਂ ਹੀ ਬਿਜਲੀ ਮਹਿਕਮੇ ਵਲੋਂ ਧੜਾ ਧੜ ਬਿਜਲੀ ਦੇ ਕੱਟਾਂ ਨੇ ਲੋਕਾਂ ਦੇ ਨੱਕ ਵਿਚ ਦਮ ਕਰ ਰੱਖਿਆ ਹੈ। ਗਰੀਬ ਆਦਮੀ ਨੂੰ ਜਿੰਦਗੀ ਜਿਉਣਾ ਬੁਹੁਤ ਦੁਭਰ ਹੋਇਆ ਪਿਆ। ਬਿਜਲੀ ਆਗੀ, ਬਾਗੀ, ਆਗੀ-ਬਾਗੀ ਵਾਲਾ ਕੰਮ ਹੋਇਆ ਪਿਆ ਹੈ। ਕਿਸਾਨਾਂ ਨੂੰ ਮੱਕੀ ਅਤੇ ਹੋਰ ਹਰੇ ਚਾਰੇ ਨੂੰ ਪਾਣੀ ਲਾਉਣ ਲਈ ਬਿਜਲੀ ਦੀ ਬਹੁਤ ਜਿਆਦਾ ਲੋੜ ਹੈ ਪਰੰਤੂ ਸਰਕਾਰ ਕੋਲ ਦੇਣ ਲਈ ਬਿਜਲੀ ਨਹੀਂ ਹੈ। ਬਿਜਲੀ ਕੱਟਾਂ ਕਾਰਨ ਲੋਕਾਂ ਦਾ ਜਿਉਣਾ ਮੁਹਾਲ ਹੋਇਆ ਪਿਆ ਹੈ। ਬੱਚੇ ਅਤੇ ਬੁੱਢੇ ਬਿਜਲੀ ਨਾ ਆਉਣ ਕਾਰਨ ਬਹੁਤ ਪ੍ਰੇਸ਼ਾਨ ਹੋ ਰਹੇ ਹਨ। ਕਿਸਾਨ ਜਥੇਬੰਦੀ ਨੇ ਚਿਤਾਵਨੀ ਦਿੱਤੀ ਕਿ ਜੇਕਰ ਬਿਜਲੀ ਪ੍ਰਬੰਧਾਂ ਵਿਚ ਸੁਧਾਰ ਨਾ ਹੋਇਆਂ ਤਾਂ ਜਥੇਬੰਦੀ ਅਗਲੀ ਸੰਘਰਸ਼ ਤਿੱਖਾ ਕਰੇਗੀ ਜਿਸਦੀ ਜਿੰਮੇਵਾਰ ਪੰਜਾਬ ਸਰਕਾਰ ਅਤੇ ਪਾਵਰਕਾਮ ਦੀ ਹੋਵੇਗੀ। ਵਿਭਾਗ ਦੇ ਐਸਡੀਓ ਵਲੋਂ ਭਰੋਸਾ ਦਿੱਤੇ ਜਾਣ ਮਗਰੋਂ ਧਰਨਾ ਚੁੱਕ ਦਿੱਤਾ ਗਿਆ। ਇਸ ਮੌਕੇ ਕਰਮ ਸਿੰਘ ਬਲਿਆਲ, ਧਿਆਨ ਸਿੰਘ ਭੱਟੀਵਾਲ, ਚਮਕੌਰ ਸਿੰਘ ਭੱਟੀਵਾਲ, ਬੁੱਧ ਸਿੰਘ, ਕੁਲਵਿੰਦਰ ਸਿੰਘ, ਹਾਕਮ ਸਿੰਘ, ਜਰਨੈਲ ਸਿੰਘ ਸਮੇਤ ਵੱਡੀ ਗਿਣਤੀ ਵਿਚ ਕਿਸਾਨ ਹਾਜ਼ਰ ਸਨ।



## ਕਿਸਾਨ ਵੀਰੋ ਸਰਕਾਰੀ ਸਕੀਮਾਂ ਦਾ ਸਿੱਧਾ ਲਾਭ ਲੈਣ ਲਈ ਫਾਰਮਰ ਆਈਡੀ ਜਰੂਰ ਬਣਾਓ: ਡਾਕਟਰ ਧਾਲੀਵਾਲ

**ਆਜ਼ਾਦ ਸੋਚ, ਰਮਨਦੀਪ ਕੁੱਲਗੜ੍ਹੀ, ਫਿਰੋਜ਼ਪੁਰ, 28 ਅਪ੍ਰੈਲ:**

ਕਿਸਾਨ ਭਾਈਚਾਰੇ ਨੂੰ ਲੋੜੀਂਦੇ ਲਾਭ ਦੇ ਕੇ ਉਹਨਾਂ ਦੇ ਜੀਵਨ ਪੱਧਰ ਨੂੰ ਉੱਚਾ ਚੁੱਕ ਆਰਥਿਕਤਾ ਨੂੰ ਹੁਲਾਰਾ ਦੇਣ ਅਤੇ ਖੇਤੀਬਾੜੀ ਲਈ ਲੋੜੀਦੇ ਸੰਦਾਂ, ਬੀਜਾਂ ਆਦਿ ਸਰਕਾਰੋਂ ਆਉਂਦੀਆਂ ਸਬਸਿਡੀਆਂ ਆਦਿ ਵਸਤੂਆਂ ਦਾ ਸਿੱਧਾ ਲਾਭ ਦੇਣ ਲਈ ਕੇਂਦਰ ਸਰਕਾਰ ਵੱਲੋਂ ਕਿਸਾਨ ਭਾਈਚਾਰੇ ਤੱਕ ਆਸਾਨੀ ਨਾਲ ਲਾਭ ਪਹੁੰਚਾਉਣ ਲਈ ਡਿਜੀਟਲ ਰਿਕਾਰਡ ਬਣਾਇਆ ਜਾ ਰਿਹਾ ਜਿਸ ਵਿੱਚ ਕਿਸਾਨ ਦੀ ਆਈਡੀ ਬਣੇਗੀ ਤਾਂ ਜੋ ਉਸਦਾ ਸਿੱਧਾ ਸਰਕਾਰ ਨਾਲ ਅਤੇ ਖੇਤੀਬਾੜੀ ਵਿਭਾਗ ਨਾਲ ਸੰਪਰਕ ਬਣਿਆ ਰਹੇ ਆਉਣ ਵਾਲੇ ਸਮੇਂ ਚ ਸਰਕਾਰੀ ਸਕੀਮਾਂ ਦਾ ਲਾਭ ਲੈਣ ਲਈ ਕਿਸਾਨ ਦੀ ਫਾਰਮਰ ਆਈਡੀ ਹੁਣ ਅਤਿ ਜਰੂਰੀ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਖੇਤੀਬਾੜੀ ਬਲਾਕ ਅਫਸਰ ਡਾਕਟਰ ਅਮਰਜੀਤ ਸਿੰਘ ਧਾਲੀਵਾਲ ਨੇ ਕੀਤਾ। ਵਿਸਥਾਰ ਨਾਲ ਗੱਲਬਾਤ ਕਰਦਿਆਂ ਉਹਨਾਂ ਦੱਸਿਆ ਕਿ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਮੁੱਖ ਖੇਤੀਬਾੜੀ ਜਿਲਾ ਫਿਰੋਜ਼ਪੁਰ ਅਫਸਰ ਡਾਕਟਰ ਬਲਵਿੰਦਰ ਸਿੰਘ ਅਤੇ ਡਾਕਟਰ ਜਸਵਿੰਦਰ ਸਿੰਘ ਬਲਾਕ ਖੇਤੀ ਬਾੜੀ ਅਫਸਰ ਘੱਲ ਖੁਰਦ ਤੇ ਦਿਸ਼ਾ ਨਿਰਦੇਸ਼ਾਂ ਤੇ ਕਿਸਾਨ ਭਰਾਵਾਂ ਨੂੰ ਬੇਨਤੀ ਅਤੇ ਅਪੀਲ ਹੈ ਕਿ ਉਹ ਆਪਣੇ ਰਝੇਵਿਆਂ ਵਿੱਚੋਂ ਸਮਾਂ ਕੱਢ ਕੇ ਫਾਰਮਰ ਆਈਡੀ ਜਰੂਰ ਬਣਾਉਣ ਤਾਂ ਜੋ ਸਰਕਾਰੀ ਸਕੀਮਾਂ ਦਾ ਲਾਭ ਲੈਣ ਸਮੇਂ ਕੋਈ ਉਲਝਣ ਪੈਦਾ ਨਾ ਹੋਵੇ।



ਉਹਨਾਂ ਦੱਸਿਆ ਕਿ ਫਾਰਮਰ ਆਈਡੀ ਰਜਿਸਟਰ ਹੋਣ ਬਾਅਦ ਕਿਸਾਨ ਨੂੰ ਸਾਰੀਆਂ ਸਕੀਮਾਂ ਦਾ ਲਾਭ ਸਿੱਧਾ ਮਿਲੇਗਾ। ਸਬਸਿਡੀ ਅਤੇ ਆਰਥਿਕ ਸਹਾਇਤਾ ਉਸ ਦੇ ਖਾਤਿਆਂ ਚ ਮਿਲਿਆ ਕਰੇਗੀ। ਇਸ ਆਈਡੀ ਨਾਲ ਕਿਸਾਨ ਸਮੇਂ ਦਾ ਹਾਣੀ ਬਣ ਕੇ ਆਪਣਾ ਡਿਜੀਟਲ ਰਿਕਾਰਡ ਵੀ ਕਾਇਮ ਕਰ ਸਕੇਗਾ ਅਤੇ ਨਵੀਆਂ ਯੋਜਨਾ ਵਿੱਚ ਲਾਭ ਲੈਣ ਸਮੇਂ ਪਹਿਲ ਹਾਸਿਲ ਕਰੇਗਾ। ਡਾਕਟਰ ਧਾਲੀਵਾਲ ਨੇ ਦੱਸਿਆ ਕਿ ਦੇਸ਼ ਦਾ ਕਿਸਾਨ ਫਾਰਮਰ ਆਈਡੀ ਬਣਵਾ ਕੇ ਪ੍ਰਧਾਨ ਮੰਤਰੀ ਸਨਮਾਨ ਨਿਧੀ ਕਿਸਾਨ ਯੋਜਨਾ ਤਹਿਤ ਮਿਲਣ ਵਾਲੀਆਂ ਵਿੱਤੀ ਕਿਸ਼ਤਾਂ, ਖੇਤੀਬਾੜੀ ਲੋੜੀਦੇ ਸਬਸਿਡੀ ਸੰਦ ਆਦ ਵਿਭਾਗ ਅਤੇ ਸਰਕਾਰ ਤੋਂ ਕਿਸਾਨ ਸਹਾਇਤਾ ਲਈ ਚੁੱਕੇ ਜਾਂਦੇ ਕਦਮਾਂ ਅਤੇ ਦਿੱਤੀਆਂ ਦੀਆਂ ਸਕੀਮਾਂ ਦਾ ਲਾਭ ਆਸਾਨੀ ਨਾਲ ਲੈ ਸਕੇਗਾ। ਉਹਨਾ ਕਿਹਾ ਕਿ ਇਹ ਕਾਰਡ ਪ੍ਰਧਾਨ ਮੰਤਰੀ ਕਿਸਾਨ ਖਾਤੇ ਨਾਲ ਵੀ ਜੁੜੇਗਾ। ਉਨਾ ਕਿਹਾ ਕਿ ਫਾਰਮਰ ਆਈਡੀ ਨਾਲ ਕਿਸਾਨ ਦੀ ਜਮੀਨੀ ਰਿਕਾਰਡ ਤਸਦੀਕ ਪੱਕੀ ਹੋ ਜਾਵੇਗੀ ਅਤੇ ਉਸ ਨੂੰ ਕਿਸੇ ਵੀ ਆਉਣ ਵਾਲੇ ਸਮੇਂ ਹੋਰ ਪਰੂਫ ਨਹੀਂ ਦੇਣਾ ਪਵੇਗਾ। ਖੇਤੀਬਾੜੀ ਵਿਭਾਗ ਬਲਾਕ ਘੱਲ ਖੁਰਦ ਨੇ ਕਿਸਾਨ ਭਾਈਚਾਰੇ ਨੂੰ ਅਪੀਲ ਕੀਤੀ ਕਿ ਉਹ ਬਿਨਾਂ ਕਿਸੇ ਦੇਰੀ ਤੋਂ ਆਪਣੀ ਫਾਰਮਰ ਆਈਡੀ ਤੁਰੰਤ ਬਣਵਾਉਣ ਆਪਣੀ ਨੇੜਲੇ ਕਾਮਨ ਸਰਵਿਸ ਸੈਂਟਰ ਵਿੱਚ ਜਾ ਕੇ ਇਹ ਲਾਭ ਹਾਸਿਲ ਕਰ ਸਕਦੇ ਹਨ। ਉਹਨਾਂ ਕਿਹਾ ਕਿ ਆਈਡੀ ਰਜਿਸਟਰੇਸ਼ਨ ਕਰਵਾਉਣ ਸਮੇਂ ਕਿਸਾਨ ਆਪਣਾ ਜਮੀਨ ਦੀ ਫਰਦ ਜਮਾਂਬੰਦੀ, ਮੋਬਾਇਲ ਨੰਬਰ ਨਾਲ ਲਿੰਕ ਅਧਾਰ ਕਾਰਡ, ਪੇਨ ਕਾਰਡ ਨਾਲ ਲੈ ਕੇ ਜਾਣ ਅਤੇ ਆਈਡੀ ਬਣਵਾ ਕੇ ਆਉਣ ਵਾਲੇ ਸਮੇਂ ਲਾਭਪਾਤਰੀ ਵਾਲੇ ਲਾਭ ਉਠਾਉਣ ਦੇ ਯੋਗ ਬਣੋ।

## ਪੇਂਡੂ ਮਹਿਲਾਵਾਂ ਲਈ ਘਰ ਬੈਠੇ ਆਮਦਨ ਦਾ ਸਰੋਤ ਬਣਿਆ ਪ੍ਰੋਜੈਕਟ ਪਹਿਲ : ਡਿਪਟੀ ਕਮਿਸ਼ਨਰ



**ਆਜ਼ਾਦ ਸੋਚ, ਮੀਨਾਕਸ਼ੀ, ਬਠਿੰਡਾ, 28 ਅਪ੍ਰੈਲ :**

ਪੰਜਾਬ ਸਰਕਾਰ ਵੱਲੋਂ ਮਹਿਲਾਵਾਂ ਨੂੰ ਕਿੱਤਾ ਮੁਖੀ ਆਜੀਵਿਕਾ ਦੇਣ ਦੇ ਮੰਤਵ ਤੋਂ ਚਲਾਇਆ ਜਾ ਰਿਹਾ ਪ੍ਰੋਜੈਕਟ ਪਹਿਲ ਪੇਂਡੂ ਮਹਿਲਾਵਾਂ ਲਈ ਘਰ ਬੈਠੇ ਆਮਦਨ ਦਾ ਸਰੋਤ ਬਣ ਗਿਆ ਹੈ। ਜਿੱਥੇ ਮਹਿਲਾਵਾਂ ਸਰਕਾਰੀ ਸਕੂਲਾਂ ਦੀਆਂ ਵਰਦੀਆਂ ਦੀ ਸਿਲਾਈ ਕਰਕੇ ਆਪਣੇ ਘਰ ਦਾ ਖਰਚਾ ਕੱਢ ਰਹੀਆਂ ਹਨ, ਉੱਥੇ ਨਾਲ ਹੀ ਸਕੂਲੀ ਬੱਚਿਆਂ ਨੂੰ ਵੀ ਬੜੇ ਹੀ ਘੱਟ ਰੇਟਾਂ 'ਤੇ ਮਿਆਰੀ ਵਰਦੀ ਮਿਲ ਰਹੀ ਹੈ। ਸ਼੍ਰੀ ਰਾਜੇਸ਼ ਧੀਮਾਨ, ਡਿਪਟੀ ਕਮਿਸ਼ਨਰ ਬਠਿੰਡਾ ਨੇ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਪੇਂਡੂ ਵਿਕਾਸ ਅਤੇ ਪੰਚਾਇਤ ਵਿਭਾਗ ਵੱਲੋਂ ਚਲਾਏ ਜਾਂਦੇ ਪ੍ਰਾਜੈਕਟ ਪਹਿਲ ਤਹਿਤ ਸਰਕਾਰੀ ਸਕੂਲਾਂ ਦੇ ਵਿਦਿਆਰਥੀਆਂ ਨੂੰ ਸਰਕਾਰ ਵੱਲੋਂ ਵਰਦੀਆਂ ਦਿੱਤੀਆਂ ਜਾਂਦੀਆਂ ਹਨ, ਜਿਸ ਨੂੰ ਔਰਤਾਂ ਦੇ ਸਵੈ-ਸੇਵੀ ਗਰੁੱਪ ਦੁਆਰਾ ਤਿਆਰ ਕੀਤਾ ਜਾਂਦਾ ਹੈ। ਇਸ ਪ੍ਰੋਜੈਕਟ ਤਹਿਤ 500 ਮਹਿਲਾਵਾਂ ਨੂੰ ਰੁਜ਼ਗਾਰ ਦਿੱਤਾ ਗਿਆ, ਜਿਹੜੀਆਂ ਕਿ 150 ਸਵੈ-ਸੇਵੀ ਗਰੁੱਪਾਂ ਨਾਲ ਜੁੜੀਆਂ ਹੋਈਆਂ ਹਨ। ਇਸ ਸਬੰਧੀ ਜ਼ਿਲ੍ਹਾ ਬਠਿੰਡਾ 'ਚ ਦੋ ਕੇਂਦਰ ਕੰਮ ਕਰ ਰਹੇ ਸਨ, ਜਿਨ੍ਹਾਂ ਵਿਚ ਗੋਨਿਆਣਾ ਬਲਾਕ ਦੇ ਪਿੰਡ ਸਿਵੀਆਂ ਵਿਖੇ ਅਤੇ ਸੰਗਤ ਬਲਾਕ ਦਾ ਕੇਂਦਰ ਪਿੰਡ ਬਾਜਕ ਵਿਖੇ ਸਥਿਤ ਹੈ। ਇਨ੍ਹਾਂ ਦੋਵਾਂ ਕੇਂਦਰਾਂ ਨੂੰ ਸਾਲ 2025-26 ਦੌਰਾਨ 40,000 ਵਰਦੀਆਂ ਬਣਾਉਣ ਦਾ ਟੀਚਾ ਦਿੱਤਾ ਗਿਆ ਸੀ। ਇਨ੍ਹਾਂ ਮਹਿਲਾਵਾਂ ਵੱਲੋਂ 46,000 ਵਰਦੀਆਂ ਤਿਆਰ ਕੀਤੀਆਂ ਗਈਆਂ ਅਤੇ ਕਰੀਬ 3 ਕਰੋੜ ਰੁਪਏ ਦੀ ਕਮਾਈ ਕੀਤੀ ਗਈ। ਮਹਿਲਾਵਾਂ ਨੂੰ 60 ਰੁਪਏ ਪ੍ਰਤੀ ਵਰਦੀ ਮਿਹਨਤ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਮਹਿਲਾਵਾਂ ਦੇ ਉਤਸ਼ਾਹ ਨੂੰ ਵੇਖਦੇ ਹੋਏ ਹੁਣ ਦੋ ਹੋਰ ਕੇਂਦਰ ਬਲਾਕ ਤਲਵੰਡੀ ਸਾਬੋ ਦੇ ਪਿੰਡ ਜੀਵਨ ਸਿੰਘ ਵਾਲਾ ਅਤੇ ਬਲਾਕ ਰਾਮਪੁਰਾ ਪਿੰਡ ਰਾਈਆ ਵਿਖੇ ਸ਼ੁਰੂ ਕੀਤੇ ਗਏ ਹਨ। ਹੁਣ ਕੁੱਲ 150 ਸਵੈ-ਸੇਵੀ ਸੰਸਥਾਵਾਂ ਵੱਲੋਂ ਵਰਦੀਆਂ ਬਣਾਈ ਜਾਣਗੀਆਂ ਅਤੇ ਉਮੀਦ ਹੈ ਕਿ ਪੰਜਾਬ ਸਰਕਾਰ ਵੱਲੋਂ ਇਨ੍ਹਾਂ ਨੂੰ ਕਰੀਬ 60000 ਵਰਦੀਆਂ ਬਣਾਉਣ ਦਾ ਟੀਚਾ ਦਿੱਤਾ ਜਾਵੇਗਾ। ਵਧੀਕ ਡਿਪਟੀ ਕਮਿਸ਼ਨਰ (ਵਿਕਾਸ) ਮੈਡਮ ਕੰਚਨ ਨੇ ਦੱਸਿਆ ਕਿ ਇਸ ਪਹਿਲ ਤਹਿਤ ਮਹਿਲਾਵਾਂ ਨੂੰ ਆਪਣੀ ਆਮਦਨ ਵਧਾਉਣ ਦਾ ਚੰਗਾ ਮੌਕਾ ਮਿਲਿਆ ਹੈ। ਕੱਪੜੇ ਦੀ ਖਰੀਦ ਸਬੰਧੀ ਬਾਜ਼ਾਰਾਂ ਤੋਂ ਲੈਕੇ, ਉਸ ਸਬੰਧੀ ਦਸਤਾਵੇਜ਼ ਤਿਆਰ ਕਰਨਾ ਅਤੇ ਉਸ ਨੂੰ ਸਰਕਾਰੀ ਮਾਪਦੰਡਾਂ ਅਨੁਸਾਰ ਲੜੀਬੱਧ ਕਰਨ ਸਬੰਧੀ ਸਾਰਾ ਕੰਮ ਮਹਿਲਾਵਾਂ ਵੱਲੋਂ ਹੀ ਕੀਤਾ ਜਾਂਦਾ ਹੈ। ਇਸ ਨਾਲ ਨਾ ਕੇਵਲ ਮਹਿਲਾਵਾਂ ਨੂੰ ਮੰਡੀਕਰਨ ਦੀ ਜਾਂਚ ਆਉਂਦੀ ਹੈ ਬਲਕਿ ਉਨ੍ਹਾਂ ਦਾ ਆਤਮ ਵਿਸ਼ਵਾਸ ਵੀ ਵਧਦਾ ਹੈ। ਉਨ੍ਹਾਂ ਦੱਸਿਆ ਕਿ ਪਿੰਡ ਸਿਵੀਆਂ ਅਤੇ ਬਾਜਕ ਵਿਖੇ ਸਥਿਤ ਕੇਂਦਰ ਅੰਬੂਜਾ ਸੀਮਿੰਟ ਫਾਉਂਡੇਸ਼ਨ ਅਤੇ ਮਿੱਤਲ ਗਰੁੱਪ ਵੱਲੋਂ ਦਾਨ ਕੀਤੀਆਂ ਮਸ਼ੀਨਾਂ ਨਾਲ ਚਲਾਏ ਜਾ ਰਹੇ ਹਨ। ਜੀਵਨ ਸਿੰਘ ਵਾਲਾ ਅਤੇ ਰਾਈਆ ਵਿਖੇ ਸਥਿਤ ਕੇਂਦਰਾਂ ਲਈ ਮਸ਼ੀਨਾਂ ਡਿਪਟੀ ਕਮਿਸ਼ਨਰ ਬਠਿੰਡਾ ਦੇ ਦਫ਼ਤਰ ਤੋਂ ਮੁਹੱਈਆ ਕਰਵਾਈ ਗਈਆਂ ਹਨ। ਇਨ੍ਹਾਂ ਮਸ਼ੀਨਾਂ ਚ ਚਾਰ ਤਰੀਕੇ ਦੀਆਂ ਮਸ਼ੀਨਾਂ-ਸਿਲਾਈ ਮਸ਼ੀਨਾਂ, ਬਟਨ ਲਗਾਉਣ ਵਾਲੀਆਂ ਮਸ਼ੀਨਾਂ, ਇੰਟਰ ਲਾਕਿੰਗ ਮਸ਼ੀਨਾਂ ਅਤੇ ਇਲਾਸਟਿਕ ਲਗਾਉਣ ਵਾਲੀਆਂ ਮਸ਼ੀਨਾਂ ਸ਼ਾਮਲ ਹਨ।

## ਸਿਰਫ ਟੀਚਾ ਬਨਾਉਣਾ ਹੀ ਕਾਫੀ ਨਹੀਂ ਹੈ, ਸਗੋ ਉਨ੍ਹਾਂ ਨੂੰ ਸਮੇਂ 'ਤੇ ਪੂਰਾ ਕਰਨਾ ਵੀ ਜਰੂਰੀ : ਮੁੱਖ ਮੰਤਰੀ ਸੈਣੀ

**ਆਜ਼ਾਦ ਸੋਚ, ਚੰਡੀਗੜ੍ਹ, 28 ਅਪ੍ਰੈਲ:**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਸੂਬਾ ਦਾ ਹਰ ਵਿਭਾਗ ਨੂੰ ਆਪਣੇ ਕੰਮ ਲਈ 2030 ਤੱਕ ਦੇ ਤੈਅ ਕੀਤੇ ਗਏ ਟਾਰਗੇਟ ਨੂੰ ਸਾਲ-ਦਰ-ਸਾਲ ਟਾਇਮਲਾਇਨ ਦੇ ਨਾਲ ਬਨਾਉਣ। ਸਿਰਫ ਟੀਚਾ ਬਨਾਉਣਾ ਹੀ ਕਾਫੀ ਨਹੀਂ ਹੈ, ਸਗੋ ਉਨ੍ਹਾਂ ਨੇ ਸਮੇਂ 'ਤੇ ਪੂਰਾ ਕਰਨਾ ਅਤੇ ਉਨ੍ਹਾਂ ਦੀ ਨਿਯਮਤ ਸਮੀਖਿਆ ਕਰਨਾ ਵੀ ਜਰੂਰੀ ਹੈ, ਤਾਂ ਜੋ ਯੋਜਨਾਵਾਂ ਦਾ ਫਾਇਦਾ ਸਿੱਧੇ ਲੋਕਾਂ ਤੱਕ ਪਹੁੰਚ ਸਕੇ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਮੰਗਲਵਾਰ ਨੂੰ ਸਕੱਤਰੇਤ ਵਿੱਚ ਸਵਰਨ ਜੈਯੰਤੀ ਹਰਿਆਣਾ ਵਿੱਤੀ ਪ੍ਰਬੰਧਨ ਸੰਸਥਾਨ ਨਾਲ ਸਬੰਧਿਤ ਮੀਟਿੰਗ ਦੀ ਅਗਵਾਈ ਕਰ ਰਹੇ ਸਨ। ਮੀਟਿੰਗ ਵਿੱਚ ਵਿਭਾਗ ਦੇ 5 ਸਾਲਾਂ ਲਾਗੂ ਕਰਨ ਰੋਡਮੈਪ ਨੂੰ ਲੈ ਕ ਵੱਖ-ਵੱਖ ਵਿਭਾਗਾਂ ਦੀ ਸਮੀਖਿਆ ਕੀਤੀ ਗਈ। ਇਸ ਦੌਰਾਨ ਮੁੱਖ ਮੰਤਰੀ ਨੇ ਵਿਜ਼ਨ ਟੂ ਐਕਸ਼ਨ ਆਰਟੀਫੀਸ਼ਿਅਲ ਇੰਟੈਲੀਜੈਂਸ ਪਲਾਨਿੰਗ ਟੂਲ ਨੂੰ ਵੀ ਲਾਂਚ ਕੀਤਾ। ਸਵਰਣ ਜੈਯੰਤੀ ਹਰਿਆਣਾ ਵਿੱਤੀ ਪ੍ਰਬੰਧਨ ਸੰਸਥਾਨ ਦੇ ਮਹਾਨਿਦੇਸ਼ਕ ਡਾ. ਰਾਜ ਨਹਿਰੂ ਨੇ ਮੁੱਖ ਮੰਤਰੀ ਨੂੰ ਦਸਿਆ ਕਿ ਇਸ ਟੂਲ ਨੂੰ ਐਕਸ਼ਨ ਪਲਾਨ ਨੂੰ ਧਿਆਨ ਵਿੱਚ ਰੱਖਦੇ ਹੋਏ ਬਣਾਇਆ ਗਿਆ ਹੈ। ਉਦੇਸ਼ ਇਹੀ ਹੈ ਕਿ 5 ਸਾਲ ਦੇ ਟਾਰਗੇਟ ਕਲੀਅਰ ਹੋਣ, ਨਾਲ ਹੀ ਵਿਭਾਗਾਂ ਦੀ ਰਿਪੋਰਟ ਵੀ ਯੂਨੀਫਾਰਮ ਜਨਰੇਟ ਹੋਵੇਗੀ। ਇੰਨ੍ਹਾਂ ਵਿੱਚ ਵਿਭਾਗਾਂ ਲਈ ਇਹ ਵੀ ਸਹੂਲੀਅਤ ਹੋਵੇਗੀ ਕਿ ਉਨ੍ਹਾਂ ਨੂੰ ਸਾਲ ਦਰ ਸਾਲ ਦਿੱਤੇ ਜਾਣ ਵਾਲੇ ਟੀਚਿਆਂ ਦਾ ਵੀ ਆਸਾਨੀ ਨਾਲ ਪਤਾ ਲੱਗ ਸਕੇਗਾ। ਅਜਿਹੇ ਵਿੱਚ ਵਿਕਸਿਤ ਭਾਰਤ 2047 ਦੇ ਟੀਚੇ ਵਿੱਚ ਹਰਿਆਣਾ ਵੀ ਪੜਾਅਵਾਰ ਢੰਗ ਨਾਲ ਯੋਗਦਾਨ ਦੇ ਪਾਵੇਗਾ। ਮੀਟਿੰਗ ਦੌਰਾਨ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਸਾਹਮਣੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਨੇ 2026 ਤੋਂ ਲੈ ਕੇ 2030 ਤੱਕ ਕੀਤੇ ਜਾਣ ਵਾਲੇ ਕੰਮਾਂ ਦਾ ਵਰਨਣ ਕੀਤਾ। ਇਸ ਦੌਰਾਨ ਮੁੱਖ ਮੰਤਰੀ ਨੂੰ ਦਸਿਆ ਗਿਆ ਕਿ ਇੰਨ੍ਹਾਂ 5 ਸਾਲਾਂ ਵਿੱਚ ਵਿਭਾਗਾਂ ਦੀ ਕੀ-ਕੀ ਯੋਜਨਾਵਾਂ ਹਨ। ਜਿਨ੍ਹਾਂ ਵਿਭਾਗਾਂ ਨੇ ਆਪਣੀ ਯੋਜਨਾਵਾਂ ਚਲਾਈਆਂ ਉਨ੍ਹਾਂ ਵਿੱਚ ਉਦਯੋਗ ਅਤੇ ਵਣਜ ਵਿਭਾਗ, ਸਕੂਲ ਸਿਖਿਆ ਵਿਭਾਗ ਸ਼ਾਮਿਲ ਸਨ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਆਉਣ ਵਾਲੇ 5 ਸਾਲ ਬੇਹੱਦ ਅਹਿਮ ਹਨ ਅਤੇ ਜੇਕਰ ਯੋਜਨਾਵਾਂ ਨੂੰ ਸਹੀ ਢੰਗ ਨਾਲ ਲਾਗੂ ਕੀਤਾ ਜਾਵੇ, ਤਾਂ 2047 ਤੱਕ ਵਿਕਸਿਤ ਭਾਰਤ ਦਾ ਟੀਚਾ ਆਸਾਨੀ ਨਾਲ ਹਾਸਲ ਕਰਦੇ ਹੋਏ ਹਰਿਆਣਾ, ਪ੍ਰਧਾਨ ਮੰਤਰੀ ਸ੍ਰੀ ਨਰੇਂਦਰ ਮੋਦੀ ਦੇ ਸਪਨੇ ਨੂੰ ਪੂਰਾ ਕਰਨ ਵਿੱਚ ਅਹਿਮ ਯੋਗਦਾਨ ਦਵੇਗਾ। ਉਨ੍ਹਾਂ ਨੇ ਨਿਰਦੇਸ਼ ਦਿੱਤੇ ਕਿ ਕੇਂਦਰ ਸਰਕਾਰ ਦੇ ਨੀਤੀ ਆਯੋਗ ਦੇ ਨਾਲ ਤਾਲਮੇਲ ਸਥਾਪਿਤ ਕਰਦੇ ਹੋਏ ਤਮਾਮ ਰਿਫਾਰਮ 'ਤੇ ਕੰਮ ਕਰਨ, ਤਾਂ ਜੋ ਯੋਜਨਾਵਾਂ ਨੂੰ ਸਹੀ ਅਤੇ ਪ੍ਰਭਾਵੀ ਤੌਰ 'ਤੇ ਲਾਗੂ ਕਰਦੇ ਹੋਏ ਵੱਧ ਤੋਂ ਵੱਧ ਲਾਭ ਸੂਬਾਵਾਸੀਆਂ ਨੂੰ ਮਿਲ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਸਮੇਂ ਘੱਟ ਹੈ ਅਤੇ ਟੀਚਾ ਵੱਡਾ ਹੈ, ਇਸ ਲਈ ਸਾਰੇ ਵਿਭਾਗ ਮਜਬੂਤ ਯੋਜਨਾ ਬਣਾ ਕੇ ਕੰਮ ਕਰਨ। ਨਾਲ ਹੀ ਇਹ ਵੀ ਦੇਖਣ ਕਿ ਤੈਅ ਸਮੇਂ ਵਿੱਚ ਯੋਜਨਾਵਾਂ ਦਾ ਜਮੀਨੀ ਪੱਧਰ 'ਤੇ ਕਿੰਨ੍ਹਾ ਅਸਰ ਹੋਇਆ ਹੈ ਜਾਂ ਹੋਣ ਵਾਲਾ ਹੈ, ਇਸ 'ਤੇ ਲਗਾਤਾਰ ਨਜਰ ਰੱਖੀ ਜਾਵੇ। ਉਨ੍ਹਾਂ ਨੇ ਕਿਹਾ ਕਿ ਸਾਰੇ ਵਿਭਾਗ ਮਿਲ ਕੇ ਬਿਹਤਰ ਢੰਗ ਨਾਲ ਕੰਮ ਕਰਨ, ਨਵੀਂ ਸੋਚ ਅਪਨਾਉਣ ਅਤੇ ਅੱਗੇ ਦੀ ਤਿਆਰੀ ਪਹਿਲਾਂ ਤੋਂ ਕਰਨ, ਤਾਂ ਜੋ ਸੂਬੇ ਦੀ ਤਰੱਕੀ ਦੀ ਰਫਤਾਰ ਹੋਰ ਤੇਜ ਹੋ ਸਕੇ। ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਐਕਸ਼ਨ ਪਲਾਨ ਸਬੰਧਿਤ ਹਿਦਾਇਤ ਦਿੰਦੇ ਹੋਏ ਕਿਹਾ ਕਿ ਅਗਾਮੀ 5 ਸਾਲਾਂ ਦੀ ਪ੍ਰਾਥਮਿਕਤਾਵਾਂ ਸਪਸ਼ਟ ਰੂਪ ਨਾਲ ਨਿਰਧਾਰਿਤ ਕੀਤੀ ਾਣ ਅਤੇ ਉਨ੍ਹਾਂ ਨੂੰ ਸਾਲ-ਦਰ-ਸਾਲ ਮਾਪਣ ਯੋਗ ਬਣਾਇਆ ਜਾਵੇ, ਤਾਂ ਜੋ ਪ੍ਰਗਤੀ ਦੀ ਨਿਯਮਤ ਸਮੀਖਿਆ ਸੰਭਵ ਹੋ ਸਕੇ। ਉਨ੍ਹਾਂ ਨੇ ਕਿਹਾ ਕਿ ਸਾਰੇ ਸਮੇਂ-ਸੀਮਾਵਾਂ ਯਥਾਰਥਵਾਦੀ ਹੋਣ ਦੇ ਨਾਲ-ਨਾਲ ਮਹਤੱਵਪੂਰਣ ਵੀ ਹੋਣ ਅਤੇ ਯੋਜਨਾਵਾਂ ਜਮੀਨੀ ਪੱਧਰ 'ਤੇ ਮੌਜੂਦਾ ਬਦਲਾਅ ਲਿਆਉਣ ਵਾਲੀਆਂ ਹੋਣ। ਮੁੱਖ ਮੰਤਰੀ ਨੇ ਵਿਭਾਗ ਦੇ ਵਿੱਚ ਬਿਹਤਰ ਤਾਲਮੇਲ ਯਕੀਨੀ ਕਰਨ, ਟੀਚਿਆਂ ਦੇ ਪ੍ਰਤੀ ਸਪਸ਼ਟ ਜਵਾਬਦੇਹੀ ਤੈਅ ਕਰਨ ਅਤੇ ਇੱਕ ਮਜਬੂਤ ਮਾਨੀਟਰਿੰਗ ਸਿਸਟਮ ਵਿਕਸਿਤ ਕਰਨ 'ਤੇ ਜੋਰ ਦਿੱਤਾ, ਤਾਂ ਜੋ ਐਕਸ਼ਨ ਪਲਾਨ ਨੂੰ ਪ੍ਰਭਾਵੀ ਅਤੇ ਸਮੇਂਬੱਧ ਲਾਗੂ ਯਕੀਨੀ ਹੋ ਸਕੇ। ਵਿਜ਼ਨ 2047 ਦਾ ਟੀਚਾ ਨਿਰਧਾਰਿਤ ਕਰ ਨਵੀਂ ਸਿਖਿਆ ਨੀਤੀ ਦੇ ਤਹਿਤ ਸਿਖਿਆ ਵਿਭਾਗ ਕੰਮ ਕਰਨਮੀਟਿੰਗ ਦੌਰਾਨ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਦੇ ਸਾਹਮਣੇ ਸਿਖਿਆ ਵਿਭਾਗ ਦੇ ਅਧਿਕਾਰੀਆਂ ਨੇ ਵੀ ਵਿਭਾਗ ਦੇ ਵਿਜ਼ਨ ਦੇ ਬਾਰੇ ਵਿੱਚ ਦਸਿਆ। ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਹਰਿਆਣਾ ਵਿਜ਼ਨ 2047 ਦਾ ਟੀਚਾ ਨਿਰਧਾਰਿਤ ਕਰ ਨਵੀਂ ਸਿਖਿਆ ਨੀਤੀ ਤਹਿਤ ਵਿਭਾਗ ਅਨੁਸਾਰ ਕੰਮ ਕਰਨ ਤਾਂ ਜੋ ਹਰ ਸਾਲ ਪੂਰੀ ਤਿਆਰੀ ਨਾਲ ਕੰਮ ਕਰਦੇ ਹੋਏ ਵਾਂਟੇਡ ਟੀਚਾ ਹਾਸਲ ਕੀਤਾ ਜਾ ਸਕੇ। ਇਸ ਦੇ ਲਈ ਉੱਚੇਰੀ ਸਿਖਿਆ 'ਤੇ ਵਿਸ਼ੇਸ਼ ਫੋਕਸ ਕੀਤਾ ਜਾਵੇ ਤਾਂ ਜੋ ਨੌਜੁਆਨਾਂ ਨੂੰ ਗੁਣਵੱਤਾਪੂਰਵਕ ਅਤੇ ਰੁਜ਼ਗਾਰਪਰਕ ਸਿਖਿਆ ਸੁਲਭ ਹੋ ਸਕੇ। ਮੁੱਖ ਮੰਤਰੀ ਨੇ ਕਿਹਾ ਕਿ ਸੂਬੇ ਦੀ ਯੂਨੀਵਰਸਿਟੀਆਂ ਨੂੰ ਪੂਰੇ ਦੇਸ਼ ਦੇ ਉੱਘੇ ਆਈਟੀਆਈ ਵਰਗੇ ਵਿਦਿਅਕ ਅਦਾਰਿਆਂ ਦੀ ਤਰਜ 'ਤੇ ਗ੍ਰੇਡਿੰਗ ਵਿੱਚ ਲਿਆਉਣ ਲਈ ਨਵੀਂ ਸਿਖਿਆ ਨ.ਤੀ ਤਹਿਤ ਕੰਮ ਕਰਨ ਤਾਂ ਜੋ ਉੱਚ ਗੁਣਵੱਤਾਯੁਕਤ ਸਿਖਿਆ ਵੀ ਸੁਲਭ ਕਰਵਾਈ ਜਾ ਸਕੇ। ਇਸ ਤੋਂ ਇਲਾਵਾ ਉਨ੍ਹਾਂ ਦੇ ਸੁੰਦਰੀਕਰਣ 'ਤੇ ਵੀ ਵਿਸ਼ੇਸ਼ ਧਿਆਨ ਦਿੱਤਾ ਜਾਵੇ। ਉਨ੍ਹਾਂ ਨੇ ਕਿਹਾ ਕਿ ਸੂਬੇ ਦੀ ਯੂਨੀਵਰਸਿਟੀਆਂ ਨੂੰ ਅਵੱਲ ਬਨਾਉਣ ਲਈ ਬਿਹਤਰ ਕੰਮ ਕਰਨ ਵਾਲੀ ਯੂਨੀਵਰਸਿਟੀਆਂ ਨੂੰ ਸਿਖਿਆ ਵਿੱਚ ਸੁਧਾਰ ਕਰਨ ਲਈ 5-5 ਕਰੋੜ ਰੁਪਏ ਦੀ ਗ੍ਰਾਂਟ ਦਿੱਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਯੂਨੀਵਰਸਿਟੀਆਂ ਵਿੱਚ ਸਾਲ 2047 ਤੱਕ ਸਕਲ ਨਾਮਜਦਗੀ ਅਨੁਪਾਤ 50 ਫੀਸਦੀ ਹੋਣਾ ਚਾਹੀਦਾ ਹੈ ਜੋ ਮੌਜੂਦਾ ਵਿੱਚ 31 ਫੀਸਦੀ ਹੈ। ਐਨਈਪੀ ਵਿੱਚ ਹਰ ਜਿਲ੍ਹਾ ਪੱਧਰ 'ਤੇ ਮਾਡਰਨ ਸੰਸਕ੍ਰਿਤੀ ਕਾਲਜ ਖੋਲੇ ਜਾਣਗੇ ਜਿਨ੍ਹਾਂ ਦਾ ਚੋਣ ਕਰ ਲਿਆ ਗਿਆ ਹੈ। ਇੰਨ੍ਹਾਂ ਵਿੱਚ ਸਾਲ 2028 ਤੱਕ ਜਰੂਰੀ ਕੈਂਪਸ ਤਿਆਰ ਕੀਤੇ ਜਾਣਗੇ। ਇਸੀ ਤਰ੍ਹਾ 50 ਫੀਸਦੀ ਸਕਿਲ ਨਾਲ ਸਬੰਧਿਤ ਕੋਰਸ ਸ਼ੁਰੂ ਕੀਤੇ ਜਾਣਗੇ। ਸਿਖਿਆ ਨੀਤੀ ਤਹਿਤ ਲਾਭ ਦੇਣ ਲਈ ਸਾਰੇ ਜਰੂਰੀ ਅਤੇ ਬਿਹਤਰ ਸਹੂਲਤਾਂ ਇੱਕ ਹੀ ਪੋਰਟਲ 'ਤੇ ਸੁਲਭ ਕਰਵਾਈ ਜਾਵੇ ਤਾਂ ਜੋ ਕਾਲਜਾਂ ਅਤੇ ਯੂਨੀਵਰਸਿਟੀਆਂ ਦੀ ਆਸਾਨੀ ਨਾਲ ਗ੍ਰੇਡਿੰਗ ਕੀਤੀ ਜਾ ਸਕੇ। ਸ੍ਰੀ ਨਾਹਿਬ ਸਿੰਘ ਸੈਣੀ ਨੇ ਕਿਹਾ ਕਿ ਹਰਿਆਣਾ ਵਿਜ਼ਨ-2047 ਤਹਿਤ ਬੱਚਿਆਂ ਨੂੰ ਉਨ੍ਹਾਂ ਦੇ ਅਧਿਕਾਰਾਂ ਦੇ ਬਾਰੇ ਵਿੱਚ ਕਿਰਤ ਵਿਭਾਗ ਰਾਹੀਂ ਜਰੂਰੀ ਅਤੇ ਸੁਚੇਤ ਕਰਨ ਲਈ ਸਦਾ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ।

## ਮੁੱਖ ਮੰਤਰੀ ਤੀਰਥ ਯਾਤਰਾ ਬਜ਼ੁਰਗਾਂ ਲਈ ਹੋ ਰਹੀ ਹੈ ਵਰਦਾਨ ਸਾਬਤ : ਜਗਰੂਪ ਸਿੰਘ ਗਿੱਲ



**ਆਜ਼ਾਦ ਸੋਚ, ਮੀਨਾਕਸ਼ੀ, ਬਠਿੰਡਾ, 28 ਅਪ੍ਰੈਲ :**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਆਮ ਲੋਕਾਂ ਨੂੰ ਵੱਖ-ਵੱਖ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਵਾਏ ਜਾ ਰਹੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਇਕ ਬਠਿੰਡਾ (ਸਹਿਰੀ) ਸ. ਜਗਰੂਪ ਸਿੰਘ ਗਿੱਲ ਨੇ ਅੱਜ ਸਥਾਨਕ ਹਨੂੰਮਾਨ ਚੌਂਕ ਤੋਂ ਸ਼ਰਧਾਲੂਆਂ ਨੂੰ ਪਵਿੱਤਰ ਸ਼ਹਿਰ ਅੰਮ੍ਰਿਤਸਰ ਦੇ ਧਾਰਮਿਕ ਸਥਾਨਾਂ ਦੇ ਦਰਸ਼ਨਾਂ ਲਈ ਬੱਸ ਨੂੰ ਰਵਾਨਾ ਕਰਦਿਆਂ ਕੀਤਾ। ਇਸ ਦੌਰਾਨ ਵਿਧਾਇਕ ਬਠਿੰਡਾ (ਸ਼ਹਿਰੀ) ਸ. ਜਗਰੂਪ ਸਿੰਘ ਗਿੱਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਵੱਲੋਂ ਸ਼ੁਰੂ ਕੀਤੀ ਮੁੱਖ ਮੰਤਰੀ ਤੀਰਥ ਯਾਤਰਾ ਜਿਥੇ ਬਜ਼ੁਰਗਾਂ ਲਈ ਵਰਦਾਨ ਸਾਬਤ ਹੋ ਰਹੀ ਹੈ ਉਥੇ ਹੀ ਆਪਸੀ ਭਾਈਚਾਰਕ ਸਾਂਝ ਨੂੰ ਵੀ ਬਰਕਰਾਰ ਰੱਖਣ ਵਿੱਚ ਸਹਾਈ ਸਿੱਧ ਹੋ ਰਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਇਹ ਯੋਜਨਾ ਸਾਰੀਆਂ ਜਾਤਾਂ, ਧਰਮਾਂ, ਆਮ ਵਰਗਾਂ ਦੇ ਲੋਕਾਂ ਲਈ ਖੁੱਲ੍ਹੀ ਹੈ, ਜੋ ਕਿ ਸਰਕਾਰ ਦਾ ਇੱਕ ਬਹੁਤ ਹੀ ਸ਼ਲਾਘਾਯੋਗ ਉਪਰਾਲਾ ਹੈ। ਇਸੇ ਤਰ੍ਹਾਂ ਹੀ ਵਿਧਾਨ ਸਭਾ ਹਲਕਾ ਰਾਮਪੁਰਾ ਦੇ ਪਿੰਡ ਜਲਾਲ ਅਤੇ ਕੋਠਾਗੁਰੂ, ਵਿਧਾਨ ਸਭਾ ਹਲਕਾ ਭੁੱਚੋ ਦੇ ਪਿੰਡ ਸਿਵੀਆਂ ਅਤੇ ਲੱਖੀ ਜੰਗਲ, ਵਿਧਾਨ ਸਭਾ ਹਲਕਾ ਤਲਵੰਡੀ ਸਾਬੋ ਦੇ ਪਿੰਡ ਰਾਮਸਰਾਂ ਅਤੇ ਰਾਮਾਂ ਮੰਡੀ, ਵਿਧਾਨ ਸਭਾ ਹਲਕਾ ਮੌੜ ਦੇ ਪਿੰਡ ਮੰਡੀ ਕਲਾਂ, ਵਿਧਾਨ ਸਭਾ ਹਲਕਾ ਬਠਿੰਡਾ (ਦਿਹਾਤੀ) ਦੇ ਪਿੰਡ ਭੁੰਬਾ ਤੋਂ ਵੀ ਮੁੱਖ ਮੰਤਰੀ ਤੀਰਥ ਯਾਤਰਾ ਯੋਜਨਾ ਤਹਿਤ ਧਾਰਮਿਕ ਸਥਾਨਾਂ ਲਈ ਬੱਸਾਂ ਰਵਾਨਾ ਕੀਤੀਆਂ ਗਈਆਂ।

## ਨਵੀਂ ਸੜਕ ਬਨਾਉਣ ਲਈ ਰੇਲਵੇ ਤੋਂ ਭੂਮੀ ਲੀਜ਼ 'ਤੇ ਲੈਣ ਦੀ ਸੂਬਾ ਸਰਕਾਰ ਤੋਂ ਮਿਲੀ ਮੰਜੂਰੀ : ਵਿਜ

**ਆਜ਼ਾਦ ਸੋਚ, ਚੰਡੀਗੜ੍ਹ, 28 ਅਪ੍ਰੈਲ:**

ਹਰਿਆਣਾ ਦੇ ਊਰਜਾ ਮੰਤਰੀ ਸ੍ਰੀ ਅਨਿਲ ਵਿਜ ਨੇ ਕਿਹਾ ਕਿ ਅੰਬਾਲਾ ਕੈਂਟ ਦੇ ਰੰਗਿਆ ਮੰਡੀ ਤੋਂ ਜੀਟੀ ਰੋਡ ਤੱਕ ਪ੍ਰਸਤਾਵਿਤ ਨਵੀਂ ਸੜਕ ਬਨਾਉਣ ਤਹਿਤ ਰੇਲਵੇ ਤੋਂ ਭੂਮੀ ਲੀਜ਼ 'ਤੇ ਲੈਣ ਦੀ ਮੰਜੂਰੀ ਸੂਬਾ ਸਰਕਾਰ ਵੱਲੋਂ ਪ੍ਰਦਾਨ ਕਰ ਦਿੱਤੀ ਗਈ ਹੈ ਅਤੇ ਜਲਦੀ ਹੀ ਇੱਥੇ ਸੜਕ ਬਨਾਉਣ ਦੀ ਕਾਰਵਾਈ ਅਮਲ ਵਿੱਚ ਲਿਆਈ ਜਾਵੇਗੀ। ਇਸੀ ਤਰ੍ਹਾ, ਅੰਬਾਲਾ ਕੈਂਟ ਦੇ ਸ਼ਾਹਪੁਰ ਵਿੱਚ ਡਰਾਈਵਿੰਗ ਟ੍ਰੇਨਿੰਗ ਅਤੇ ਰਿਸਰਚ ਸੰਸਥਾਨ (ਆਈਡੀਟੀਆਰ) ਅਤੇ ਆਟੋਮੇਟਿਡ ਵੀਕਲ ਟੇਸਟਿੰਗ ਸਟੇਸ਼ਨ (ਏਟੀਐਸ) ਸਥਾਪਿਤ ਕਰਨ ਲਈ ਜਮੀਨ ਨਗਰ ਪਰਿਸ਼ਦ ਤੋਂ ਟ੍ਰਾਂਸਪੋਰਟ ਵਿਭਾਗ ਨੂੰ ਟ੍ਰਾਂਸਫਰ ਕਰਨ ਦੀ ਮੰਜੂਰੀ ਵੀ ਸੂਬਾ ਸਰਕਾਰ ਤੋਂ ਮਿਲ ਚੁੱਕੀ ਹੈ। ਸ੍ਰੀ ਵਿਜ ਨੇ ਕਿਹਾ ਕਿ ਦੋਨੋਂ ਕੰਮਾਂ ਲਈ ਮੰਜੂਰੀ ਮਿਲਣ ਨਾਲ ਹੁਣ ਸੜਕ ਨਿਰਮਾਣ ਅਤੇ ਡਰਾਈਵਿੰਗ ਟ੍ਰੇਨਿੰਗ ਅਤੇ ਰਿਸਰਚ ਸੰਸਥਾਨ (ਆਈਡੀਟੀਆਰ) ਅਤੇ ਆਟੋਮੇਟੇਡ ਵੀਕਲ ਟੇਸਟਿੰਗ ਸਟੇਸ਼ਨ (ਏਟੀਐਸ) ਦੀ ਸਥਾਪਨਾ ਜਲਦੀ ਕਰਾਉਣ 'ਤੇ ਕੰਮ ਕੀਤਾ ਜਾਵੇਗਾ। ਊਰਜਾ ਮੰਤਰੀ ਅਨਿਲ ਵਿਜ ਦੇ ਯਤਨਾਂ ਨਾਲ ਅੰਬਾਲਾ ਕੈਂਟ ਦੇ ਰੰਗਿਆ ਮੰਡੀ ਤੋਂ ਜੀਟੀ ਰੋਡ ਤੱਕ ਨਵੀਂ ਰੋਡ ਨੂੰ ਬਣਾਇਆ ਜਾ ਰਿਹਾ ਹੈ। ਨਵੀਂ ਰੋਡ ਦੇ ਬਨਣ ਨਾਲ ਕੈਂਟ ਦੇ ਮੁੱਖ ਸਦਰ ਬਾਜਾਰ ਤੇ ਮਹੇਸ਼ਨਗਰ ਖੇਤਰ ਤੋਂ ਜੀਟੀ ਰੋਡ ਨੂੰ ਨਵੀਂ ਕਨੈਕਟੀਵਿਟੀ ਮਿਲੇਗੀ ਜਿਸ ਦਾ ਵਾਹਨ ਚਾਲਕਾਂ ਨੂੰ ਲਾਭ ਮਿਲੇਗਾ। ਤਿਆਰ ਯੋਜਨਾ ਅਨੁਸਾਰ ਨਵੀਂ ਰੋਡ ਰੰਗਿਆ ਮੰਡੀ ਓਵਰਬ੍ਰਿਜ ਤੋਂ ਜੀਟੀ ਰੋਡ ਤੱਕ ਲਗਭਗ ਸਾਢੇ 500 ਮੀਟਰ ਲੰਬੀ ਹੋਵੇਗੀ ਜਦੋਂ ਕਿ ਇਹ 10 ਮੀਟਰ ਚੌੜੀ ਹੋਵੇਗੀ। ਰੋਡ ਡੇਡੀਕੇਟਿਡ ਰੇਲਵੇ ਫ੍ਰੇਟ ਕੋਰੀਡੋਰ ਦੇ ਨਾਲ-ਨਾਲ ਜੀਟੀ ਰੋਡ ਤੱਕ ਬਣਾਈ ਜਾਵੇਗੀ। ਇਹ ਰੋਡ ਆਉਣ ਵਾਲੇ ਸਮੇਂ ਵਿੱਚ ਲੋਕਾਂ ਲਈ ਇੱਕ ਵੱਡੀ ਸਹੂਲਤ ਸਾਬਤ ਹੋਵੇਗੀ। ਹੁਣ ਤੱਕ ਲੋਕਾਂ ਨੂੰ ਜੀਟੀ ਰੋਡ 'ਤੇ ਆਉਣ ਲਈ ਸਟਾਫ ਰੋਡ ਤੋਂ ਜੀਟੀ ਰੋਡ ਦੇ ਵੱਲ ਜਾਣਾ ਪੈਂਦਾ ਹੈ, ਮਗਰ ਹੁਣ ਸ਼ਹਿਰ ਦੇ ਵਿਚੋਂ ਵਿੱਚ ਤੋਂ ਜੀਟੀ ਰੋਡ ਜਾਣ ਲਈ ਨਵਾਂ ਰਸਤਾ ਲੋਕਾਂ ਲਈ ਉਪਲਬਧ ਹੋਵੇਗਾ।

13 ਏਕੜ ਵਿੱਚ ਬਣੇਗਾ ਆਈਡੀਟੀਆਰ ਤੇ ਏਟੀਐਸ ਸੰਸਥਾਨ, 11.40 ਕਰੋੜ ਦੀ ਰਕਮ ਮੰਜੂਰ-ਟ੍ਰਾਂਸਪੋਰਟ ਮੰਤਰੀ ਅਨਿਲ ਵਿਜ ਨੇ ਕਿਹਾ ਕਿ ਅੰਬਾਲਾ ਕੈਂਟ ਦੇ ਸ਼ਾਹਪੁਰ ਵਿੱਚ ਡਰਾਈਵਿੰਗ ਟ੍ਰੇਨਿੰਗ ਅਤੇ ਰਿਸਰਚ ਸੰਸਥਾਨ (ਆਈਡੀਟੀਆਰ) ਅਤੇ ਆਟੋਮੇਟੇਡ ਵਹੀਮਲ ਟੇਸਟਿੰਗ ਸਟੇਸ਼ਨ (ਏਟੀਐਸ) ਸਥਾਪਿਤ ਕਰਨ ਲਈ ਭੂਮੀ ਨਗਰ ਪਰਿਸ਼ਦ ਤੋਂ ਟ੍ਰਾਂਸਪੋਰਟ ਵਿਭਾਗ ਟ੍ਰਾਂਸਫਰ ਕਰਨ ਦੀ ਮੰਜੂਰੀ ਸੂਬਾ ਸਰਕਾਰ ਤੋਂ ਮਿਲ ਚੁੱਕੀ ਹੈ। ਉਨ੍ਹਾਂ ਨੇ ਦਸਿਆ ਕਿ ਲਗਭਗ 13 ਏਕੜ ਵਿੱਚ ਇਹ ਸੰਸਥਾਨ ਸਥਾਪਿਤ ਹੋਵੇਗਾ ਜਿਸ ਦੇ ਲਈ ਸੂਬਾ ਸਰਕਾਰ ਵੱਲੋਂ 11.49 ਕਰੋੜ ਰੁਪਏ ਦੀ ਰਕਮ ਪਹਿਲਾਂ ਤੋਂ ਹੀ ਮੰਜੂਰ ਕਰ ਦਿੱਤੀ ਗਈ ਸੀ। ਇਸ ਸੰਸਥਾਨ ਦੀ ਸਥਾਪਨਾ ਨਾਲ ਸਿੱਧੇ ਐਤ ਅਸਿੱਧੇ ਰੂਪ ਨਾਲ ਸੈਂਕੜਿਆਂ ਲੋਕਾਂ ਲਈ ਰੁਜ਼ਗਾਰ ਦੇ ਮੌਕੇ ਸ੍ਰਿਜਤ ਹੋਣਗੇ ਅਤੇ ਹਜਾਰਾਂ ਟ੍ਰੇਨੀ ਨੌਜੁਆਨਾਂ ਨੂੰ ਹੋਰ ਵੱਧ ਹੁਨਰਮੰਦ ਬਨਾਉਣ ਮਤਲਬ ਵੱਧ ਕੌਸ਼ਲਯੁਕਤ ਤਿਆਰ ਕੀਤਾ ਜਾਵੇਗਾ। ਇਸ ਤੋਂ ਇਲਾਵਾ, ਆਟੋਮੇਟੇਡ ਵਹੀਕਲ ਟੇਸਟਿੰਗ ਸਟੇਸ਼ਨ ਦੀ ਸਥਾਪਨਾ ਨਾਲ ਪ੍ਰਤੀ ਹਫਤਾ ਲਗਭਗ 300 ਵਾਹਨਾਂ ਦੀ ਫਿਟਨੈਸ ਦੀ ਜਾਂਚ ਕੀਤੀ ਜਾਵੇਗੀ।

## ਆਰ. ਐਸ. ਪੀ ਪਾਰਟੀ ਦੇ ਸਟੇਟ ਕਮੇਟੀ ਮੈਂਬਰ ਹਰਦੀਪ ਰਾਮਪੁਰਾ ਬਸਪਾ 'ਚ ਸ਼ਾਮਿਲ

### ਧੂਰੀ ਰੈਲੀ ਵਿੱਚ ਲਹਿਰੇ ਹਲਕੇ ਤੋਂ ਕਾਫਲਿਆਂ ਦੇ ਰੂਪ ਵਿੱਚ ਬਸਪਾਈ ਪਹੁੰਚੇ :ਬੋਧ

**ਆਜ਼ਾਦ ਸੋਚ, ਬੂਟਾ ਸਿੰਘ ਭੁਟਾਲ, ਮੂਨਕ, 28 ਅਪ੍ਰੈਲ:**




ਬਾਬਾ ਸਾਹਿਬ ਤੇ ਜਨਮਦਿਨ ਤੇ ਹੋਈ ਬਸਪਾ ਲੋਕ ਸਭਾ ਸੰਗਰੂਰ ਦੀ ਧੂਰੀ ਰੈਲੀ ਵਿੱਚ ਉਸ ਸਮੇਂ ਬਸਪਾ ਵਿਧਾਨ ਸਭਾ ਹਲਕਾਂ ਲਹਿਰਾ ਨੂੰ ਮਜ਼ਬੂਤੀ ਮਿਲੀ ਜਦੋਂ 2022 ਵਿਧਾਨ ਸਭਾ ਚੋਣਾਂ ਆਰ . ਐਸ . ਪੀ ਵਲੋਂ ਲੜੇ ਉਮੀਦਵਾਰ ਤੇ ਸਟੇਟ ਕੋਰ ਕਮੇਟੀ ਦੇ ਮੈਂਬਰ ਹਰਦੀਪ ਸਿੰਘ ਰਾਮਪੁਰਾ ਜੀ ਨੂੰ ਸੂਬਾ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮਪੁਰੀ ਜੀ ਨੇ ਬਸਪਾ ਵਿੱਚ ਸ਼ਾਮਿਲ ਕਰਵਾਇਆ। ਜਿਕਰਯੋਗ ਹੈ ਕਿ ਲੋਕ ਸਭਾ ਸੰਗਰੂਰ ਦੇ ਇੰਚਾਰਜ ਇੰਜੀ. ਅਮਨ ਬੋਧ ਅਤੇ ਉਹਨਾਂ ਦੀ ਟੀਮ ਦੀ ਬਸਪਾ ਦੇ ਕਾਡਰ ਅਤੇ ਸੰਗਠਨ ਨੂੰ ਮਜ਼ਬੂਤ ਕਰਨ ਦੀਆਂ ਕੋਸ਼ਿਸ਼ਾਂ ਸਦਕਾ ਹਰਦੀਪ ਜੀ ਪਾਰਟੀ ਨਿਤੀਆਂ ਤੋਂ ਪ੍ਰਭਾਵਿਤ ਹੋ ਕੇ ਬਸਪਾ ਵਿੱਚ ਸ਼ਾਮਿਲ ਹੋਏ। ਹਰਦੀਪ ਜੀ ਨੇ ਦੱਸਿਆ ਕਿ ਉਹ ਬਸਪਾ ਪੰਜਾਬ ਦੁਆਰਾ ਚਲਾਈ ਜਾ ਰਹੀ ਪੰਜਾਬ ਸੰਭਾਲੋ ਮੁਹਿੰਮ ਅਤੇ ਸੂਬਾ ਪ੍ਰਧਾਨ ਸਰਦਾਰ ਅਵਤਾਰ ਸਿੰਘ ਕਰੀਮਪੁਰੀ ਜੀ ਦੀ ਪੰਜਾਬ ਪੱਖੀ ਸੋਚ ਤੋਂ ਪ੍ਰਭਾਵਿਤ ਹੋ ਕੇ ਬਸਪਾ ਨਾਲ ਜੁੜੇ ਹਨ। ਉਨਾਂ ਦਸਿਆ ਕੇ ਅੱਜ ਉਹਨਾਂ ਨਾਲ ਸੈਕੜੇ ਆਰ ਐਸ ਪੀ ਦੇ ਵਰਕਰ ਪਾਰਟੀ ਛੱਡ ਬਸਪਾ ਨਾਲ ਜੁੜੇ ਹਨ। ਇਸ ਸੰਬੰਧੀ ਜਿਆਦਾ ਜਾਣਕਾਰੀ ਦਿੰਦਿਆਂ ਲੋਕ ਸਭਾ ਇੰਚਾਰਜ ਇੰਜੀ. ਅਮਨ ਬੋਧ ਨੇ ਦੱਸਿਆ ਕੇ ਜਿੱਥੇ ਹਰਦੀਪ ਜੀ ਦੇ ਪਾਰਟੀ ਜੁਆਇਨ ਕਰਨ ਨਾਲ ਪਾਰਟੀ ਲਹਿਰੇ ਹਲਕੇ ਅੰਦਰ ਮਜ਼ਬੂਤ ਹੋਈ ਹੈ ਉਥੇ ਹੀ ਨੌਜਵਾਨ ਵੀ ਵੱਡੀ ਗਿਣਤੀ ਵਿੱਚ ਪਾਰਟੀ ਵਿੱਚ ਨਿੰਰਤਰ ਜੁੜ ਰਹੇ ਹਨ। ਇਸ ਦਾ ਨਤੀਜਾ ਇਹ ਵੇਖਣ ਨੂੰ ਮਿਲਿਆ ਕੇ ਬਿੱਤੇ ਦਿੰਨੀ ਧੂਰੀ ਵਿਖੇ ਹੋਈ ਸੱਤਾ ਪ੍ਰਾਪਤ ਕਰੋ ਰੈਲੀ ਵਿੱਚ ਹਜ਼ਾਰਾਂ ਵਰਕਰਾਂ ਨੇ ਲਹਿਰੇ ਹਲਕੇ ਤੋਂ ਹਾਜ਼ਰੀ ਭਰੀ। ਓਨਾਂ ਹੋਰ ਜਾਣਕਾਰੀ ਦਿੰਦਿਆਂ ਦੱਸਿਆ ਕੇ ਸਮੂਹ ਲੋਕ ਸਭਾ ਸੰਗਰੂਰ ਦੀ ਟੀਮ ਬੜੀ ਮਿਹਨਤ ਨਾਲ ਸੂਬਾ ਪ੍ਰਧਾਨ ਡਾਕਟਰ ਅਵਤਾਰ ਸਿੰਘ ਕਰੀਮ ਕਰੀਮਪੁਰੀ ਦੀ ਅਗਵਾਈ ਵਿੱਚ ਲੋਕ ਸਭਾ ਦੇ ਦੱਸ ਦੇ ਦੱਸ ਹਲਕਿਆਂ ਅੰਦਰ ਪੰਜਾਬ ਸੰਭਾਲੋ ਮੁਹਿੰਮ ਨਾਲ ਪੰਜਾਬੀਆਂ ਨੂੰ ਜੋੜ ਰਹੀ ਹੈ। ਹਲਕਾ ਦੇ ਪ੍ਰਧਾਨ ਡਾਕਟਰ ਰਾਜਕੁਮਾਰ ਜੀ ਨੇ ਰੈਲੀ ਵਿੱਚ ਜਾਣ ਵਾਲੇ ਸਾਰੇ ਵਰਕਰਾਂ ਦਾ ਧੰਨਵਾਦ ਕੀਤਾ। ਇਸ ਦੌਰਾਨ ਹਲਕੇ ਜਨਰਲ ਸਕੱਤਰ ਸੰਭੂ ਰੰਗਾ, ਵਿਕਰਮ ਗੁਲਾੜੀ , ਸਕੱਤਰ ਹਰਵਿਲਾਸ ਅਜਾਦ , ਸੀਨੀਅਰ ਆਗੂ ਭੂਰਾ ਲਹਿਲ , ਸਕੱਤਰ ਅਮਰੀਕ ਮੰਡਵੀ ,ਖਨੌਰੀ ਸ਼ਹਿਰੀ ਪ੍ਰਧਾਨ ਗੁਲਾਬ ਛਾਛੀਆ, ਸੀਨੀਅਰ ਆਗੂ ਜੇਠੂ ਰਾਮ ਮੰਡਵੀ, ਪੂਰਨ ਸਰਪੰਚ,ਦਿਹਾਤੀ ਪ੍ਰਧਾਨ ਰਾਜਵੀਰ ਸਿੰਘ, ਬੀਵੀਐਫ ਪ੍ਰਧਾਨ ਤਰਸੇਮ ਚੱਠਾ, ਮੀਤ ਪ੍ਰਧਾਨ ਸੋਨੂੰ ਰਾਣਾ, ਗੁਰਪ੍ਰੀਤ ਕੰਬੋਜ,ਸੈਕਟਰ ਪ੍ਰਧਾਨ ਰਾਜੇਸ਼ ਗੋਠਵਾਲ , ਜੋਨ ਇੰਚਾਰਜ ਜਸਵੰਤ ਚੌਹਾਨ , ਜਸਵੀਰ ਨਵਾਂਗਾਓ,ਸਾਹਿਬ ਖਨੌਰੀ , ਸੀਨੀਅਰ ਆਗੂ ਓਮ ਪ੍ਰਕਾਸ਼, ਸ਼ਰਨਜੀਤ ਨੰਬਰਦਾਰ,ਕਰਮਚੰਦ ਫੌਜੀ, ਰਾਮਰੂਪ ਠਸਕਾ , ਡਾਕਟਰ ਸੋਹਨ , ਕ੍ਰਿਸ਼ਨ ਗੁਲਾੜੀ , ਸੋਹਨ ਰਾਮਪੁਰਾ, ਚੰਨੀ ਰਾਮਪੁਰਾ, ਗੁਰਸੇਵਕ ਰਾਮਪੁਰਾ,ਡਾਕਟਰ ਦੇਸਰਾਜ , ਸੁਰਿੰਦਰ ਮਾਥੁਰ ,ਸ਼ੇਖਰ , ਅਰਸ਼, ਕੁਲਦੀਪ,ਜੱਸੀ ਚੱਠਾ, ਗੁਰਮੇਲ ਲਹਿਲ , ਆਦਿ ਪਾਰਟੀ ਵਰਕਰ ਹਾਜ਼ਰ ਰਹੇ

## ਸਿਖਿਆ ਮੰਤਰੀ ਨੇ ਰਾਸ਼ਟਰੀ ਸਿਖਿਆ ਨੀਤੀ 2020 ਦੇ ਵਿਆਪਕ ਲਾਗੂ ਕਰਨ ਲਈ ਸੂਬੇਭਰ ਵਿੱਚ ਜਾਗਰੁਕਤਾ ਮੁਹਿੰਮ ਚਲਾਉਣ ਦੇ ਦਿੱਤੇ ਨਿਰਦੇਸ਼

**ਆਜ਼ਾਦ ਸੋਚ, ਚੰਡੀਗੜ੍ਹ, 28 ਅਪ੍ਰੈਲ:**

ਹਰਿਆਣਾ ਦੇ ਸਿਖਿਆ ਮੰਤਰੀ ਸ੍ਰੀ ਮਹੀਪਾਲ ਢਾਂਡਾ ਨੇ ਕਿਹਾ ਕਿ ਸੂਬਾ ਸਰਕਾਰ ਵੱਲੋਂ ਸਰਕਾਰੀ ਸਕੂਲਾਂ ਵਿੱਚ ਸੰਚਾਲਿਤ ਬੁਨਿਆਦ ਅਤੇ ਹਰਿਆਣਾ ਸੁਪਰ-100 ਵਰਗੀ ਮਹਤੱਵਪੂਰਣ ਯੋਜਨਾਵਾਂ ਨੇ ਵਰਨਣਯੋਗ ਨਤੀਜੇ ਦਿੱਤੇ ਹਨ। ਇੰਨ੍ਹਾ ਸਫਲ ਮਾਡਲਾਂ ਦੇ ਆਧਾਰ 'ਤੇ ਹੁਣ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਵੀ ਇਸੀ ਤਰ੍ਹਾ ਦੀ ਯੋਜਨਾਵਾਂ ਲਾਗੂ ਕੀਤੀਆਂ ਜਾਣ, ਤਾਂ ਜੋ ਵੱਧ ਤੋਂ ਵੱਧ ਯੁਵਾ ਸਟਾਰਟਅੱਪ ਸਭਿਆਚਾਰ ਨਾਲ ਜੁੜੇ ਕੇ ਆਤਮਨਿਰਭਰ ਬਣ ਸਕਦੇ ਅਤੇ ਰੁਜ਼ਗਾਰ ਸ੍ਰਿਜਨ ਵਿੱਚ ਆਪਣੀ ਸਰਗਰਮ ਭਾਗੀਦਾਰੀ ਯਕੀਨੀ ਕਰਨ। ਮੰਤਰੀ ਅੱਜ ਪੰਚਕੂਲਾ ਵਿੱਚ ਹਰਿਆਣਾ ਰਾਜ ਉੱਚ ਸਿਖਿਆ ਪਰਿਸ਼ਦ ਦੀ 5ਵੀਂ ਮੀਟਿੰਗ ਵਿੱਚ ਬਤੌਰ ਮੁੱਖ ਮਹਿਮਾਨ ਅਗਵਾਈ ਕਰ ਰਹੇ ਸਨ। ਮੀਟਿੰਗ ਦੌਰਾਨ ਹਰਿਆਣਾ ਰਾਜ ਉੱਚ ਸਿਖਿਆ ਪਰਿਸ਼ਦ ਵੱਲੋਂ ਵਾਧਾਨੀ ਫਾਊਂਡੇਸ਼ਨ ਦੇ ਨਾਲ ਇੱਕ ਮਹਤੱਵਪੂਰਣ ਐਮਓਯੂ 'ਤੇ ਹਸਤਾਖਰ ਕੀਤੇ ਗਏ, ਜੋ ਉਦਮਤਾ ਅਤੇ ਸਕਿਲ ਵਿਕਾਸ ਨੂੰ ਪ੍ਰੋਤਸਾਹਨ ਦੇਣ ਦੀ ਦਿਸ਼ਾ ਵਿੱਚ ਇੱਕ ਅਹਿਮ ਕਦਮ ਹੈ। ਇਸ ਮੌਕੇ 'ਤੇ ਸਿਖਿਆ ਮੰਤਰੀ ਨੇ ਪਰਿਸ਼ਦ ਦੇ ਨਿਯੂਜ਼ਲੇਟਰ ਦੇ ਪਹਿਲੇ ਏਡੀਸ਼ਨ, ਵਿਜ਼ਨ ਮਿਸ਼ਨ ਡਾਕਿਯੂਮੈਂਟ 2047 ਅਤੇ ਵਰਕਸ਼ਾਪ ਦੀ ਸੰਖੇਪ ਜਾਣਕਾਰੀ 'ਤੇ ਅਧਾਰਿਤ ਪੁਸਤਕ ਦੀ ਘੁੰਡ ਚੁਕਾਈ ਕੀਤੀ। ਮੰਤਰੀ ਸ੍ਰੀ ਮਹੀਪਾਲ ਢਾਂਡਾ ਨੇ ਕਿਹਾ ਕਿ ਰਾਸ਼ਟਰੀ ਸਿਖਿਆ ਨੀਤੀ 2020 ਦੇ ਪ੍ਰਭਾਵੀ ਲਾਗੂ ਕਰਨ ਲਈ ਸੂਬਾ ਪੱਧਰ 'ਤੇ ਇੱਕ ਵਿਆਪਕ ਜਾਗਰੁਕਤਾ ਮੁਹਿੰਮ ਸੰਚਾਲਿਤ ਕੀਤੀ ਜਾਵੇਗੀ। ਇਸ ਦੇ ਤਹਿਤ ਹਰੇਕ ਜਿਲ੍ਹਾ ਵਿੱਚ ਨਿਰਧਾਰਿਤ ਪ੍ਰੋਗਰਾਮਾਂ ਰਾਹੀਂ ਸਵੇਰੇ ਦੇ ਸਮੇਂ ਸਰਕਾਰੀ ਸੈਕੇਂਡਰੀ ਸਕੂਲਾਂ ਅਤੇ ਦੁਪਹਿਰ ਦੇ ਸਮੇਂ ਸਰਕਾਰੀ ਸੀਨੀਅਰ ਸੈਕੇਂਡਰੀ ਸਕੂਲਾਂ ਵਿੱਚ ਅਧਿਆਪਕਾਂ ਨੂੰ ਇਸ ਨੀਤੀ ਦੇ ਵੱਖ-ਵੱਖ ਮੁਕਾਮਾਂ ਨਾਲ ਜਾਣੂ ਕਰਾਇਆ ਜਾਵੇਗਾ। ਇਸ ਮੁਹਿੰਮ ਵਿੱਚ ਯੂਨੀਵਰਸਿਟੀਆਂ ਦੇ ਵਾਇਸ ਚਾਂਸਲਰਾਂ ਅਤੇ ਅਧਿਆਪਕਾਂ ਦੀ ਸਰਗਰਮ ਸਹਿਭਾਗਤਾ ਯਕੀਨੀ ਕੀਤੀ ਜਾਵੇਗੀ। ਸਿਖਿਆ ਮੰਤਰੀ ਨੇ ਨਿਰਦੇਸ਼ ਦਿੱਤੇ ਕਿ ਕਾਲਜਾਂ ਅਤੇ ਯੂਨੀਵਰਸਿਟੀਆਂ ਦੇ ਅਧਿਆਪਕ ਵੀ ਸਮੇਂ-ਸਮੇਂ 'ਤੇ 11ਵੀਂ ਅਤੇ 12ਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਰਾਸ਼ਟਰੀ ਸਿਖਿਆ ਨੀਤੀ ਦੇ ਪ੍ਰਾਵਧਾਨਾਂ ਤੋਂ ਜਾਣੂ ਕਰਵਾਉਣ, ਤਾਂ ਜੋ ਉਹ ਉੱਚ ਸਿਖਿਆ ਦੇ ਨਵੀਂ ਮੌਕਿਆਂ ਅਤੇ ਸੰਭਾਵਨਾਵਾਂ ਨੂੰ ਸਮਝਦੇ ਹੋਏ ਆਪਣੇ ਭਵਿੱਖ ਦੀ ਦਿਸ਼ਾ ਤੈਅ ਕਰ ਸਕਣ। ਉਨ੍ਹਾਂ ਨੇ ਕਿਹਾ ਕਿ ਅਧਿਆਪਕਾਂ ਦੀ ਭੂਮਿਕਾ ਸਿਰਫ ਵਿਦਿਅਕ ਗਿਆਨ ਤੱਕ ਸੀਮਤ ਨਾ ਰਹਿ ਕੇ ਵਿਦਿਆਰਥੀਆਂ ਨੂੰ ਰੁਜ਼ਗਾਰਪਰਕ ਸਕਿਲ ਅਤੇ ਉਦਮਤਾ ਦੇ ਵੱਲ ਪ੍ਰੇਰਿਤ ਕਰਨ ਵਿੱਚ ਵੀ ਮਹਤੱਵਪੂਰਣ ਹੋਣੀ ਚਾਹੀਦੀ ਹੈ। ਇਸ ਦੇ ਲਈ ਨਿਯਮਤ ਅੰਤਰਾਲ 'ਤੇ ਵਰਕਸ਼ਾਪ ਅਤੇ ਸਿਖਲਾਈ ਪ੍ਰੋਗਰਾਮ ਆਯੋਜਿਤ ਕੀਤੇ ਜਾਣ। ਉਨ੍ਹਾਂ ਨੇ ਇਹ ਵੀ ਕਿਹਾ ਕਿ ਸੂਬੇ ਦੇ ਕਾਲਜਾਂ ਅਤੇ ਯੂਨੀਵਰਸਿਟੀਆਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਵਧਾਉਣ ਦੇ ਨਾਲ-ਨਾਲ ਉਨ੍ਹਾਂ ਦੀ ਗੁਣਵੱਤਾ ਅਤੇ ਵਿਸ਼ਵ ਮੁਕਾਬਲੇਬਾਜੀ ਨੂੰ ਧਿਆਨ ਵਿੱਚ ਰੱਖਦੇ ਹੋਏ ਕੋਰਸਾਂ ਵਿੱਓ ਸਮੇਂ ਅਨੁਕੂਲ ਬਦਲਾਅ ਕੀਤੇ ਜਾਣ। ਵਿਦੇਸ਼ੀ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਨ ਲਈ ਵੀ ਵਿਸ਼ੇਸ਼ ਯਤਨ ਕੀਤੇ ਜਾਣ ਅਤੇ ਮੇਧਾਵੀ ਅਤੇ ਪ੍ਰਤਿਭਾਸ਼ਾਲੀ ਵਿਦਿਆਰਥੀਆਂ ਨੂੰ ਪ੍ਰੋਤਸਾਹਿਤ ਕਰਨ ਲਈ ਸਨਮਾਨਿਤ ਕੀਤਾ ਜਾਵੇ। ਇਸ ਮੌਕੇ 'ਤੇ ਪ੍ਰੋਫੈਸਰ ਕੇ ਸੀ ਸ਼ਰਮਾ ਚੇਅਰਮੈਨ ਹਰਿਆਣਾ ਰਾਜ ਉੱਚ ਸਿਖਿਆ ਪਰਿਸ਼ਦ ਨੇ ਪਰਿਸ਼ਦ ਦੇ ਮੈਂਬਰਾਂ ਨੂੰ ਜਾਣੂ ਕਰਵਾਇਆ ਕਿ ਪਰਿਸ਼ਦ ਵੱਲੋਂ ਵੱਖ-ਵੱਖ ਯੂਨੀਵਰਸਿਟੀਜ, ਏਆਈਸੀਟੀਈ, ਨੈਸ਼ਨਲ ਬੋਰਡ ਆਫ ਅਕ੍ਰੇਡਟੈਸ਼ਨ (ਐਨਬੀਏ) ਉੱਚੇਰੀ ਸਿਖਿਆ ਵਿਭਾਗ ਦੇ ਨਾਲ ਤਾਲਮੇਲ ਕਰ ਕੇ ਅਨੇਕ ਵਰਕਸ਼ਾਪਸ ਦਾ ਆਯੋਜਨ ਕੀਤਾ ਗਿਆ। ਰਾਸ਼ਟਰੀ ਸਿਖਿਆ ਨੀਤੀ ਨੂੰ ਲਾਗੂ ਕਰਨ ਦੀ ਦਿਸ਼ਾ ਵਿੱਚ ਵਿਦਿਆਰਥੀ ਕੇਂਦ੍ਰਿਤ ਪ੍ਰਾਵਧਾਨਾਂ ਨੂੰ ਵਿਦਿਆਰਥੀਆਂ ਤੱਕ ਪਹੁੰਚਾਉਣ ਦੇ ਲਈ ਵੱਖ-ਵੱਖ ਯੂਨੀਵਰਸਿਟੀਜ਼ ਰਾਹੀਂ ਵਿਦਿਆਰਥੀਆਂ ਤੱਕ ਪਹੁੰਚਾਇਆ ਗਿਆ। ਭਾਰਤੀ ਗਿਆਨ ਪਰੰਪਰਾ ਨੂੰ ਰਾਸ਼ਟਰੀ ਸਿਖਿਆ ਨੀਤੀ 2020 ਅਨੁਸਾਰ ਕੋਰਸ ਵਿੱਚ ਪ੍ਰਭਾਵੀ ਰੂਪ ਨਾਲ ਸ਼ਾਮਿਲ ਕਰਨ ਬਾਰੇ ਕਦਮ ਚੁੱਕੇ ਜਾ ਰਹੇ ਹਨ, ਸਵਰਣ ਜੈਯਤੀ ਹਰਿਆਣਾ ਇੰਸਟੀਟਿਯੂਟ ਫਾਰ ਫਿਸੀਕਲ ਮੈਨੇਜਮੈਂਟ ਦੇ ਸਹਿਯੋਗ ਨਾਲ ਰਾਸ਼ਟਰੀ ਸਿਖਿਆ ਮੁਲਾਂਕਣ ਅਤੇ ਤਸਦੀਕ (ਐਨਈਈਵੀ) ਪੋਰਟਲ ਸ਼ੁਰੂ ਕੀਤਾ ਗਿਆ ਹੈ। ਉਨ੍ਹਾਂ ਨੇ ਦਸਿਆ ਕਿ ਪਰਿਸ਼ਦ ਵੱਲੋਂ ਯੂਨੀਵਰਸਿਟੀਆਂ ਦੇ ਪ੍ਰਦਰਸ਼ਨ ਵਿੱਚ ਸੁਧਾਰ ਤਹਿਤ ਪ੍ਰਦਰਸ਼ਨ-ਅਧਾਰਿਤ ਬਜਟਿੰਗ ਦਾ ਪ੍ਰਸਤਾਵ ਵੀ ਸਰਕਾਰ ਨੂੰ ਪੇਸ਼ ਕੀਤਾ ਗਿਆ ਹੈ। ਨਾਲ ਹੀ, ਤਕਨੀਕੀ ਅਧਿਆਪਕ ਸਿਖਲਾਈ ਦੇ ਮਜਬੂਤੀਕਰਣ ਤਹਿਤ ਐਨਆਈਟੀਟੀਆਰ ਚੰਡੀਗੜ੍ਹ ਦੇ ਵਿਸਤਾਰ ਕੇਂਦਰ ਦੀ ਸਥਾਪਨਾ ਲਈ ਕਮੇਟੀ ਦਾ ਗਠਨ ਕੀਤਾ ਗਿਆ ਹੈ। ਮੀਟਿੰਗ ਵਿੱਚ ਹਰਿਆਣਾ ਰਾਜ ਉੱਚ ਸਿਖਿਆ ਪਰਿਸ਼ਦ ਦੇ ਵਾਇਸ ਚੇਅਰਪਰਸਨ ਪ੍ਰੋਫੈਸਰ ਐਸ ਕੇ ਗੱਖੜ, ਸਟੇਟ ਪ੍ਰੋਜੈਕਟ ਡਾਇਰੈਕਟਰ ਪ੍ਰੋਫੈਸਰ ਆਰਐਸ ਰਾਠੌੜ ਤੇ ਵੱਖ-ਵੱਖ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਤੇ ਹੋਰ ਅਧਿਕਾਰੀ ਮੌਜੂਦ ਰਹੇ।

# ਹਰੀਆਂ ਸਬਜ਼ੀਆਂ ਅਤੇ ਪੌਸ਼ਟਿਕਤਾ

**ਕਲਪਨਾ ਸ਼ਰਮਾ**




ਹਰੀਆਂ ਸਬਜ਼ੀਆਂ ਜਿਥੇ ਇਕ ਪਾਸੇ ਸਰੀਰ ਨੂੰ ਪੌਸ਼ਟਿਕ ਰੂਪ ਨਾਲ ਸੁਰੱਖਿਆ ਪ੍ਰਦਾਨ ਕਰਦੀਆਂ ਹਨ, ਉਥੇ ਇਨ੍ਹਾਂ ਵਿਚ ਮੌਜੂਦ ਰੇਸ਼ੇ ਅੰਤੜੀਆਂ ਦੇ ਵਿਅਰਥ ਪਦਾਰਥਾਂ ਨੂੰ ਬਾਹਰ ਕੱਢਣ ਵਿਚ ਸਹਾਇਕ ਹੁੰਦੇ ਹਨ। ਇਨ੍ਹਾਂ ਰੇਸ਼ਿਆਂ ਦੀ ਘਾਟ ਨਾਲ ਕਬਜ਼ ਅਤੇ ਹੋਰ ਰੋਗ ਪੈਦਾ ਹੋ ਜਾਂਦੇ ਹਨ। ਇਨ੍ਹਾਂ ਸਾਰੀਆਂ ਬਿਮਾਰੀਆਂ ਨੂੰ ਰੋਕਣ ਲਈ ਭੋਜਨ ਵਿਚ ਜ਼ਿਆਦਾ ਤੋਂ ਜ਼ਿਆਦਾ ਹਰੀਆਂ ਪੱਤੇਦਾਰ ਸਬਜ਼ੀਆਂ ਸਲਾਦ ਦੇ ਰੂਪ ਵਿਚ ਵਰਤੋਂ ਕਰਨੀਆਂ ਚਹੀਦੀਆਂ ਹਨ। ਸਲਾਦ ਦੇ ਰੂਪ ਵਿਚ ਇਨ੍ਹਾਂ ਦੀ ਵਰਤੋਂ ਜ਼ਿਆਦਾ ਲਾਭਕਾਰੀ ਹੁੰਦੀ ਹੈ।

ਗਰਭਵਤੀ ਔਰਤਾਂ ਲਈ ਵੀ ਹਰੀਆਂ ਸਬਜ਼ੀਆਂ ਦੀ ਵਿਸ਼ੇਸ਼ ਥਾਂ ਹੈ। ਇਸ ਸਥਿਤੀ ਵਿਚ ਵਾਧੂ ਪੌਸ਼ਕ ਤੱਤਾਂ ਦੀ ਜ਼ਰੂਰਤ ਹੁੰਦੀ ਹੈ। ਜ਼ਿਆਦਾ ਮਾਤਰਾ ਵਿਚ ਵਿਟਾਮਿਨ ਅਤੇ ਖਣਿਜ ਲੂਣ ਹਾਸਲ ਕਰਨ ਲਈ ਭੋਜਨ ਵਿਚ ਹਰੀਆਂ ਪੱਤੇਦਾਰ ਸਬਜ਼ੀਆਂ ਨੂੰ ਸ਼ਾਮਿਲ ਕੀਤਾ ਜਾਣਾ ਚਾਹੀਦਾ ਹੈ। ਜਿਥੋਂ ਤੱਕ ਸੰਭਵ ਹੋਵੇ, ਹਰੀਆਂ ਪੱਤੇਦਾਰ ਸਬਜ਼ੀਆਂ ਨੂੰ ਭੋਜਨ ਦਾ ਇਕ ਜ਼ਰੂਰੀ ਅੰਗ ਮੰਨ ਕੇ ਹਰ ਰੋਜ਼ ਭੋਜਨ ਵਿਚ ਸ਼ਾਮਿਲ ਕਰਨਾ ਲਾਭਕਾਰੀ ਹੋਵੇਗਾ।



ਹਰੀ ਸਰ੍ਹੋਂ, ਚੌਲਾਈ ਆਦਿ ਕੈਲਸ਼ੀਅਮ ਦੇ ਚੰਗੇ ਸਾਧਨ ਹਨ ਜੋ ਸਾਡੇ ਸਰੀਰ ਦੀਆਂ ਹੱਡੀਆਂ ਅਤੇ ਦੰਦਾਂ ਲਈ ਵਿਸ਼ੇਸ਼ ਤੌਰ 'ਤੇ ਲਾਭਕਾਰੀ ਹਨ। ਗੂੜ੍ਹੀਆਂ ਹਰੀਆਂ ਸਬਜ਼ੀਆਂ ਜਿਵੇਂ ਪਾਲਕ ਤੇ ਮੇਥੀ ਵਿਚ ਲੋਹੇ ਦੀ ਮਾਤਰਾ ਜ਼ਿਆਦਾ ਪਾਈ ਜਾਂਦੀ ਹੈ ਅਤੇ ਲੋਹਾ ਸਾਡੇ ਸਰੀਰ ਵਿਚ ਖ਼ੂਨ ਬਣਾਉਣ ਅਤੇ ਉਸ ਨੂੰ ਲਾਲਿਮਾ ਪ੍ਰਦਾਨ ਕਰਨ ਵਿਚ ਸਹਾਇਕ ਹੁੰਦਾ ਹੈ।

ਇਸੇ ਤਰ੍ਹਾਂ ਹਰੀਆਂ ਪੱਤੇਦਾਰ ਸਬਜ਼ੀਆਂ ਵਿਚ ਕੈਰੋਟਿਨ ਦੀ ਜ਼ਿਆਦਾ ਮਾਤਰਾ ਪਾਈ ਜਾਂਦੀ ਹੈ। ਇਹੀ ਕੈਰੋਟਿਨ ਸਰੀਰ ਵਿਚ ਜਾ ਕੇ ਵਿਟਾਮਿਨ 'ਏ' ਵਿਚ ਬਦਲ ਜਾਂਦੀ ਹੈ ਜੋ ਕਿ ਅੱਖਾਂ ਦੀ ਰੌਸ਼ਨੀ ਲਈ ਅਤਿਅੰਤ ਲਾਭਕਾਰੀ ਹੈ। ਇਸ ਦੇ ਨਾਲ-ਨਾਲ ਹਰੀਆਂ ਪੱਤੇਦਾਰ ਸਬਜ਼ੀਆਂ ਵਿਚ ਵਿਟਾਮਿਨ 'ਬੀ' ਕੰਪਲੈਕਸ ਵੀ ਜ਼ਿਆਦਾ ਮਾਤਰਾ ਵਿਚ ਪਾਇਆ ਜਾਂਦਾ ਹੈ। ਕੱਚੀਆਂ ਹਰੀਆਂ ਸਬਜ਼ੀਆਂ ਵਿਚ ਵਿਟਾਮਿਨ 'ਸੀ' ਦੀ ਸਹੀ ਮਾਤਰਾ ਪਾਈ ਜਾਂਦੀ ਹੈ, ਜੋ ਪਕਾਉਣ ਨਾਲ ਨਸ਼ਟ ਹੋ ਜਾਂਦੀ ਹੈ। ਆਮ ਤੌਰ 'ਤੇ ਇਹ ਦੇਖਿਆ ਜਾਂਦਾ ਹੈ ਕਿ ਇਕ ਭੋਜਨ ਪਦਾਰਥ ਕਿਸੇ ਇਕ ਜਾਂ ਦੋ ਪੌਸ਼ਕ ਤੱਤਾਂ ਨਾਲ ਭਰਪੂਰ ਹੁੰਦਾ ਹੈ ਪਰੰਤੂ ਹਰੀਆਂ ਪੱਤੇਦਾਰ ਸਬਜ਼ੀਆਂ ਵਿਚੋਂ ਅਸੀਂ ਇਕ ਜਾਂ ਦੋ ਨਹੀਂ ਬਲਕਿ ਪੰਜ-ਛੇ ਪੌਸ਼ਕ ਤੱਤ ਹਾਸਲ ਕਰਦੇ ਹਾਂ। ਇਸ ਸੰਦਰਭ ਵਿਚ ਜੇਕਰ ਅਸੀਂ ਪੌਸ਼ਕ ਤੱਤਾਂ ਦੀ ਸੂਚੀ ਬਣਾਈਏ ਤਾਂ ਅਨੇਕਾਂ ਵਿਟਾਮਿਨ ਅਤੇ ਖਣਿਜ ਤੱਤ ਸ਼ਾਮਿਲ ਦਿਸਦੇ ਹਨ ਜਿਵੇਂ ਵਿਟਾਮਿਨ ਏ, ਬੀ, ਸੀ, ਕੈਲਸ਼ੀਅਮ, ਲੋਹਾ ਅਤੇ ਮੈਗਨੀਸ਼ੀਅਮ। ਕੁਝ ਮਾਤਰਾ ਵਿਚ ਪ੍ਰੋਟੀਨ, ਕਾਰਬੋਹਾਈਡ੍ਰੇਟ ਅਤੇ ਊਰਜਾ ਵੀ ਸ਼ਾਮਿਲ ਹੈ।

ਹਰੀਆਂ ਪੱਤੇਦਾਰ ਸਬਜ਼ੀਆਂ ਵਿਚ ਪਾਏ ਜਾਣ ਵਾਲੇ ਪੌਸ਼ਕ ਤੱਤ : ਭੋਜਨ ਵਿਚ ਜੇਕਰ ਕਿਸੇ ਵੀ ਸਮੇਂ ਅਸੀਂ 50 ਗ੍ਰਾਮ ਹਰੀਆਂ ਸਬਜ਼ੀਆਂ ਦੀ ਵਰਤੋਂ ਕਰੀਏ ਤਾਂ ਸਰੀਰ ਵਿਚ ਕਈ ਪੌਸ਼ਕ ਤੱਤਾਂ ਦੀ ਜ਼ਰੂਰਤ ਇਕੋ ਵੇਲੇ ਪੂਰੀ ਹੋ ਜਾਂਦੀ ਹੈ। ਇਸੇ ਤਰ੍ਹਾਂ ਜੇਕਰ ਛੋਟੇ ਬੱਚਿਆਂ ਨੂੰ ਪੂਰੇ ਦਿਨ ਵਿਚ 20 ਗ੍ਰਾਮ ਹਰੀਆਂ ਪੱਤੇਦਾਰ ਸਬਜ਼ੀਆਂ ਦਿੱਤੀਆਂ ਜਾਣ ਤਾਂ ਇਸ ਤੋਂ ਬੱਚਿਆਂ ਦੇ ਸਰੀਰ ਵਿਚ ਰੋਗਾਂ ਨਾਲ ਲੜਨ ਦੀ ਤਾਕਤ ਵਧਦੀ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਦੇਖਦੇ ਹੋਏ ਇਹ ਗੱਲ ਸਪੱਸ਼ਟ ਤੌਰ 'ਤੇ ਕਹੀ ਜਾ ਸਕਦੀ ਹੈ ਕਿ ਉਹ ਸਾਰੇ ਵਿਟਾਮਿਨ ਅਤੇ ਖਣਿਜ ਲੂਣ ਜੋ ਕਿ ਮਜ਼ਬੂਤ ਹੱਡੀਆਂ ਅਤੇ ਦੰਦਾਂ, ਸਿਹਤਮੰਦ ਅੱਖਾਂ, ਚਮਕਦਾਰ ਵਾਲ ਅਤੇ ਚਮੜੀ ਅਤੇ ਹੋਰ ਖ਼ੂਨ ਪ੍ਰਵਾਹ ਲਈ ਜ਼ਰੂਰੀ ਹਨ, ਉਹ ਸਾਰੀਆਂ ਹਰੀਆਂ ਪੱਤੇਦਾਰ ਸਬਜ਼ੀਆਂ ਵਿਚ ਮੌਜੂਦ ਹੁੰਦੇ ਹਨ।

ਹਰੀਆਂ ਪੱਤੇਦਾਰ ਸਬਜ਼ੀਆਂ ਨੂੰ ਭੋਜਨ ਵਿਚ ਸ਼ਾਮਿਲ ਕਰਨ ਲਈ ਇਹ ਜ਼ਰੂਰੀ ਨਹੀਂ ਕਿ ਉਨ੍ਹਾਂ ਨੂੰ 'ਸਾਗ' ਦੇ ਰੂਪ ਵਿਚ ਹੀ ਵਰਤੋਂ ਕੀਤਾ ਜਾਵੇ, ਤਦੋਂ ਉਸ ਦੇ ਲਾਭ ਹਾਸਲ ਹੋਣਗੇ ਬਲਕਿ ਜੇਕਰ ਪਾਲਕ, ਬਾਥੂ, ਮੇਥੀ, ਮੂਲੀ ਦੇ ਪੱਤੇ, ਸਰ੍ਹੋਂ, ਚੌਲਾਈ ਆਦਿ ਨੂੰ ਆਲੂ ਦੇ ਨਾਲ ਬਣਾਇਆ ਜਾਵੇ ਤਾਂ ਵੀ ਲਾਭ ਹਾਸਲ ਹੁੰਦਾ ਹੈ। ਇਸੇ ਤਰ੍ਹਾਂ ਪਾਲਕ ਨੂੰ ਪਨੀਰ ਦੇ ਨਾਲ ਬਣਾ ਕੇ ਅਤੇ ਜ਼ਿਆਦਾ ਸਵਾਦੀ ਅਤੇ ਪੌਸ਼ਟਿਕ ਬਣਾਇਆ ਜਾ ਸਕਦਾ ਹੈ।

ਹਰੀਆਂ ਪੱਤੇਦਾਰ ਸਬਜ਼ੀਆਂ ਦੀ ਸਲਾਦ ਅਤੇ ਸੂਪ ਦੇ ਰੂਪ ਵਿਚ ਵਰਤੋਂ ਕੀਤੀ ਜਾ ਸਕਦੀ ਹੈ।

ਹਰੀਆਂ ਪੱਤੇਦਾਰ ਸਬਜ਼ੀਆਂ ਨੂੰ ਚੰਗੀ ਤਰ੍ਹਾਂ ਧੋ ਕੇ ਅਤੇ ਬਾਰੀਕ ਕੱਟ ਕੇ ਆਟੇ ਨਾਲ ਗੁੰਨ੍ਹ ਕੇ ਪਰੌਂਠੇ ਜਾਂ ਰੋਟੀ ਬਣਾਈ ਜਾ ਸਕਦੀ ਹੈ। ਇਸੇ ਤਰ੍ਹਾਂ ਹਰੀਆਂ ਪੱਤੇਦਾਰ ਸਬਜ਼ੀਆਂ ਦਾ ਰਾਇਤਾ ਜਾਂ ਪਕੌੜੇ ਬਣਾ ਕੇ ਸਵਾਦੀ ਰੂਪ ਵਿਚ ਵਰਤੋਂ ਕੀਤੀ ਜਾ ਸਕਦੀ ਹੈ।

## ਅਜਵਾਇਣ

**ਸੁਨੀਤਾ ਗਾਬਾ**

ਗਲੇ ਵਿਚ ਦਰਦ ਹੋਣ 'ਤੇ ਅਜਵਾਇਣ ਦੇ ਪਾਣੀ ਨਾਲ ਗਰਾਰੇ ਕਰੋ। ਜੇਕਰ ਜ਼ਿਆਦਾ ਦਰਦ ਹੋਵੇ ਤਾਂ ਦਿਨ ਵਿਚ ਤਿੰਨ ਤੋਂ ਚਾਰ ਵਾਰ ਗਰਾਰੇ ਕਰੋ, ਤੁਰੰਤ ਰਾਹਤ ਮਿਲੇਗੀ। ਅਸਥਮਾ ਰੋਗੀਆਂ ਨੂੰ ਅਜਵਾਇਣ ਦੀ ਗਰਮ ਪੁਲਿਟਸ ਨਾਲ ਸੀਨੇ ਵਿਚ ਸਿਕਾਈ ਕਰਨ ਨਾਲ ਲਾਭ ਮਿਲਦਾ ਹੈ।

ਜੇਕਰ ਮਾਹਵਾਰੀ ਅਨਿਯਮਤ ਆ ਰਹੀ ਹੋਵੇ ਤਾਂ ਡੇਟ ਆਉਣ ਤੋਂ ਦੋ-ਤਿੰਨ ਦਿਨ ਪਹਿਲਾਂ ਪੁਰਾਣੇ ਗੁੜ ਅਤੇ ਅਜਵਾਇਣ ਦਾ ਕਾੜ੍ਹਾ ਬਣਾ ਕੇ ਪੀਣ ਨਾਲ ਲਾਭ ਮਿਲਦਾ ਹੈ। ਜੇਕਰ ਪੇਟ ਵਿਚ ਦਰਦ ਹੋ ਰਿਹਾ ਹੋਵੇ ਤਾਂ ਅਜਵਾਇਣ ਨੂੰ ਗੁੜ ਨਾਲ ਖਾ ਕੇ ਉੱਪਰੋਂ ਦੀ ਪਾਣੀ ਪੀ ਲੈਣ ਨਾਲ ਆਰਾਮ ਮਿਲਦਾ ਹੈ। ਛੋਟੇ ਬੱਚੇ ਹਰੇ-ਪੀਲੇ ਦਸਤ ਕਰ ਰਹੇ ਹੋਣ ਤਾਂ ਅੱਧੇ ਤੋਂ ਵੀ ਥੋੜ੍ਹੇ ਛੋਟੇ ਚਮਚ ਵਿਚ ਬਰੀਕ ਪਾਊਡਰ ਦੀ ਅਜਵਾਇਣ ਲਓ। ਉਸ ਵਿਚ ਮਾਂ ਦਾ ਦੁੱਧ ਮਿਲਾ ਕੇ ਬੱਚੇ ਨੂੰ ਦਿਨ ਵਿਚ ਦੋ ਤੋਂ ਤਿੰਨ ਵਾਰ ਦਿਓ। ਸ਼ਿਕਾਇਤ ਦੂਰ ਹੋਵੇਗੀ।

ਜੇਕਰ ਪੇਟ ਵਿਚ ਕੀੜੇ ਹੋਣ ਤਾਂ ਇਕ ਛੋਟਾ ਚਮਚ ਅਜਵਾਇਣ ਦਾ ਚੂਰਨ ਲੱਸੀ ਵਿਚ ਮਿਲਾ ਕੇ ਪੀਣ ਨਾਲ ਪੇਟ ਦੇ ਕੀੜੇ ਖਤਮ ਹੋ ਜਾਂਦੇ ਹਨ। ਅਜਵਾਇਣ ਦਾ ਕਾੜ੍ਹਾ ਪੀਣ ਨਾਲ ਕਬਜ਼ ਦੂਰ ਹੁੰਦੀ ਹੈ ਅਤੇ ਅੰਤੜੀਆਂ ਵਿਚ ਸੜਨ ਵੀ ਨਹੀਂ ਹੁੰਦੀ। ਸਰਦੀ-ਜ਼ੁਕਾਮ ਅਤੇ ਖੰਘ ਹੋਣ 'ਤੇ ਪਾਨ ਵਿਚ ਅਜਵਾਇਣ ਪਾ ਕੇ ਖਾਣ ਨਾਲ ਲਾਭ ਮਿਲਦਾ ਹੈ।

× ਪੇਟ ਵਿਚ ਭਾਰੀਪਨ ਹੋਣ 'ਤੇ, ਗੈਸ ਬਣਨ 'ਤੇ, ਖੱਟੇ ਡਕਾਰ ਆਉਣ 'ਤੇ ਅੱਧਾ ਛੋਟਾ ਚਮਚ ਅਜਵਾਇਣ ਵਿਚ ਚੌਥਾਈ ਚਮਚ ਖਾਣੇ ਵਾਲਾ ਸੋਡਾ ਮਿਲਾ ਕੇ ਫੱਕ ਲਓ, ਉੱਪਰੋਂ ਕੋਸਾ ਪਾਣੀ ਦੋ-ਚਾਰ ਘੁੱਟ ਪੀ ਲਓ।

ਖਾਣਾ ਖਾਣ ਤੋਂ 10 ਮਿੰਟ ਬਾਅਦ ਲਓ। ਅਜਵਾਇਣ, ਕਾਲਾ ਨਮਕ ਅਤੇ ਹਿੰਗ ਤਿੰਨਾਂ ਨੂੰ ਪੀਸ ਕੇ ਰੱਖ ਲਓ। ਪੇਟ ਦਰਦ ਹੋਣ 'ਤੇ ਅੱਧਾ ਚਮਚਾ ਦਿਨ ਵਿਚ ਦੋ ਵਾਰ ਕੋਸੇ ਪਾਣੀ ਨਾਲ ਲਓ। ਰਾਹਤ ਮਿਲੇਗੀ।

# ਹਲਕੇ ਦੀਆਂ 90 ਫੀਸਦੀ ਸੜਕਾਂ ਦਾ ਹੋਵੇਗਾ ਨਵੀਨੀਕਰਨ : ਵਿਧਾਇਕ ਰਾਏ

ਫਤਿਹਗੜ੍ਹ ਸਾਹਿਬ, 28 ਅਪ੍ਰੈਲ ਸੁਨੀਲ ਵਰਮਾ): ਮੁੱਖ ਮੰਤਰੀ ਭਗਵੰਤ ਮਾਨ ਦੀ ਯੋਗ ਅਗਵਾਈ ਦੇ ਸਦਕਾ ਹਲਕਾ ਫਤਿਹਗੜ ਸਾਹਿਬ ਦੀਆਂ 90 ਫੀਸਦੀ ਸੜਕਾਂ ਦਾ ਨਵੀਨੀਕਰਨ ਹੋਵੇਗਾ। ਇੱਥੇ ਹੀ ਬੱਸ ਨਹੀਂ ਸੜਕਾਂ ਨੂੰ ਪੰਜ ਸਾਲ ਤੱਕ ਇਸੇ ਤਰ੍ਹਾਂ ਬਣਾਈ ਰੱਖਣ ਦੇ ਲਈ ਠੇਕੇਦਾਰਾਂ ਨੂੰ ਜਿੰਮੇਵਾਰ ਬਣਾਇਆ ਗਿਆ ਹੈ। ਇਹ ਪ੍ਰਗਟਾਵਾ ਫਤਿਹਗੜ੍ਹ ਸਾਹਿਬ ਦੇ ਵਿਧਾਇਕ ਐਡਵੋਕੇਟ ਲਖਬੀਰ ਸਿੰਘ ਰਾਏ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਪਿਛਲੀਆਂ ਸਰਕਾਰਾਂ ਸਮੇਂ ਅਜਿਹੇ ਫੈਸਲੇ ਹੀ ਨਹੀਂ ਲਏ ਗਏ, ਜਿਸ ਦਾ ਖਮਿਆਜਾ ਆਮ ਲੋਕਾਂ ਨੂੰ ਭੁਗਤਣਾ ਪਿਆ ਹੈ।



ਉਹਨਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਉਹ ਪਹਿਲੀ ਸਰਕਾਰ ਹੈ ਜੋ ਜਨਤਾ ਦੇ ਪੈਸੇ ਨੂੰ ਸਹੀ ਤਰੀਕੇ ਦੇ ਨਾਲ ਵਰਤ ਰਹੀ ਹੈ।ਉਹਨਾਂ ਕਿਹਾ ਕਿ ਸੂਬੇ ਦੇ ਲੋਕਾਂ ਨੂੰ ਇਸ ਗੱਲ ਤੇ ਮਾਣ ਮਹਿਸੂਸ ਕਰਨਾ ਚਾਹੀਦਾ ਹੈ ਅਤੇ ਸਮਝਣਾ ਚਾਹੀਦਾ ਹੈ ਕਿ ਜੋ ਵਿਰੋਧੀ ਪਾਰਟੀਆਂ ਮੌਜੂਦਾ ਸਰਕਾਰ ਦੇ ਖਿਲਾਫ ਪ੍ਰਚਾਰ ਕਰ ਰਹੀਆਂ ਹਨ ਉਹਨਾਂ ਨੇ ਆਪਣੇ ਰਾਜ ਦੇ ਵਿੱਚ ਸੂਬੇ ਲਈ ਕੀ ਕੀਤਾ ਹੈ।

ਭਾਰਤੀ ਜਨਤਾ ਪਾਰਟੀ ਪੂਰੀ ਤਰ੍ਹਾਂ ਦੇ ਨਾਲ ਸੂਬਾ ਵਿਰੋਧੀ ਹੈ ਜਿੱਥੇ ਸੂਬੇ ਦਾ ਕਰੋੜਾਂ ਰੁਪਈਆ ਰੋਕ ਕੇ ਲੋਕਾਂ ਨੂੰ ਪਰੇਸ਼ਾਨ ਹੋਣ ਲਈ ਛੱਡਿਆ ਗਿਆ ਹੈ, ਉੱਥੇ ਹੀ ਨਵੇਂ ਨਵੇਂ ਕਾਨੂੰਨ ਬਣਾ ਕੇ ਪੰਜਾਬ ਦੇ ਹੱਕਾਂ ਨੂੰ ਖੋਹਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਪਰੰਤੂ ਭਾਰਤੀ ਜਨਤਾ ਪਾਰਟੀ ਨੂੰ ਇਹ ਸਮਝ ਲੈਣਾ ਚਾਹੀਦਾ ਹੈ ਕਿ ਪੰਜਾਬ ਹਮੇਸ਼ਾ ਹੀ ਡਿੱਗ ਡਿੱਗ ਕੇ ਉੱਠਦਾ ਰਿਹਾ ਹੈ, ਦੁਵਾਰਾ ਫਿਰ ਉਠੇਗਾ। ਜਿਸ ਕਾਰਨ ਭਾਰਤੀ ਜਨਤਾ ਪਾਰਟੀ ਨੂੰ ਮੂੰਹ ਦੀ ਖਾਣੀ ਪਵੇਗੀ। ਪੰਜਾਬ ਦੇ ਲੋਕ ਭਾਰਤੀ ਜਨਤਾ ਪਾਰਟੀ ਦੀਆਂ ਲੁੰਬੜ ਚਾਲਾਂ ਨੂੰ ਸਮਝ ਚੁੱਕੇ ਹਨ ਅਤੇ ਉਹ ਭਾਰਤੀ ਜਨਤਾ ਪਾਰਟੀ ਨੂੰ ਮੂੰਹ ਨਹੀਂ ਲਗਾਉਣਗੇ।

ਉਹਨਾਂ ਕਿਹਾ ਕਿ ਭਗਵੰਤ ਮਾਨ ਸਰਕਾਰ ਵੱਲੋਂ ਜਿੱਥੇ ਸੂਬੇ ਦਾ ਸਰਵਪੱਖੀ ਵਿਕਾਸ ਕਰਵਾਇਆ ਜਾ ਰਿਹਾ ਹੈ, ਉੱਥੇ ਹੀ ਆਮ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਦੇ ਲਈ ਸਰਕਾਰ ਵੱਲੋਂ ਹਰ ਸੰਭਵ ਉਪਰਾਲਾ ਕੀਤਾ ਜਾ ਰਿਹਾ ਹੈ। ਜਿੱਥੇ ਸਿੱਖਿਆ ਨੂੰ ਪ੍ਰਫੁੱਲਤ ਕਰਨ ਦੇ ਲਈ ਸਿੱਖਿਆ ਕ੍ਰਾਂਤੀ ਮੁਹਿੰਮ ਚਲਾਈ ਜਾ ਰਹੀ ਹੈ, ਉੱਥੇ ਹੀ ਸਿਹਤ ਸਹੂਲਤਾਂ ਵਿੱਚ ਸੁਧਾਰ ਲਿਆਉਣ ਦੇ ਲਈ ਸਿਹਤ ਕ੍ਰਾਂਤੀ ਦਾ ਵੀ ਆਗਾਜ਼ ਕੀਤਾ ਹੋਇਆ ਹੈ। ਇੱਥੇ ਹੀ ਬੱਸ ਨਹੀਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਦੇ ਤਹਿਤ ਜਿੱਥੇ ਨਸ਼ੇ ਵਰਗੇ ਕੋਹੜ ਨੂੰ ਖਤਮ ਕਰਨ ਦਾ ਯਤਨ ਕੀਤਾ ਜਾ ਰਿਹਾ ਹੈ, ਉੱਥੇ ਨੌਜਵਾਨ ਪੀੜੀ ਨੂੰ ਖੇਡਾ ਨਾਲ ਜੋੜਨ ਦੇ ਲਈ ਨਵੇਂ ਖੇਡ ਮੈਦਾਨ ਉਸਾਰੇ ਜਾ ਰਹੇ ਹਨ। ਮੁੱਖ ਮੰਤਰੀ ਭਗਵੰਤ ਮਾਨ ਦਾ ਸੂਬੇ ਨੂੰ ਰੰਗਲਾ ਪੰਜਾਬ ਬਣਾਉਣ ਦਾ ਸੁਪਨਾ ਉਦੋਂ ਹੀ ਪੂਰਾ ਹੋਵੇਗਾ ਜਦੋਂ ਅਸੀਂ ਸਾਰੇ ਇੱਕਜੁੱਟ ਹੋ ਕੇ ਸੂਬੇ ਦੀ ਤਰੱਕੀ ਲਈ ਕੰਮ ਕਰਾਂਗੇ।

# ਨੈਸ਼ਨਲ ਵੈਲਫੇਅਰ ਮੂਵਮੇਂਟ ਦੀ ਚੋਣ: ਫਾਰੂਕ ਖਾਨ ਪ੍ਰਧਾਨ ਅਤੇ ਸ਼ਮਸ਼ਾਦ ਪ੍ਰੇਮ ਜੀ ਜਨਰਲ ਸਕੱਤਰ ਚੁਣੇ

**ਆਜ਼ਾਦ ਸੋਚ**
**ਸ਼ਾਹਿਦ ਜ਼ੁਬੈਰੀ/ਮਾਲੇਰਕੋਟਲਾ, 28 ਅਪ੍ਰੈਲ**

ਨੈਸ਼ਨਲ ਵੈਲਫੇਅਰ ਮੂਵਮੇਂਟ (ਰਜਿ.) ਮਾਲੇਰਕੋਟਲਾ ਦੀ ਇੱਕ ਅਹਿਮ ਚੁਣਾਵੀ ਮੀਟਿੰਗ ਕੌਂਸਲਰ ਹਾਜੀ ਅਖ਼ਤਰ ਦੇ ਦਫ਼ਤਰ ਵਿਖੇ ਸਫ਼ਲਤਾਪੂਰਵਕ ਆਯੋਜਿਤ ਕੀਤੀ ਗਈ। ਸੀਨੀਅਰ ਮੈਂਬਰ ਸੁਲੇਮਾਨ ਖਾਨ ਦੀ ਸਰਪ੍ਰਸਤੀ ਹੇਠ ਹੋਈ ਇਸ ਇਕੱਤਰਤਾ ਵਿੱਚ ਜਥੇਬੰਦੀ ਦੀ ਨਵੀਂ ਕਾਰਜਕਾਰਨੀ ਦੀ ਚੋਣ ਬੜੇ ਹੀ ਸੁਖਾਵੇਂ ਅਤੇ ਲੋਕਤੰਤਰੀ ਮਾਹੌਲ ਵਿੱਚ ਸੰਪੰਨ ਹੋਈ। ਮੀਟਿੰਗ ਦੌਰਾਨ ਹਾਜ਼ਰ ਮੈਂਬਰਾਂ ਨੇ ਸਰਬਸੰਮਤੀ ਨਾਲ ਫੈਸਲਾ ਲੈਂਦਿਆਂ ਫਾਰੂਕ ਖਾਨ ਨੂੰ ਜਥੇਬੰਦੀ ਦਾ ਨਵਾਂ ਪ੍ਰਧਾਨ ਨਿਯੁਕਤ ਕੀਤਾ। ਇਸ ਦੇ ਨਾਲ ਹੀ ਸ਼ਮਸ਼ਾਦ ਪ੍ਰੇਮ ਜੀ ਨੂੰ ਜਨਰਲ ਸਕੱਤਰ ਦੀ ਅਹਿਮ ਜ਼ਿੰਮੇਵਾਰੀ ਸੌਂਪੀ ਗਈ।ਜਥੇਬੰਦੀ ਦੇ ਹੋਰ ਅਹੁਦੇਦਾਰਾਂ ਦੀ ਚੋਣ ਕਰਦਿਆਂ ਸੁਲੇਮਾਨ ਖਾਨ ਅਤੇ ਮੁਹੰਮਦ ਨਜ਼ੀਰ (ਵਕੀਲ ਬ੍ਰਦਰਜ਼) ਨੂੰ ਸਰਪ੍ਰਸਤ ਵਜੋਂ ਨਾਮਜ਼ਦ ਕੀਤਾ ਗਿਆ। ਇਸ ਤੋਂ ਇਲਾਵਾ ਮੁਹੰਮਦ ਸਲੀਮ ਨੂੰ ਉਪ ਪ੍ਰਧਾਨ, ਆਦਿਲ ਹੁਸੈਨ ਨੂੰ ਸਕੱਤਰ, ਯਾਸੀਨ ਅਲੀ ਨੂੰ ਜੁਆਇੰਟ ਸਕੱਤਰ ਅਤੇ ਮੁਹੰਮਦ ਸ਼ਾਹਿਦ ਸੋਨੀ ਨੂੰ ਖਜ਼ਾਨਚੀ ਚੁਣਿਆ ਗਿਆ। ਕੌਂਸਲਰ ਹਾਜੀ ਅਖ਼ਤਰ, ਸ਼ਮਸ਼ਾਦ ਸਰਪੰਚ ਅਤੇ ਨਵਾਜ਼ ਅਲੀ ਪੰਚ ਨੂੰ ਕਾਰਜਕਾਰਨੀ ਮੈਂਬਰਾਂ ਵਜੋਂ ਟੀਮ ਵਿੱਚ ਸ਼ਾਮਲ ਕੀਤਾ ਗਿਆ।ਜ਼ਿਕਰਯੋਗ ਹੈ ਕਿ ਨੈਸ਼ਨਲ ਵੈਲਫੇਅਰ ਮੂਵਮੇਂਟ ਸਾਲ 1996 ਤੋਂ ਲਗਾਤਾਰ ਇਲਾਕੇ ਵਿੱਚ ਸਰਗਰਮ ਹੈ। ਪਿਛਲੇ ਲਗਭਗ 30 ਸਾਲਾਂ ਤੋਂ ਇਹ ਜਥੇਬੰਦੀ ਬਿਨਾਂ ਕਿਸੇ ਭੇਦਭਾਵ ਦੇ ਵੱਖ-ਵੱਖ ਤਰ੍ਹਾਂ ਦੇ ਸਮਾਜਿਕ ਭਲਾਈ ਦੇ ਕੰਮਾਂ ਵਿੱਚ ਮੋਹਰੀ ਰੋਲ ਅਦਾ ਕਰਦੀ ਆ ਰਹੀ ਹੈ। ਸਮਾਜ ਸੇਵਾ ਦੇ ਖੇਤਰ ਵਿੱਚ ਇਸ ਸੰਸਥਾ ਦਾ ਇੱਕ ਵੱਡਾ ਯੋਗਦਾਨ ਰਿਹਾ ਹੈ।ਨਵੀਂ ਜ਼ਿੰਮੇਵਾਰੀ ਮਿਲਣ ਉਪਰੰਤ ਨਵ-ਨਿਯੁਕਤ ਪ੍ਰਧਾਨ ਫਾਰੂਕ ਖਾਨ ਨੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਹ ਸੰਸਥਾ ਦੀਆਂ ਉਮੀਦਾਂ 'ਤੇ ਖ਼ਰਾ ਉਤਰਨ ਦੀ ਪੂਰੀ ਕੋਸ਼ਿਸ਼ ਕਰਨਗੇ। ਉਨ੍ਹਾਂ ਭਰੋਸਾ ਦਿੱਤਾ ਕਿ ਆਉਣ ਵਾਲੇ ਸਮੇਂ ਵਿੱਚ ਮੂਵਮੇਂਟ ਦੀਆਂ ਗਤੀਵਿਧੀਆਂ ਨੂੰ ਹੋਰ ਤੇਜ਼ ਕੀਤਾ ਜਾਵੇਗਾ ਅਤੇ ਲੋਕ ਭਲਾਈ ਦੇ ਨਵੇਂ ਪ੍ਰੋਜੈਕਟ ਉਲੀਕੇ ਜਾਣਗੇ। ਉਨ੍ਹਾਂ ਮੂਵਮੇਂਟ ਨੂੰ ਹੋਰ ਵਧੇਰੇ ਸਰਗਰਮ ਕਰਨ ਲਈ ਸਾਰੇ ਅਹੁਦੇਦਾਰਾਂ ਅਤੇ ਮੈਂਬਰਾਂ ਤੋਂ ਸਹਿਯੋਗ ਦੀ ਉਮੀਦ ਜ਼ਾਹਿਰ ਕੀਤੀ। ਇਸ ਮੌਕੇ ਹਾਜ਼ਰ ਹੋਰਨਾਂ ਮੈਂਬਰਾਂ ਨੇ ਵੀ ਨਵੀਂ ਚੁਣੀ ਗਈ ਟੀਮ ਨੂੰ ਵਧਾਈ ਦਿੱਤੀ ਅਤੇ ਸਮਾਜਿਕ ਕਾਰਜਾਂ ਵਿੱਚ ਪੂਰਨ ਸਹਿਯੋਗ ਦੇਣ ਦਾ ਭਰੋਸਾ ਦਿੱਤਾ।



# ਡਾ. ਬਲਬੀਰ ਸਿੰਘ ਨੇ 28 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸੜਕ ਦਾ ਰੱਖਿਆ ਨੀਂਹ ਪੱਥਰ

## ਪਟਿਆਲਾ ਵਾਸੀਆਂ ਦੀ ਸੁਰੱਖਿਆ ਲਈ ਨਦੀ ਪ੍ਰਬੰਧਨ 'ਤੇ ਜ਼ੋਰ

**ਆਜ਼ਾਦ ਸੋਚ**
**ਹਰਵਿੰਦਰ ਲਾਲੀ/ਪਟਿਆਲਾ, 28 ਅਪ੍ਰੈਲ**

ਪੰਜਾਬ ਦੇ ਮੁੱਖ ਮੰਤਰੀ ਸ੍ਰ. ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਚੱਲ ਰਹੇ ਮਿਸ਼ਨ ਵਿਕਾਸ ਤਹਿਤ, ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਪਟਿਆਲਾ ਦਿਹਾਤੀ ਦੇ ਬਾਬਾ ਦੀਪ ਸਿੰਘ ਨਗਰ ਅਤੇ ਗੁਰੂ ਨਾਨਕ ਨਗਰ ਵਿਖੇ (ਵੱਡੀ ਨਦੀ ਦੇ ਪੁੱਲ ਦੇ ਨਾਲ) ਕਰੀਬ 28 ਲੱਖ ਰੁਪਏ ਦੀ ਲਾਗਤ ਨਾਲ ਬਣਨ ਵਾਲੀ ਸੜਕ ਦਾ ਨੀਂਹ ਪੱਥਰ ਰੱਖਿਆ । ਇਸ ਮੌਕੇ ਉਨ੍ਹਾਂ ਦੇ ਨਾਲ ਮੇਅਰ ਕੁੰਦਨ ਗੋਗੀਆ, ਡਿਪਟੀ ਮੇਅਰ ਹਰਿੰਦਰ ਕੋਹਲੀ ਅਤੇ ਨਗਰ ਨਿਗਮ ਦੇ ਕਮਿਸ਼ਨਰ ਪਰਮਜੀਤ ਸਿੰਘ ਵੀ ਮੌਜੂਦ ਸਨ।



ਇਸ ਮੌਕੇ ਸੰਬੋਧਨ ਕਰਦਿਆਂ ਡਾ. ਬਲਬੀਰ ਸਿੰਘ ਨੇ ਕਿਹਾ ਕਿ ਇਸ ਸੜਕ ਦੇ ਨਿਰਮਾਣ ਨਾਲ ਇਲਾਕੇ ਵਿੱਚ ਟ੍ਰੈਫਿਕ ਦੀ ਸਮੱਸਿਆ ਦਾ ਸੁਚੱਜਾ ਹੱਲ ਨਿਕਲੇਗਾ ਅਤੇ ਆਵਾਜਾਈ ਸੁਗਮ ਹੋਵੇਗੀ। ਉਨ੍ਹਾਂ ਦੱਸਿਆ ਕਿ ਸਰਕਾਰ ਵੱਲੋਂ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ, ਤਾਂ ਜੋ ਲੋਕਾਂ ਨੂੰ ਬਿਹਤਰ ਸਹੂਲਤਾਂ ਪ੍ਰਦਾਨ ਕੀਤੀਆਂ ਜਾ ਸਕਣ।

ਇਸਦੇ ਨਾਲ ਹੀ ਸਿਹਤ ਮੰਤਰੀ ਨੇ ਨਦੀ ਦੇ ਚੱਲ ਰਹੇ ਕੰਮਾਂ ਦਾ ਵੀ ਜਾਇਜ਼ਾ ਲਿਆ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਨਦੀ ਦੀ ਸਫਾਈ ਅਤੇ ਮਜ਼ਬੂਤੀ ਦੇ ਕੰਮ ਸਮੇਂ ਸਿਰ ਪੂਰੇ ਕੀਤੇ ਜਾਣ, ਤਾਂ ਜੋ ਹੜ੍ਹਾਂ ਦੇ ਖਤਰੇ ਤੋਂ ਪਟਿਆਲਾ ਵਾਸੀਆਂ ਦੀ ਸੁਰੱਖਿਆ ਯਕੀਨੀ ਬਣਾਈ ਜਾ ਸਕੇ।ਉਨ੍ਹਾਂ ਕਿਹਾ ਕਿ ਨਦੀ ਦੀ ਸਫਾਈ ਨਾਲ ਇਲਾਕੇ ਵਿੱਚ ਸਫਾਈ ਪ੍ਰਬੰਧ ਵੀ ਸੁਧਰੇਗਾ ਅਤੇ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।

ਉਨ੍ਹਾਂ ਹੋਰ ਕਿਹਾ ਕਿ ਇਲਾਕਾ ਵਾਸੀਆਂ ਦੀ ਸਿਹਤ ਅਤੇ ਮਨੋਰੰਜਨ ਨੂੰ ਧਿਆਨ ਵਿੱਚ ਰੱਖਦਿਆਂ ਇੱਥੇ ਪਾਰਕ ਦਾ ਨਿਰਮਾਣ ਵੀ ਕੀਤਾ ਜਾਵੇਗਾ, ਜਿੱਥੇ ਲੋਕ ਸੈਰ ਕਰ ਸਕਣਗੇ। ਇਸ ਦੇ ਨਾਲ-ਨਾਲ ਵਾਤਾਵਰਣ ਨੂੰ ਸੁੰਦਰ ਬਣਾਉਣ ਲਈ ਵੱਡੇ ਪੱਧਰ 'ਤੇ ਰੁੱਖ ਲਗਾਏ ਜਾਣਗੇ। ਓਹਨਾ ਕਿਹਾ ਕਿਸਰਕਾਰ ਵੱਲੋਂ ਇਹ ਉਪਰਾਲੇ ਲੋਕ ਭਲਾਈ ਅਤੇ ਇਲਾਕੇ ਦੇ ਸਮੱਗਰ ਵਿਕਾਸ ਲਈ ਅਹਿਮ ਕਦਮ ਸਾਬਿਤ ਹੋਣਗੇ।ਇਸ ਮੌਕੇ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਮੌਜੂਦ ਸਨ।

# ਗਰਿੱਡ ਵਿਖੇ ਡਿਊਟੀ ਕਰ ਰਹੇ ਮੁਲਾਜ਼ਮਾਂ ਦੀ ਕੁੱਟਮਾਰ ਦੀ ਨਿਖੇਧੀ



**ਆਜ਼ਾਦ ਸੋਚ**
**ਬਿੰਦਰ ਜਲਾਲ/ਭਗਤਾ ਭਾਈ , 28 ਅਪ੍ਰੈਲ**

ਟੈਕਨੀਕਲ ਸਰਵਿਸ ਯੂਨੀਅਨ ਦੇ ਆਗੂਆਂ ਵੱਲੋਂ ਜੋ ਬੀਤੇ ਦਿਨੀਂ ਸੁਖਾਨੰਦ ਗਰਿੱਡ ਵਿਖੇ ਡਿਊਟੀ ਕਰ ਰਹੇ ਮੁਲਾਜ਼ਮਾਂ ਦੀ ਕੁੱਟਮਾਰ ਦੀ ਨਿਖੇਧੀ ਕਰਦਿਆਂ ਕਿਹਾ ਕਿ ਬੀਤੀ ਰਾਤ 10 ਵਜੇ ਦੇ ਕਰੀਬ ਪਿੰਡ ਸੁਖਾਨੰਦ ਦੇ ਕੁੱਝ ਵਿਆਕਤੀਆਂ ਵੱਲੋਂ ਪਹਿਲਾਂ ਫੋਨ ਤੇ ਮੁਲਾਜਮ ਨਾਲ ਗਾਲੀ ਗਲੌਚ ਕੀਤੀ ਅਤੇ ਪਾਵਰ ਕੱਟ ਵਿੱਚ ਬਿਜਲੀ ਚਾਲੂ ਕਰਨ ਲਈ ਧਮਕਾਇਆ ਗਿਆ। ਮੁਲਾਜਮ ਵੱਲੋਂ ਪਾਵਰ ਕੱਟ ਦੌਰਾਨ ਬਿਜਲੀ ਚਾਲੂ ਕਰਨ ਤੋਂ ਇਨਕਾਰ ਕਰਨ ਉਪਰੰਤ ਕੁੱਝ ਵਿਅਕਤੀਆਂ ਨੇ ਗਰਿੱਡ ਤੇ ਆ ਕੇ ਪਹਿਲਾਂ ਉਸ ਤੋਂ ਸਰਕਾਰੀ ਅਤੇ ਨਿੱਜੀ ਮੋਬਾਇਲ ਫੋਨ ਖੋਹ ਲਏ ਅਤੇ ਕੁੱਟਮਾਰ ਕੀਤੀ ਤੇ ਜਾਤੀ ਸੂਚਕ ਸਬਦ ਬੋਲੇ। ਇਸ ਮੌਕੇ ਮੁਲਾਜਮ ਗੁਰਮੇਲ ਸਿੰਘ ਨੇ ਜਾਣਕਾਰੀ ਦਿੰਦਿਆਂ ਕਿਹਾ ਕਿ ਮੈਂ ਉਕਤ ਵਿਅਕਤੀਆਂ ਨੂੰ ਕਿਹਾ ਕਿ ਮੈਂ ਦਿਲ ਦਾ ਮਰੀਜ਼ ਹਾਂ ਅਤੇ ਮੈਨੂੰ ਨਾ ਮਾਰੋ, ਪਰੰਤੂ ਉਹ ਫਿਰ ਵੀ ਨਹੀਂ ਹਟੇ। ਯੂਨੀਅਨ ਦੇ ਆਗੂਆਂ ਨੇ ਕਿਹਾ ਕਿ ਇਲਾਜ ਲਈ ਗੁਰਮੇਲ ਸਿੰਘ ਨੂੰ ਸਰਕਾਰੀ ਹਸਪਤਾਲ, ਭਗਤਾ ਭਾਈ ਵਿਖੇ ਦਾਖਲ ਕਰਵਾਇਆ ਗਿਆ।ਇਸ ਘਟਨਾ ਦੀ ਮੁਲਾਜਮ ਜੱਥੇਵੰਦੀਆਂ ਵੱਲੋਂ ਤਿੱਖੇ ਸ਼ਬਦਾਂ ਵਿੱਚ ਨਿਖੇਧੀ ਕੀਤੀ ਗਈ। ਯੂਨੀਅਨ ਦੇ ਆਗੂਆਂ ਨੇ ਪ੍ਰਸ਼ਾਸ਼ਨ ਤੋਂ ਮੰਗ ਕੀਤੀ ਕਿ ਕੁੱਟ ਮਾਰ ਕਰਨ ਵਾਲੇ ਵਿਅਕਤੀਆਂ ਖਿਲਾਫ ਮੁਕੱਦਮਾ ਦਰਜ ਕੀਤਾ। ਉਹਨਾਂ ਕਿਹਾ ਕਿ ਜੇਕਰ ਵਿਧਾਇਕ ਵੱਲੋਂ ਪ੍ਰਸ਼ਾਸ਼ਨ ਤੇ ਦਬਾਅ ਬਣਾਇਆ ਜਾਂਦਾ ਹੈ ਜਾਂ ਕਾਨੂੰਨੀ ਕਾਰਵਾਈ ਵਿੱਚ ਵਿਘਨ ਪਾਉਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਤਾਂ ਮੁਲਾਜ਼ਮ ਜੱਥੇਬੰਦੀਆਂ ਸੰਘਰਸ਼ ਕਰਨ ਲਈ ਮਜਬੂਰ ਹੋਣਗੀਆਂ ਅਤੇ ਇਸ ਦੀ ਜਿੰਮੇਵਾਰੀ ਸਰਕਾਰ ਅਤੇ ਪ੍ਰਸ਼ਾਸ਼ਨ ਦੀ ਹੋਵੇਗੀ।

# ਵਿਧਾਇਕ ਕੁਲਜੀਤ ਸਿੰਘ ਰੰਧਾਵਾ ਵੱਲੋਂ ਪਿੰਡ ਨਾਭਾ ਸਾਹਿਬ ਵਿਖੇ ਕਰੀਬ 40.53 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਟਿਊਬਵੈੱਲ ਦੇ ਕੰਮ ਦੀ ਸ਼ੁਰੂਆਤ

## ਭਬਾਤ ਵਿਖੇ ਕਰੀਬ 12.50 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਆਧੁਨਿਕ ਬੱਸ ਸ਼ੈਲਟਰ ਲੋਕਾਂ ਨੂੰ ਸਮਰਪਿਤ ਕੀਤਾ

**ਆਜ਼ਾਦ ਸੋਚ**
**ਅਵਤਾਰ ਸੈਣੀ**
**ਜ਼ੀਰਕਪੁਰ, 28 ਅਪ੍ਰੈਲ**

ਹਲਕਾ ਵਿਧਾਇਕ ਸ. ਕੁਲਜੀਤ ਸਿੰਘ ਰੰਧਾਵਾ ਵੱਲੋਂ ਨਗਰ ਕੌਂਸਲ ਜ਼ੀਰਕਪੁਰ ਦੇ ਸਹਿਯੋਗ ਨਾਲ ਇਲਾਕੇ ਵਿੱਚ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਦੋ ਮਹੱਤਵਪੂਰਨ ਵਿਕਾਸ ਪ੍ਰੋਜੈਕਟਾਂ ਦੀ ਸ਼ੁਰੂਆਤ ਅਤੇ ਸਮਰਪਣ ਕੀਤਾ ਗਿਆ। ਇਸ ਮੌਕੇ ਉਨ੍ਹਾਂ ਵੱਲੋਂ ਵਾਰਡ ਨੰਬਰ 26, ਪਿੰਡ ਨਾਭਾ ਸਾਹਿਬ ਵਿਖੇ ਲਗਭਗ 40.53 ਲੱਖ ਰੁਪਏ ਦੀ ਲਾਗਤ ਨਾਲ ਨਵੇਂ ਟਿਊਬਵੈੱਲ ਦੇ ਕੰਮ ਦੀ ਸ਼ੁਰੂਆਤ ਕਰਵਾਈ ਗਈ। ਇਹ ਪ੍ਰੋਜੈਕਟ ਇਲਾਕੇ ਦੇ ਵਸਨੀਕਾਂ ਨੂੰ ਸੁਚੱਜੇ ਅਤੇ ਲੋੜੀਂਦੇ ਪੀਣਯੋਗ ਪਾਣੀ ਦੀ ਸਪਲਾਈ ਯਕੀਨੀ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਏਗਾ। ਇਸ ਦੇ ਨਾਲ ਹੀ ਵਾਰਡ ਨੰਬਰ 28, ਭਬਾਤ ਵਿਖੇ ਲਗਭਗ 12.50 ਲੱਖ ਰੁਪਏ ਦੀ ਲਾਗਤ ਨਾਲ ਤਿਆਰ ਕੀਤਾ ਗਿਆ ਆਧੁਨਿਕ ਬੱਸ ਸ਼ੈਲਟਰ ਲੋਕਾਂ ਨੂੰ ਸਮਰਪਿਤ ਕੀਤਾ ਗਿਆ। ਇਹ ਬੱਸ ਸ਼ੈਲਟਰ ਆਵਾਜਾਈ ਸਹੂਲਤਾਂ ਨੂੰ ਸੁਧਾਰਨ ਦੇ ਨਾਲ-ਨਾਲ ਯਾਤਰੀਆਂ ਨੂੰ ਸੁਰੱਖਿਅਤ ਅਤੇ ਆਰਾਮਦਾਇਕ ਠਹਿਰਾਉ ਦੀ ਸਹੂਲਤ ਪ੍ਰਦਾਨ ਕਰੇਗਾ। ਇਸ ਮੌਕੇ ਸ. ਰੰਧਾਵਾ ਨੇ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਨੂੰ ਬੁਨਿਆਦੀ ਸਹੂਲਤਾਂ ਮੁਹੱਈਆ ਕਰਵਾਉਣ ਲਈ ਵਚਨਬੱਧ ਹੈ ਅਤੇ ਇਲਾਕੇ ਦੇ ਸਮੁੱਚੇ ਵਿਕਾਸ ਲਈ ਇਸ ਤਰ੍ਹਾਂ ਦੇ ਪ੍ਰੋਜੈਕਟ ਲਗਾਤਾਰ ਜਾਰੀ ਰਹਿਣਗੇ। ਉਨ੍ਹਾਂ ਨੇ ਦੱਸਿਆ ਕਿ ਇਨ੍ਹਾਂ ਕਾਰਜਾਂ ਨਾਲ ਇਲਾਕੇ ਵਿੱਚ ਪੀਣ ਵਾਲੇ ਪਾਣੀ ਅਤੇ ਆਵਾਜਾਈ ਸਹੂਲਤਾਂ ਵਿੱਚ ਮਹੱਤਵਪੂਰਨ ਸੁਧਾਰ ਆਵੇਗਾ। ਉਨ੍ਹਾਂ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਾਰੇ ਵਿਕਾਸ ਕੰਮ ਨਿਰਧਾਰਤ ਸਮੇਂ ਅੰਦਰ ਅਤੇ ਉੱਚ ਮਿਆਰ ਦੇ ਨਾਲ ਮੁਕੰਮਲ ਕੀਤੇ ਜਾਣ, ਤਾਂ ਜੋ ਲੋਕਾਂ ਨੂੰ ਜਲਦੀ ਤੋਂ ਜਲਦੀ ਇਸ ਦਾ ਲਾਭ ਮਿਲ ਸਕੇ। ਇਸ ਮੌਕੇ ਨਗਰ ਕੌਂਸਲ ਦੇ ਅਧਿਕਾਰੀ, ਆਪ ਆਗੂ ਅਤੇ ਇਲਾਕਾ ਨਿਵਾਸੀ ਵੀ ਮੌਜੂਦ ਸਨ।



# ਮਾਤਾ ਸੱਤਿਆ ਦੇਵੀ ਬਿਰਧ ਆਸ਼ਰਮ ਵਿੱਚ ਸਿਹਤ ਜਾਂਚ ਕੈਂਪ ਲਗਾਇਆ

**ਆਜ਼ਾਦ ਸੋਚ**
**ਰਜਿੰਦਰ/ਸ਼੍ਰੀ ਚਮਕੌਰ ਸਾਹਿਬ, 28 ਅਪ੍ਰੈਲ**

ਮਾਤਾ ਸੱਤਿਆ ਦੇਵੀ ਬਿਰਧ ਆਸ਼ਰਮ ਵਿਖੇ ਦਸ਼ਮੇਸ਼ ਮਲਟੀਸਪੈਸ਼ਲਿਟੀ ਹਸਪਤਾਲ ਚਮਕੌਰ ਸਾਹਿਬ ਵੱਲੋਂ ਹੈਲਪ ਏਜ ਇੰਡੀਆ ਦੇ ਸਹਿਯੋਗ ਨਾਲ ਆਸ਼ਰਮ ਵਿੱਚ ਰਹਿੰਦੇ ਬਜ਼ੁਰਗਾਂ ਲਈ ਮੁਫ਼ਤ ਸਿਹਤ ਜਾਂਚ ਕੈਂਪ ਲਗਾਇਆ ਗਿਆ। ਆਸ਼ਰਮ ਦੇ ਚੇਅਰਮੈਨ ਪ੍ਰੋ ਆਰ ਸੀ ਢੰਡ ਨੇ ਦੱਸਿਆ ਕਿ ਇਸ ਕੈਂਪ ਵਿੱਚ ਉਕਤ ਹਸਪਤਾਲ ਦੇ ਮਾਹਿਰ ਡਾ ਅਸ਼ਵਨੀ ਰਾਣਾ ਅਤੇ ਡਾ ਲਖਵੀਰ ਸਿੰਘ ਦੀ ਅਗਵਾਈ ਹੇਠ ਆਈ ਟੀਮ ਵੱਲੋਂ ਬਜ਼ੁਰਗਾਂ ਦੀ ਸਿਹਤ ਦੀ ਜਾਂਚ ਕੀਤੀ ਗਈ । ਇਸ ਉਪਰੰਤ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਦੀ ਜਾਂਚ ਕਰਦਿਆਂ, ਜਿੱਥੇ ਦਵਾਈਆਂ ਮੁਫ਼ਤ ਦਿੱਤੀਆਂ ਗਈਆਂ, ਉੱਥੇ ਹੀ ਉਨ੍ਹਾਂ ਨੂੰ ਤੰਦਰੁਸਤ ਰਹਿਣ ਲਈ ਰੋਜ਼ਾਨਾ ਹੀ ਕਸਰਤ ਕਰਨ ਲਈ ਵੀ ਪ੍ਰੇਰਿਤ ਕੀਤਾ।ਸ੍ਰੀ ਢੰਡ ਨੇ ਦੱਸਿਆ ਕਿ ਸਮੂਹ ਬਜ਼ੁਰਗਾਂ ਦੀ ਸਮੇਂ ਸਮੇਂ ਸਿਰ ਸਿਹਤ ਜਾਂਚ ਕੀਤੀ ਜਾਂਦੀ ਹੈ ਤਾਂ ਜੋ ਕਿ ਉਹ ਕਿਸੇ ਬਿਮਾਰੀ ਦੀ ਲਪੇਟ ਵਿੱਚ ਨਾ ਆ ਸਕਣ, ਉੱਥੇ ਹੀ ਉਨ੍ਹਾਂ ਦੀ ਸਿਹਤ ਸਬੰਧੀ ਹਰ ਰਿਕਾਰਡ ਵੀ ਰੱਖਿਆ ਜਾਂਦਾ ਹੈ। ਇਸ ਮੌਕੇ ਹੈਲਪ ਏਜ ਇੰਡੀਆ ਦੀ ਕਾਰਜਕਾਰੀ ਮੈਂਬਰ ਇੰਦਰਜੀਤ ਕੌਰ, ਜਸਮਨਜੋਤ ਕੌਰ, ਹਰਸ਼ ਵਿਵੇਕ ਢੰਡ ਅਤੇ ਕਰਨ ਕੁਮਾਰ ਆਦਿ ਹਾਜ਼ਰ ਸਨ।



# ਕੈਰੀਅਰ ਕੌਂਸਲਿੰਗ ਫੇਅਰ 1ਤੇ 2 ਮਈ ਨੂੰ ਗੁਰਦੁਆਰਾ ਰਕਾਬਗੰਜ ਸਾਹਿਬ ਵਿੱਖੇ ਹੋਵੇਗੀ: ਕਾਲਕਾ, ਕਾਹਲੋਂ

## 9ਵੀਂ ਤੋਂ 12ਵੀਂ ਤੱਕ ਦੇ ਵਿਦਿਆਰਥੀਆਂ ਨੂੰ ਕੈਰੀਅਰ ਕੌਂਸਲਿੰਗ ਪ੍ਰਦਾਨ ਕੀਤੀ ਜਾਵੇਗੀ

**ਆਜ਼ਾਦ ਸੋਚ**
**ਸੁਖਰਾਜ ਸਿੰਘ**
**ਨਵੀਂ ਦਿੱਲੀ, 28 ਅਪ੍ਰੈਲ**

ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸ. ਹਰਮੀਤ ਸਿੰਘ ਕਾਲਕਾ ਤੇ ਜਨਰਲ ਸਕੱਤਰ ਸ. ਜਗਦੀਪ ਸਿੰਘ ਕਾਹਲੋਂ ਨੇ ਦੱਸਿਆ ਕਿ 1 ਤੇ 2 ਮਈ ਨੂੰ ਗੁਰਦੁਆਰਾ ਰਕਾਬਗੰਜ ਸਾਹਿਬ ਕੰਪਲੈਕਸ ਵਿੱਚ ਭਾਈ ਲੱਖੀ ਸ਼ਾਹ ਵਣਜਾਰਾ ਹਾਲ ਵਿਚ ਕੈਰੀਅਰ ਕੌਂਸਲਿੰਗ ਫੇਅਰ (ਸੀ ਸੀ ਜੀ) ਲਗਾਇਆ ਜਾ ਰਿਹਾ ਹੈ ਜਿਸ ਵਿਚ 9ਵੀਂ ਤੋਂ 12ਵੀਂ ਤੱਕ ਦੇ ਵਿਦਿਆਰਥੀਆਂ ਨੂੰ ਕੈਰੀਅਰ ਕੌਂਸਲਿੰਗ ਪ੍ਰਦਾਨ ਕੀਤੀ ਜਾਵੇਗੀ। ਸ. ਕਾਲਕਾ ਤੇ ਸ. ਕਾਹਲੋਂ ਨੇ ਦੱਸਿਆ ਕਿ ਇਸ ਫੇਅਰ ਵਿਚ ਦਿੱਲੀ ਗੁਰਦੁਆਰਾ ਕਮੇਟੀ ਨਾਲ ਸਬੰਧਤ ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲਾਂ ਦੇ 9ਵੀਂ ਤੋਂ 12ਵੀਂ ਦੇ ਵਿਦਿਆਰਥੀ ਅਤੇ ਦਿੱਲੀ ਯੂਨੀਵਰਸਿਟੀ ਤੇ ਆਈ ਪੀ ਯੂਨੀਵਰਸਿਟੀ ਦੇ ਵਿਦਿਆਰਥੀ ਭਾਗ ਲੈਣਗੇ।ਉਹਨਾਂ ਕਿਹਾ ਕਿ ਇਹ ਫੇਅਰ ਆਯੋਜਿਤ ਕਰਨ ਦਾ ਮਕਸਦ ਵਿਦਿਆਰਥੀਆਂ ਨੂੰ ਉਹਨਾਂ ਦੀ ਦਿਲਚਸਪੀ ਮੁਤਾਬਕ ਉਹਨਾਂ ਦੇ ਭਵਿੱਖੀ ਜੀਵਨ ਵਾਸਤੇ ਉਹਨਾਂ ਦਾ ਮਾਰਗ ਦਰਸ਼ਨ ਕਰਨਾ ਹੈ।ਉਹਨਾਂ ਕਿਹਾ ਕਿ ਅਕਸਰ ਇਹ ਵੇਖਣ ਨੂੰ ਮਿਲਦਾ ਹੈ ਕਿ ਵਿਦਿਆਰਥੀਆਂ ਨੂੰ ਭਵਿੱਖ ਵਿਚ ਅਪਣਾਏ ਜਾਣ ਵਾਲੇ ਕੈਰੀਅਰ ਸਬੰਧੀ ਬਹੁਤੀ ਜਾਣਕਾਰੀ ਨਹੀਂ ਹੁੰਦੀ ਜਿਸ ਕਾਰਨ ਉਹ ਉਲਝ ਜਾਂਦੇ ਹਨ ਤੇ ਉਹਨਾਂ ਦਾ ਇਕ-ਇਕ ਜਾਂ ਦੋ-ਦੋ ਸਾਲ ਖਰਾਬ ਹੋ ਜਾਂਦੇ ਹਨ। ਉਹਨਾਂ ਕਿਹਾ ਕਿ ਹੁਣ ਵੀ ਸਾਡੇ ਕੋਲ ਤਾਜ਼ਾ ਮਾਮਲੇ ਅਜਿਹੇ ਆਏ ਹਨ ਜਿਸ ਵਿਚ ਵਿਦਿਆਰਥੀ ਉਲਝੇ ਹੋਏ ਸਨ ਕਿ ਉਹਨਾਂ ਭਵਿੱਖ ਵਿਚ ਵੀ ਕਰਨਾ ਹੈ। ਉਹਨਾਂ ਕਿਹਾ ਕਿ ਦਿੱਲੀ ਗੁਰਦੁਆਰਾ ਕਮੇਟੀ ਇਹ ਸੀ ਸੀ ਜੀ ਕੈਂਪ ਨਿਯਮਿਤ ਲਗਾ ਕੇ ਵਿਦਿਆਰਥੀਆਂ ਦਾ ਮਾਰਗ ਦਰਸ਼ਨ ਕਰਦੀ ਹੈ ਤੇ ਸਾਡੀ ਮੁਹਿੰਮ ਨੂੰ ਹਮੇਸ਼ਾ ਚੰਗਾ ਹੁੰਗਾਰਾ ਮਿਲਦਾ ਹੈ। ਉਹਨਾਂ ਦੱਸਿਆ ਕਿ ਇਸ ਫੇਅਰ ਵਿਚ ਵੱਖ-ਵੱਖ ਕਾਲਜਾਂ ਤੇ ਵੱਖ-ਵੱਖ ਕੈਰੀਅਰ ਆਪਸ਼ਨਾਂ ਦੇ ਸਟਾਲ ਲੱਗਣਗੇ ਜਿਥੇ ਵਿਦਿਆਰਥੀ ਆਪਣੀ ਰਜਿਸਟਰੇਸ਼ਨ ਕਰਵਾ ਕੇ ਇਸ ਫੇਅਰ ਦਾ ਲਾਭ ਲੈ ਸਕਦੇ ਹਨ।



# ਹਲਕਾ ਅੰਮ੍ਰਿਤਸਰ ਦੱਖਣੀ ਦੀ ਡਰੱਗ ਸੋਸ਼ਲ ਅਤੇ ਆਰਥਿਕ ਸੈਨਸਸ ਦੀ ਟਰੇਨਿੰਗ ਦਾ ਪਹਿਲਾ ਪੜਾਅ ਖਤਮ-ਵਧੀਕ ਕਮਿਸ਼ਨਰ ਨਗਰ ਨਿਗਮ




**ਆਜ਼ਾਦ ਸੋਚ**
**ਤਰੁਣ ਮਹਿਰਾ**
**ਅੰਮ੍ਰਿਤਸਰ, 28 ਅਪ੍ਰੈਲ**

ਪੰਜਾਬ ਸਰਕਾਰ ਦੀਆਂ ਹਦਾਇਤਾਂ ਮੁਤਾਬਕ ਡਿਪਟੀ ਕਮਿਸ਼ਨਰ ਸ਼੍ਰੀ ਦਲਵਿੰਦਰਜੀਤ ਸਿੰਘ ਦੇ ਆਦੇਸ਼ ਤੇ ਦੱਖਣੀ ਹਲਕੇ ਦੇ ਡਰੱਗ ਸੋਸ਼ਲ ਅਤੇ ਆਰਥਿਕ ਸੈਨਸਸ ਦੀ ਟਰੇਨਿੰਗ ਦਾ ਪਹਿਲਾ ਪੜਾਅ ਸ਼੍ਰੀ ਜੈ ਇੰਦਰ ਸਿੰਘ ਵਧੀਕ ਕਮਿਸ਼ਨਰ ਨਗਰ ਨਿਗਮ ਦੀ ਅਗਵਾਈ ਵਿੱਚ ਪੂਰਾ ਕੀਤਾ ਗਿਆ। ਜਿਸ ਵਿੱਚ ਜਿਲ੍ਹੇ ਵੱਲੋਂ ਆਏ ਟਰੇਨਰਾਂ ਦੁਆਰਾ ਲਗਭਗ 60 ਸੁਪਰਵਾਈਜ਼ਰ ਅਤੇ ਗਿਣਤੀਕਾਰਾਂ ਨੂੰ ਜਨਗਨਣਾ ਦੀ ਟਰੇਨਿੰਗ ਦਿੱਤੀ ਗਈ ।

ਇਸ ਮੌਕੇ ਵਧੀਕ ਕਮਿਸ਼ਨਰ ਨੇ ਬੋਲਦਿਆਂ ਕਿਹਾ ਕਿ ਸਰਕਾਰ ਦੁਆਰਾ ਸਮੇਂ-ਸਮੇਂ ਤੇ ਇਹ ਸਰਵੇਅ ਕਰਵਾਏ ਜਾਂਦੇ ਹਨ। ਜਿਸ ਨਾਲ ਲੋਕਾਂ ਦੇ ਜੀਵਨ ਪੱਧਰ ਅਤੇ ਰਹਿਣ-ਸਹਿਣ ਦਾ ਪਤਾ ਲੱਗ ਸਕੇ। ਉਨ੍ਹਾਂ ਨੇ ਸਾਰੇ ਕਰਮਚਾਰੀਆਂ ਨੂੰ ਜਨਗਨਣਾ ਦਾ ਕੰਮ ਪੂਰੀ ਤਨਦੇਹੀ ਨਾਲ ਕਰਨ ਲਈ ਕਿਹਾ।

ਇੰਚਰਾਜ ਸ਼੍ਰੀ ਸੰਜੀਵ ਕਾਲੀਆ ਨੇ ਆਏ ਹੋਏ ਸਾਰੇ ਹੀ ਸੁਪਰਵਾਈਜ਼ਰ ਅਤੇ ਗਿਣਤੀਕਾਰਾਂ ਦਾ ਸਵਾਗਤ ਕੀਤਾ ਅਤੇ ਉਨ੍ਹਾਂ ਨੂੰ ਸਰਕਾਰ ਵੱਲੋਂ ਭੇਜੇ ਹੋਏ ਮੋਬਾਇਲ ਵੀ ਦਿੱਤੇ ਗਏ ਤਾਂ ਕਿ ਜਨਗਨਣਾ ਦਾ ਕੰਮ ਸਹੀ ਤਰੀਕੇ ਨਾਲ ਸਮੇਂ ਸਿਰ ਨੇਪਰੇ ਚੜ ਸਕੇ। ਇਸ ਮੌਕੇ ਜਸਬੀਰ ਸਿੰਘ, ਸੰਦੀਪ ਸਿੰਘ, ਅਰੁਣ ਕੁਮਾਰ, ਰਮਿੰਦਰ ਸਿੰਘ (ਸਾਰੇ ਸੁਪਰਵਾਈਜ਼ਰ) ਅਤੇ ਅਜੇ ਕੁਮਾਰ ਸ਼ਰਮਾ ਟਰੇਨਰ ਹਾਜ਼ਰ ਸਨ।

# ਜ਼ਿਲ੍ਹਾ ਅਥਲੈਟਿਕਸ ਐਸੋਸੀਏਸ਼ਨ ਮੋਹਾਲੀ ਦੇ ਅਹੁਦੇਦਾਰਾਂ ਦੀ ਸਰਬਸੰਮਤੀ ਨਾਲ ਹੋਈ ਚੋਣ

**ਆਜ਼ਾਦ ਸੋਚ**
**ਮੇਜਰ ਸਿੰਘ ਪੰਜਾਬੀ**
**ਮੋਹਾਲੀ, 28 ਅਪ੍ਰੈਲ**

ਜ਼ਿਲ੍ਹਾ ਅਥਲੈਟਿਕਸ ਐਸੋਸੀਏਸ਼ਨ ਮੋਹਾਲੀ ਦੇ ਨਵੇਂ ਅਹੁਦੇਦਾਰਾਂ ਦੀ ਚੋਣ ਮੋਹਾਲੀ ਏਅਰਪੋਰਟ ਰੋਡ ਸਥਿਤ ਇੱਕ ਹੋਟਲ ਵਿੱਚ ਆਯੋਜਿਤ ਜਨਰਲ ਬਾਡੀ ਮੀਟਿੰਗ ਦੌਰਾਨ ਸਰਬਸੰਮਤੀ ਨਾਲ ਕੀਤੀ ਗਈ। ਮੀਟਿੰਗ ਵਿੱਚ ਐਸੋਸੀਏਸ਼ਨ ਦੇ ਲਗਭਗ 30 ਮੈਂਬਰ ਹਾਜ਼ਰ ਹੋਏ।

ਮੀਟਿੰਗ ਦੌਰਾਨ ਪੰਜਾਬ ਅਥਲੈਟਿਕਸ ਐਸੋਸੀਏਸ਼ਨ ਵੱਲੋਂ ਨਿਯੁਕਤ ਅਬਜ਼ਰਵਰਾਂ ਵਿੱਚ ਜਨਰਲ ਸਕੱਤਰ ਸ. ਪ੍ਰੇਮ ਸਿੰਘ ਅਤੇ ਸ. ਸੁਖਦੇਵ ਸਿੰਘ ਕਾਹਲੋਂ ਸ਼ਾਮਲ ਸਨ। ਇਸ ਮੌਕੇ ਦਰੋਣਾਚਾਰਿਆ ਐਵਾਰਡੀ ਕੋਚ ਸ. ਸੁਖਦੇਵ ਸਿੰਘ ਪੰਨੂ ਵੀ ਵਿਸ਼ੇਸ਼ ਤੌਰ 'ਤੇ ਹਾਜ਼ਰ ਸਨ।

ਅਥਲੈਟਿਕਸ ਫੈਡਰੇਸ਼ਨ ਆਫ ਇੰਡੀਆ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ। ਸਭ ਤੋਂ ਪਹਿਲਾਂ ਸ. ਪ੍ਰੀਤਮ ਸਿੰਘ ਵੱਲੋਂ ਐਸੋਸੀਏਸ਼ਨ ਦੇ ਸੀਨੀਅਰ ਕੋਚ ਅਤੇ ਲੰਬੇ ਸਮੇਂ ਤੋਂ ਸਕੱਤਰ ਰਹੇ ਸ. ਸਵਰਨ ਸਿੰਘ ਨੂੰ ਚੀਫ ਪੈਟਰਨ ਨਿਯੁਕਤ ਕਰਨ ਦਾ ਐਲਾਨ ਕੀਤਾ ਗਿਆ, ਜਿਸ ਨੂੰ ਸਾਰੇ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਮਨਜ਼ੂਰੀ ਦਿੱਤੀ ਗਈ।

ਇਸ ਤੋਂ ਬਾਅਦ ਸ. ਸਵਰਨ ਸਿੰਘ ਵੱਲੋਂ ਸ. ਮਲਕੀਤ ਸਿੰਘ ਨੂੰ ਦੁਬਾਰਾ ਪ੍ਰਧਾਨ ਅਤੇ ਐਸ.ਆਈ. ਐਸ ਕੋਰਾ ਨੂੰ ਜਨਰਲ ਸਕੱਤਰ ਬਣਾਉਣ ਲਈ ਪ੍ਰਸਤਾਵ ਰੱਖਿਆ ਗਿਆ, ਜਿਸ ਨੂੰ ਹਾਜ਼ਰ ਮੈਂਬਰਾਂ ਵੱਲੋਂ ਸਰਬਸੰਮਤੀ ਨਾਲ ਮਨਜ਼ੂਰ ਕੀਤਾ ਗਿਆ। ਇਸ ਦੇ ਨਾਲ ਹੀ ਐਸੋਸੀਏਸ਼ਨ ਦੇ ਹੋਰ ਅਹੁਦੇਦਾਰਾਂ ਦੇ ਨਾਮਾਂ ਨੂੰ ਵੀ ਮਨਜ਼ੂਰੀ ਦਿੱਤੀ ਗਈ।




ਚੁਣੇ ਗਏ ਅਹੁਦੇਦਾਰਾਂ ਵਿੱਚ ਡਾ. ਹਰਿੰਦਰਜੀਤ ਸਿੰਘ, ਰਾਮ ਕੁਮਾਰ ਬਸਿਸਟ, ਸੰਦੀਪ ਸਿੰਘ ਸੰਧੂ, ਰਮਾ ਸ਼ੰਕਰ ਪ੍ਰਸਾਦ, ਡਾ. ਬੀ.ਐਸ. ਸਿੱਧੂ, ਸਤਵੀਰ ਸਿੰਘ ਧਨੋਆ, ਪਰਮਦੀਪ ਸਿੰਘ ਵੈਦਵਾਨ, ਹਰਪਾਲ ਸਿੰਘ ਚੰਨਾ, ਪਰਮਜੀਤ ਸਿੰਘ ਸਰਾਂ, ਬਲਜੀਤ ਸਿੰਘ, ਮੋਨਿਕਾ ਬੰਸਲ, ਸ਼ਾਰਦਾ ਚੰਦੇਲ, ਜੀ.ਐਸ. ਪੱਲਾ, ਜੈਸਮੀਨ ਕੌਰ, ਰਘਬੀਰ ਸਿੰਘ, ਹੇਮਰਾਜ ਸ਼ਰਮਾ, ਰੀਨਾ ਰਾਣੀ, ਪ੍ਰਭਜੋਤ ਸਿੰਘ, ਗੁਰਚਰਨ ਸਿੰਘ, ਸੁਰਜੀਤ ਸਿੰਘ, ਰਾਜਵਿੰਦਰ ਸਿੰਘ, ਮਨਜੀਤ ਕੌਰ, ਗੁਰਮਿੰਦਰ ਸਿੰਘ ਖੇਸੀ, ਜਸਵਿੰਦਰ ਸਿੰਘ, ਗੁਰਮੀਤ ਸਿੰਘ, ਜਸ਼ਨਦੀਪ ਕੌਰ, ਮਨਦੀਪ ਕੌਰ, ਅਰਵਿੰਦਰ ਸਿੰਘ, ਨੀਰੂ ਰਾਣੀ, ਸਿਮਰਨਜੀਤ ਸਿੰਘ ਰਾਜਨਪੁਰੀ, ਸੁਖਜੀਤ ਸਿੰਘ ਅਤੇ ਬਲਵਿੰਦਰ ਸਿੰਘ ਸ਼ਾਮਲ ਹਨ।

ਇਸ ਤੋਂ ਇਲਾਵਾ ਸਪੋਰਟਸ ਅਥਾਰਟੀ ਆਫ ਇੰਡੀਆ ਤੋਂ ਸੇਵਾਮੁਕਤ ਕੋਚ ਸ. ਹਰਕਮਲਜੀਤ ਸਿੰਘ ਨੂੰ ਐਸੋਸੀਏਸ਼ਨ ਦਾ ਚੀਫ ਕੋਚ ਨਿਯੁਕਤ ਕੀਤਾ ਗਿਆ।

ਮੀਟਿੰਗ ਨੂੰ ਸੰਬੋਧਨ ਕਰਦੇ ਹੋਏ ਚੀਫ ਪੈਟਰਨ ਸ. ਸਵਰਨ ਸਿੰਘ ਨੇ ਨਵੇਂ ਅਹੁਦੇਦਾਰਾਂ ਤੋਂ ਐਸੋਸੀਏਸ਼ਨ ਦੀ ਬਿਹਤਰੀ ਅਤੇ ਖਿਡਾਰੀਆਂ ਦੇ ਵਿਕਾਸ ਲਈ ਸਮਰਪਿਤ ਹੋ ਕੇ ਕੰਮ ਕਰਨ ਦੀ ਉਮੀਦ ਜਤਾਈ। ਨਵੇਂ ਅਹੁਦੇਦਾਰਾਂ ਵੱਲੋਂ ਵੀ ਇਕਜੁੱਟ ਹੋ ਕੇ ਕੰਮ ਕਰਨ ਦਾ ਭਰੋਸਾ ਦਿੱਤਾ ਗਿਆ।

ਅੰਤ ਵਿੱਚ ਨਵੇਂ ਜਨਰਲ ਸਕੱਤਰ ਐਸ.ਆਈ. ਐਸ ਕੋਰਾ ਵੱਲੋਂ ਸਾਰੇ ਮੈਂਬਰਾਂ ਅਤੇ ਵਿਸ਼ੇਸ਼ ਤੌਰ 'ਤੇ ਪੰਜਾਬ ਅਥਲੈਟਿਕਸ ਐਸੋਸੀਏਸ਼ਨ ਦੇ ਅਬਜ਼ਰਵਰਾਂ ਦਾ ਧੰਨਵਾਦ ਕੀਤਾ ਗਿਆ।

# ਜੇਕਰ ਪੰਜਾਬ ਦੀ ਧਰਤੀ 'ਚੋਂ ਤੇਲ ਲੱਭਦਾ ਹੈ ਤਾਂ ਇਹ ਜਾਇਦਾਦ ਸੂਬੇ ਦੀ ਹੋਵੇਗੀ, ਸੈਂਟਰ ਦੀ ਨਹੀਂ: ਸਿਮਰਨਜੀਤ ਸਿੰਘ ਮਾਨ

**ਆਜ਼ਾਦ ਸੋਚ**
**ਸੁਖਰਾਜ ਸਿੰਘ**
**ਨਵੀਂ ਦਿੱਲੀ, 28 ਅਪ੍ਰੈਲ**

ਡਾਈਰੈਕਟਰ ਜਰਨਲ ਆਫ ਹਾਈਡਰੋਕਾਰਬਨ ਅਤੇ ਔਇਲ ਇੰਡੀਆ ਲਿਮਟਿਡ ਜੋ ਸੈਂਟਰ ਦੇ ਪੈਟਰੋਲੀਅਮ ਵਿਭਾਗ ਦੇ ਅਧੀਨ ਕੰਮ ਕਰਦੇ ਹਨ, ਉਸਦੇ ਵਜੀਰ ਬਰਿੰਦਰ ਕੁਮਾਰ ਗੋਇਲ ਨੇ ਕਿਹਾ ਹੈ ਕਿ ਪੰਜਾਬ ਦੀ ਧਰਤੀ ਹੇਠ ਤੇਲ ਦੀ ਵੱਡੀ ਸੰਭਾਵਨਾ ਹੈ ਜਿਸ ਨੂੰ ਆਉਣ ਵਾਲੇ ਸਮੇ ਵਿਚ ਕੱਢਿਆ ਜਾਵੇਗਾ । ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਸੈਂਟਰ ਦੇ ਜਾਬਰ ਹੁਕਮਰਾਨਾਂ ਨੂੰ ਇਹ ਸਪੱਸਟ ਕਰਦਾ ਹੈ ਕਿ ਜੇਕਰ ਪੰਜਾਬ ਦੀ ਧਰਤੀ ਦੇ ਮੋਗਾ, ਮੁਕਤਸਰ, ਜਲੰਧਰ, ਕਪੂਰਥਲਾ, ਫਰੀਦਕੋਟ, ਬਠਿੰਡਾ ਦੇ ਜਿ੍ਲਿਆ ਦੀ ਜਮੀਨ ਹੇਠ ਵੱਡੀ ਮਾਤਰਾ ਵਿਚ ਤੇਲ ਹੈ, ਉਸ ਉਤੇ ਪੰਜਾਬ ਸੂਬੇ ਦਾ ਅਧਿਕਾਰ ਹੋਵੇਗਾ ਨਾ ਕਿ ਸੈਂਟਰ ਦਾ । ਇਸਦੀ ਆਮਦਨ ਦੀ ਮਾਲਕ ਜਿਥੇ ਪੰਜਾਬ ਸਰਕਾਰ ਹੋਵੇਗੀ, ਉਥੇ ਜਿਸ ਜਿੰਮੀਦਾਰ ਜਾਂ ਮਲਕੀਅਤ ਜਮੀਨ ਦੇ ਮਾਲਕ ਦੀ ਜਮੀਨ ਵਿਚੋ ਇਹ ਤੇਲ ਨਿਕਲੇਗਾ, ਉਸਦਾ ਵੀ ਬਰਾਬਰ ਦਾ ਹਿੱਸਾ ਹੋਵੇਗਾ ਅਤੇ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਤੇ ਪੰਜਾਬੀ ਪਾਣੀਆ ਦੀ ਲੁੱਟ ਦੀ ਤਰ੍ਹਾਂ ਇਸ ਤੇਲ ਦੀ ਲੁੱਟ ਕਦਾਚਿਤ ਨਹੀ ਹੋਣ ਦੇਣਗੇ । ਇਹ ਵਿਚਾਰ ਸ. ਸਿਮਰਨਜੀਤ ਸਿੰਘ ਮਾਨ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ (ਅੰਮ੍ਰਿਤਸਰ) ਨੇ ਸੈਂਟਰ ਦੇ ਪੈਟਰੋਲੀਅਮ ਵਿਭਾਗ ਵੱਲੋ ਪੰਜਾਬ ਦੇ ਉਪਰੋਕਤ ਜਿ੍ਲਿਆ ਦੀ ਜਮੀਨ ਹੇਠ ਤੇਲ ਹੋਣ ਅਤੇ ਆਉਣ ਵਾਲੇ ਸਮੇ ਵਿਚ ਇਸ ਨੂੰ ਕੱਢਣ ਦੇ ਪ੍ਰੋਗਰਾਮ ਉਤੇ ਪੰਜਾਬ ਸੂਬੇ, ਪੰਜਾਬੀਆਂ ਅਤੇ ਮਲਕੀਅਤ ਜਮੀਨਾਂ ਦੇ ਮਾਲਕਾਂ ਦੇ ਕਾਨੂੰਨੀ ਹੱਕ ਹੋਣ ਦੀ ਗੱਲ ਕਰਦੇ ਹੋਏ ਅਤੇ ਸੈਂਟਰ ਵੱਲੋ ਪਾਣੀਆ ਦੀ ਲੁੱਟ ਦੀ ਤਰ੍ਹਾਂ ਇਸ ਤੇਲ ਦੀ ਲੁੱਟ ਹੋਣ ਤੋ ਖਬਰਦਾਰ ਕਰਦੇ ਹੋਏ ਪ੍ਰਗਟ ਕੀਤੇ । ਉਨ੍ਹਾਂ ਕਿਹਾ ਕਿ ਜਿਵੇ ਸੈਂਟਰ ਨੇ ਪੰਜਾਬ ਦੇ ਪਾਣੀਆ ਨੂੰ ਰੀਪੇਰੀਅਨ ਕਾਨੂੰਨ ਦਾ ਉਲੰਘਣ ਕਰਕੇ ਲੁੱਟਿਆ ਹੈ, ਉਸ ਤਰ੍ਹਾਂ ਅਸੀ ਇਹ ਆਪਣੇ ਜਮੀਨਾਂ ਹੇਠ ਤੇਲ ਦੀ ਲੁੱਟ ਕਦਾਚਿਤ ਨਹੀ ਹੋਣ ਦੇਵਾਂਗੇ । ਇਸ ਲਈ ਇਹ ਤੇਲ ਕੱਢਣ ਦੇ ਅਮਲ ਉਸ ਸਮੇ ਤੱਕ ਮਨਸੂਖ ਕੀਤੇ ਜਾਣੇ ਚਾਹੀਦੇ ਹਨ ਜਦੋ ਪੰਜਾਬੀਆਂ ਤੇ ਸਿੱਖਾਂ ਦੀ ਸੋਚ ਅਨੁਸਾਰ ਖਾਲਿਸਤਾਨ ਸਟੇਟ ਕਾਇਮ ਨਹੀ ਹੋ ਜਾਂਦਾ । ਉਨ੍ਹਾਂ ਕਿਹਾ ਕਿ ਇਹ ਤੇਲ ਨਿਕਲਣ ਨਾਲ ਟਰਾਸਪੋਰਟ ਦੇ ਕਿੱਤੇ ਵਿਚ ਵਾਧਾ ਹੋਵੇਗਾ, ਜਿਸ ਨਾਲ ਬੇਰੁਜਗਾਰੀ ਨੂੰ ਵੱਡੀ ਮਾਤਰਾ ਵਿਚ ਹੱਲ ਕਰਨ ਲਈ ਸਹਿਯੋਗ ਮਿਲੇਗਾ ਅਤੇ ਪੰਜਾਬ ਸੂਬੇ ਦੇ ਜਿੰਮੀਦਾਰਾਂ, ਫੈਕਟਰੀ ਮਾਲਕਾਂ ਅਤੇ ਆਮ ਲੋਕਾਂ ਨੂੰ ਬਹੁਤ ਘੱਟ ਰੇਟ ਤੇ ਇਹ ਤੇਲ ਉਪਲੱਬਧ ਹੋਵੇਗਾ । ਜਿਸ ਨਾਲ ਪੰਜਾਬ ਸੂਬੇ ਦੀ ਮਾਲੀ ਹਾਲਤ ਮਜਬੂਤ ਹੋਵੇਗੀ।



# ਸਾਬਣ ਦੇ ਗੋਦਾਮ 'ਚ ਵਾਪਰਿਆ ਦਰਦਨਾਕ ਹਾਦਸਾ ; ਟਰੱਕ ਨੇ ਮਹਿਲਾ ਕਾਮੇ ਨੂੰ ਕੁਚਲਿਆ , ਮੌਤ





## ਚਾਰ ਬੱਚਿਆਂ ਦੇ ਸਿਰੋਂ ਉੱਠਿਆ ਮਾਂ ਦਾ ਸਾਇਆ

**ਆਜ਼ਾਦ ਸੋਚ**
**ਅਵਤਾਰ ਸੈਣੀ**
**ਜ਼ੀਰਕਪੁਰ , 28 ਅਪ੍ਰੈਲ**

ਜੀਰਕਪੁਰ ਦੇ ਪਟਿਆਲਾ ਰੋਡ ਤੋਂ ਪਿੰਡ ਦਿਆਲਪੁਰਾ ਨੂੰ ਜਾਂਦੀ ਸੜਕ ਤੇ ਬਣੇ ਸਾਬਣ ਦੇ ਦੋਰਾਮ ਵਿਚੋਂ ਇੱਕ ਬੇਹੱਦ ਮੰਦਭਾਗੀ ਅਤੇ ਦਰਦਨਾਕ ਘਟਨਾ ਸਾਹਮਣੇ ਆਈ ਹੈ, ਜਿੱਥੇ ਸਮਾਨ ਲੋਡ ਕਰਨ ਆਏ ਇੱਕ ਟਰੱਕ ਨੇ ਮਹਿਲਾ ਕਾਮੇ ਨੂੰ ਬੁਰੀ ਤਰ੍ਹਾਂ ਕੁਚਲ ਦਿੱਤਾ। ਇਸ ਹਾਦਸੇ ਵਿੱਚ ਮਹਿਲਾ ਦੀ ਮੌਕੇ 'ਤੇ ਹੀ ਮੌਤ ਹੋ ਗਈ। ਮ੍ਰਿਤਕਾ ਦੀ ਪਛਾਣ ਨੂਰ ਜਹਾਂ ਪਤਨੀ ਗੁਲਜ਼ਾਰ ਮੁਹੰਮਦ ਵਾਸੀ ਪਿੰਡ ਦਿਆਲਪੁਰਾ ਵਜੋਂ ਹੋਈ ਹੈ । ਜੋ ਕੀ ਅਪਣੇ ਪਿੱਛੇ ਚਾਰ ਬੱਚਿਆਂ ਨੂੰ ਛੱਡ ਗਈ ਹੈ, ਇਸ ਘਟਨਾ ਤੋਂ ਬਾਅਦ ਪੂਰੇ ਇਲਾਕੇ ਵਿੱਚ ਸੋਗ ਦੀ ਲਹਿਰ ਫੈਲ ਗਈ ਹੈ ਅਤੇ ਫੈਕਟਰੀ ਪ੍ਰਬੰਧਨ ਖ਼ਿਲਾਫ਼ ਭਾਰੀ ਰੋਸ ਪਾਇਆ ਜਾ ਰਿਹਾ ਹੈ। ਇਹ ਸਾਰੀ ਘਟਨਾ ਦੀ ਸੀਸੀਟੀਵੀ ਫੁਟੇਜ ਵੀ ਸਾਹਮਣੇ ਆਈ ਹੈ, ਜਿਸ ਵਿੱਚ ਸਾਫ਼ ਦੇਖਿਆ ਜਾ ਸਕਦਾ ਹੈ ਕਿ ਮਹਿਲਾ ਆਪਣੀ ਡਿਊਟੀ ਦੌਰਾਨ ਫੈਕਟਰੀ ਪਰਿਸਰ ਵਿੱਚ ਜਾ ਰਹੀ ਸੀ, ਜਦੋਂ ਪਿੱਛੋਂ ਆ ਰਹੇ ਇੱਕ ਲਾਪਰਵਾਹ ਟਰੱਕ ਚਾਲਕ ਨੇ ਉਸ ਨੂੰ ਆਪਣੀ ਲਪੇਟ ਵਿੱਚ ਲੈ ਲਿਆ। ਜਿਸਤੋਂ ਬਾਅਦ ਟਰੱਕ ਦਾ ਟਾਇਰ ਮਹਿਲਾ ਦੇ ਉੱਪਰੋਂ ਲੰਘ ਗਿਆ, ਜਿਸ ਕਾਰਨ ਉਸ ਦੀ ਮੌਕੇ 'ਤੇ ਹੀ ਦਰਦਨਾਕ ਮੌਤ ਹੋ ਗਈ।

ਹਾਦਸੇ ਤੋਂ ਬਾਅਦ ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਅਤੇ ਸਥਾਨਕ ਲੋਕਾਂ ਨੇ ਫੈਕਟਰੀ ਦੇ ਬਾਹਰ ਇਕੱਠੇ ਹੋ ਕੇ ਜ਼ੋਰਦਾਰ ਪ੍ਰਦਰਸ਼ਨ ਕੀਤਾ। ਪ੍ਰਦਰਸ਼ਨਕਾਰੀਆਂ ਨੇ ਇਲਜ਼ਾਮ ਲਗਾਇਆ ਕਿ ਫੈਕਟਰੀ ਦੇ ਅੰਦਰ ਸੁਰੱਖਿਆ ਨਿਯਮਾਂ ਦੀਆਂ ਸ਼ਰੇਆਮ ਧੱਜੀਆਂ ਉਡਾਈਆਂ ਜਾ ਰਹੀਆਂ ਹਨ। ਉਨ੍ਹਾਂ ਦਾ ਕਹਿਣਾ ਹੈ ਕਿ ਫੈਕਟਰੀ ਦੇ ਅੰਦਰ ਭਾਰੀ ਵਾਹਨਾਂ ਦੀ ਆਵਾਜਾਈ ਲਈ ਕੋਈ ਪੁਖ਼ਤਾ ਪ੍ਰਬੰਧ ਨਹੀਂ ਹਨ, ਜਿਸ ਕਾਰਨ ਇਹ ਹਾਦਸਾ ਵਾਪਰਿਆ। ਮ੍ਰਿਤਕਾ ਦੇ ਪਤੀ ਅਤੇ ਰਿਸ਼ਤੇਦਾਰਾਂ ਨੇ ਇਨਸਾਫ਼ ਦੀ ਮੰਗ ਕਰਦਿਆਂ ਫੈਕਟਰੀ ਮਾਲਕਾਂ ਅਤੇ ਟਰੱਕ ਚਾਲਕ ਖ਼ਿਲਾਫ਼ ਸਖ਼ਤ ਕਾਰਵਾਈ ਦੀ ਮੰਗ ਕੀਤੀ ਹੈ। ਸੂਚਨਾ ਮਿਲਦੇ ਹੀ ਪੁਲਿਸ ਟੀਮ ਨੇ ਮੌਕੇ 'ਤੇ ਪਹੁੰਚ ਕੇ ਸਥਿਤੀ ਦਾ ਜਾਇਜ਼ਾ ਲਿਆ। ਪੁਲਿਸ ਅਧਿਕਾਰੀਆਂ ਨੇ ਦੱਸਿਆ ਕਿ ਲਾਸ਼ ਨੂੰ ਕਬਜ਼ੇ ਵਿੱਚ ਲੈ ਕੇ ਪੋਸਟਮਾਰਟਮ ਲਈ ਭੇਜ ਦਿੱਤਾ ਗਿਆ ਹੈ ਅਤੇ ਟਰੱਕ ਨੂੰ ਜ਼ਬਤ ਕਰ ਲਿਆ ਗਿਆ ਹੈ। ਪੁਲਿਸ ਨੇ ਸੀਸੀਟੀਵੀ ਫੁਟੇਜ ਦੇ ਆਧਾਰ 'ਤੇ ਮਾਮਲਾ ਦਰਜ ਕਰਕੇ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਪੁਲਿਸ ਅਧਿਕਾਰੀਆਂ ਨੇ ਭਰੋਸਾ ਦਿੱਤਾ ਹੈ ਕਿ ਦੋਸ਼ੀਆਂ ਖ਼ਿਲਾਫ਼ ਬਣਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਇਸ ਘਟਨਾ ਨੇ ਇੱਕ ਵਾਰ ਫਿਰ ਉਦਯੋਗਿਕ ਇਕਾਈਆਂ ਵਿੱਚ ਕੰਮ ਕਰਨ ਵਾਲੇ ਮਜ਼ਦੂਰਾਂ ਦੀ ਸੁਰੱਖਿਆ 'ਤੇ ਵੱਡੇ ਸਵਾਲ ਖੜ੍ਹੇ ਕਰ ਦਿੱਤੇ ਹਨ। ਇੱਕ ਗਰੀਬ ਪਰਿਵਾਰ ਦੀ ਮਦਦਗਾਰ ਅਤੇ ਚਾਰ ਬੱਚਿਆਂ ਦੀ ਮਾਂ ਦੇ ਅਚਾਨਕ ਚਲੇ ਜਾਣ ਨਾਲ ਪਰਿਵਾਰ ਪੂਰੀ ਤਰ੍ਹਾਂ ਟੁੱਟ ਚੁੱਕਾ ਹੈ ਅਤੇ ਇਨਸਾਫ ਦੀ ਗਾਹਰ ਲਗਾ ਰਿਹਾ ਹੈ।